# ਸੋਧ

ਮਈ 1981 (ਜਿਲਦ 10 ਨੰਬਰ 5)

**May 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਚਾਹਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

5

# ਸੇਧ

"ਉਹ ਆਪਣੀ ਕਬਰ ਆਪ
ਪੁਟਦੇ ਹਨ ਜੋ ਸਿਰਫ਼ ਅੱਧਾ
ਇਨਕਲਾਬ ਕਰਦੇ ਹਨ ।"
—ਸੇਂਟ ਜਸਟ

SEDH
May, 1981
Vol. 10, No. 5
Price : Rs.2.00

*CAMPA COLA*

**THE**
**ONLY**
**ONE!**

A Punjab Beverages Products

**BOTTLERS OF CAMPA PRODUCTS**

180, Industrial Area
CHANDIGARH

32513-17



- ⊙ ਗ਼ਜ਼ਲ (3) — ਜਗਤਾਰ
- ⊙ ਸਿੱਖੀ ਵਿਚ ਸਟੇਟ ਦਾ ਮਸਲਾ (5) — ਕਿਸ਼ਨ ਸਿੰਘ
- ⊙ ਭਗਤ ਸਿੰਘ ਦਾ ਪ੍ਰਸੰਗ (17) — ਹਿੰਮਤ ਸਿੰਘ ਸੋਢੀ
- ⊙ ਕਹਾਣੀ : ਮੋਤੀਆਂ ਜਿਹੇ ਪਲ (23) — ਬਲਦੇਵ ਸਿੰਘ
- ⊙ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਨਾਇਕ—3 (29) — ਪ੍ਰੋ: ਤੇਜਵੰਤ ਮਾਨ
- ⊙ ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁਪ ਤੇ ਹਨੇਰਾ (38) — ਬਚਨਜੀਤ ਵੇਰਕਾ
- ⊙ ''ਕੱਲਰ ਦੇ ਕੰਵਲ''—ਇਕ ਆਲੋਚਨਾਤਮਕ ਅਧਿਐਨ (39) — ਦਰਸ਼ਨ ਸਿੰਘ ਗਿੱਲ
- ⊙ ਲੇਖਕ / ਪਾਠਕ ਕਹਿੰਦੇ ਹਨ( 44) — ਹਿੰਮਤ ਸਿੰਘ ਸੋਢੀ (44), ''ਇਕ ਬੁੜ੍ਹੀ ਦਾ ਪੁੱਤ'' (46), ਪੰਨੂੰ (49), ਗੁਰਚਰਨ ਫਰੀਦਕੋਟ (51), ਤੇਜਵੰਤ ਮਾਨ (54), ਇਕ ਪਾਠਕ (56), ਕੁਲਵੰਤ ਗੁਮਾਣਾ (57), ਦਯਾ ਸਿੰਘ (60)
- ⊙ ਦੋ ਚਿੱਠੀਆਂ (61) — ਤੁਮ੍ਹਾਰਾ ਸਾਥੀ, ਸੁਖਦੇਵ ਸਿੰਘ 'ਪਟਵਾਰੀ'
- ⊙ ਫੈਸਲਾ ਤੁਹਾਡੇ ਹੱਥ ! (64) — ਪੰਨੂੰ



Edited, Printed & Published by Gurvel Singh Pannu, A/42, Defence Colony, New Delhi-110024. Ph. No. 626300

Printed at 'BHULLAR PRINTERS' 44, Street 2, Shankar Nagar Ext., Delhi-

## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਲੋਂ ਪ੍ਰਕਾਸ਼ਿਤ ਕੁਝ ਮਹੱਤਵਪੂਰਨ ਪੁਸਤਕਾਂ

| | | | |
|---|---|---|---|
| 1. | ਅੰਮ੍ਰਿਤਸਰ ਸਿਫਤੀ ਦਾ ਘਰ | ਜੀਤ ਸਿੰਘ ਸੀਤਲ | 15-00 |
| 2. | ਗੁਰੂ ਗਰੰਥ ਸੰਕੇਤ ਕੋਸ਼ | ਪਿਆਰਾ ਸਿੰਘ ਪਦਮ | 20-50 |
| 3. | ਧਰਮ ਦੀ ਉਤਪਤੀ ਅਤੇ ਵਿਕਾਸ | ਐਫ਼ ਮੈਕਸਮੂਲਰ ਅਨੁ: ਤਾਰਨ ਸਿੰਘ | 18-00 |
| 4. | ਨਿਰੁਕਤਿ ਸ੍ਰੀ ਗੁਰੂ ਗਰੰਥ ਸਾਹਿਬ (ਜਿਲਦ ਪਹਿਲੀ, ੳ-ਅ) | ਡਾ. ਬਲਬੀਰ ਸਿੰਘ | 30-00 |
| 5. | ਖਾਲਸੇ ਦੀ ਉਤਪਤੀ (ਜਿਲਦ ਪਹਿਲੀ) | ਆਈ. ਬੀ. ਬੈਨਰਜੀ | 8-25 |
| 6. | ਸਿੱਖ ਮਤ ਦਾ ਪਰਿਵਰਤਨ | ਗੋਕਲ ਚੰਦ ਨਾਰੰਗ | 12-75 |
| 7. | ਸੰਖਿਪਤ ਗੁਰ ਪਰਤਾਪ ਸੂਰਜ ਗਰੰਥ | ਭਾਈ ਸੰਤੋਖ ਸਿੰਘ | 6-20 |
| 8. | ਗੁਰੂ ਗਰੰਥ ਰਤਨਾਵਲੀ | ਤਾਰਨ ਸਿੰਘ | 50-00 |
| 9. | ਜਨਮ ਸਾਖੀ ਪਰੰਪਰਾ | ਕ੍ਰਿਪਾਲ ਸਿੰਘ | 12.75 |
| 10. | ਭਗਤ ਨਾਮਦੇਵ ਤਥਾ ਹੋਰ ਭਗਤ ਜੀਵਨ ਤੇ ਰਚਨਾ | ਭਾਈ ਜੋਧ ਸਿੰਘ | 6-75 |
| 11. | ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ | ਸੰਪਾ: ਤਾਰਨ ਸਿੰਘ | 20-00 |
| 12. | ਭਗਤ ਕਬੀਰ ਜੀ ਜੀਵਨੀ ਤੇ ਸਿਖਿਆ | ਜੋਧ ਸਿੰਘ | 6-80 |
| 13. | ਗੁਰੂ ਤੇਗ ਬਹਾਦਰ ਯਾਤਰਾ-ਅਸਥਾਨ ਪਰੰਪਰਾਵਾਂ ਤੇ ਯਾਦ ਚਿਨ੍ਹ | ਫੌਜਾ ਸਿੰਘ | 45-00 |
| 14. | ਪਰਜਾ ਮੰਡਲ ਅੰਦੋਲਨ-ਸਿਆਸਤ ਫ਼ਰੀਦਕੋਟ | ਗੁਰਨੇਕ ਸਿੰਘ, ਫੌਜਾ ਸਿੰਘ | 13-00 |
| 15. | ਭਾਰਤ ਭੂਮੀ ਅਤੇ ਉਸ ਦੇ ਨਿਵਾਸੀ | ਜੈ ਚੰਦਰ ਵਿਦਿਆਲੰਕਾਰ ਅਨੁ: ਕਾਲਾ ਸਿੰਘ ਬੇਦੀ | 11-50 |
| 16. | ਜਲ੍ਹਿਆਂ ਵਾਲਾ ਬਾਗ਼ | ਵੀ.ਐਸ: ਦੱਤ | 6-75 |
| 17. | Deportation of Lala Lajpat Rai and Sardar Ajit Singh | Ganda Singh | 35-50 |
| 18. | Maharaja Duleep Singh Correspondence | ,, ,, | 55-00 |
| 19. | Maharaja Kharak Singh | Fauja Singh, M.L. Ahluwalia | 48-00 |
| 20. | History of Punjab (Vol. III) | Fauja Singh | 15-50 |

ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

No. SPS/PRO/SEDH/81



### ਗ਼ਜ਼ਲ

ਜਗਤਾਰ

ਲਿਆਏ ਸਾਂ ਘਰਾਂ ਤੋਂ ਦੂਰੀਆਂ ਆਪਣੇ ਪਰਾਂ ਅੰਦਰ।
ਗੁਆ ਕੇ ਉਮਰ ਲੈ ਜਾਵਾਂਗੇ ਕੁਝ ਚੋਗਾ ਘਰਾਂ ਅੰਦਰ।

ਜੇ ਜੰਗਾਂ ਲੱਗੀਆਂ ਤਾਂ ਬੇਕਫ਼ਨ ਸਭ ਰੁਲਣਗੇ ਲਾਸ਼ੇ,
ਕਪਾਹਾਂ ਹਸਦੀਆਂ ਨੇ ਜਿਸ ਜਗ੍ਹਾ ਤੇ ਨੱਗਰਾਂ ਅੰਦਰ।

ਕਿਉਂ ਰਲ ਕੇ ਉਡਣ ਵੇਲੇ ਕੋਈ ਸ਼ੈ ਹੈ ਅਟਕ ਜਾਂਦੀ,
ਕਦੇ ਤੇਰੇ ਪਰਾਂ ਅੰਦਰ ਕਦੇ ਮੇਰੇ ਪਰਾਂ ਅੰਦਰ।

ਇਹ ਕੈਸਾ ਰੌਸ਼ਨੀ ਦਾ ਦੌਰ ਹੈ ਜਾਦੂਗਰੋ ਬੋਲੋ,
ਹਨੇਰਾ ਫੈਲਦਾ ਜਾਵੇ ਦਮਾਗ਼ਾਂ ਤੇ ਘਰਾਂ ਅੰਦਰ।

ਵਿਦਾ ਹੋ ਕੇ ਕੋਈ ਰਾਹਾਂ ਦੀਆਂ ਧੂੜਾਂ 'ਚ ਗੁੰਮ ਹੋਇਆ,
ਕੋਈ ਪੱਥਰ ਦੀ ਮੂਰਤ ਬਣ ਗਿਆ ਆਪਣੇ ਦਰਾਂ ਅੰਦਰ।

ਬੜੇ ਹੀ ਲੋਕ ਨੇ ਭੋਲੇ ਜੋ ਹਰ ਵਾਰੀ ਨੇ ਫਸ ਜਾਂਦੇ,
ਸਿਆਸਤ ਜਾਲ ਲਾ ਬੈਠੀ ਮਸੀਤਾਂ ਮੰਦਰਾਂ ਅੰਦਰ।

ਤੁਸੀਂ ਬੋਲੋ ਨਾ ਬੋਲੋ ਕੁਝ ਕਹੋ ਯਾ ਨਾ ਕਹੋ ਦਿਲ ਦੀ,
ਇਬਾਰਤ ਹੈ ਕਥਾ ਸਾਰੀ ਤੁਹਾਡੇ ਅੱਥਰਾਂ ਅੰਦਰ।

ਗੁਲਾਬਾਂ ਵਿਚ ਨਹੀਂ ਖ਼ੁਸ਼ਬੂ ਨਿਰੇ ਹੀ ਰੰਗ ਨੇ ਅਜਕਲ੍ਹ,
ਵਫ਼ਾ ਦੀ ਮਹਿਕ ਤੂੰ ਜਗਤਾਰ ਭਾਲੇਂ ਪੱਥਰਾਂ ਅੰਦਰ।

**ਆਗਮਾਰਕ** ਲੇਬਲ ਭਾਰਤ ਸਰਕਾਰ ਜਾਰੀ ਕਰਦੀ ਹੈ

ਗਰੰਟੀ ਦੇ ਤੌਰ 'ਤੇ ਕਿ ਪੈਕਜਾਂ ਵਿਚ ਮਾਲ
ਸ਼ੁੱਧ ਅਤੇ ਕੁਆਲਿਟੀ ਵਾਲਾ ਹੈ।

**ਵਿਸ਼ਵਾਸ ਨਾਲ ਖਰੀਦੋ**
**ਆਗਮਾਰਕ 'ਤੇ ਭਰੋਸਾ ਰਖੋ**

ਅਜਿਹੀਆਂ ਵਸਤਾਂ ਜਿਵੇਂ ਘਿਉ, ਮੱਖਣ, ਖਾਣ ਵਾਲੇ ਤੇਲ, ਸ਼ਹਿਦ,
ਦਾਲਾਂ ਅਤੇ ਪਿਸੇ ਮਸਾਲਿਆਂ ਨੂੰ ਤਾਂ ਹੀ ਆਗਮਾਰਕ ਲੇਬਲ ਲਾਉਣ
ਦੀ ਆਗਿਆ ਦਿੱਤੀ ਜਾਂਦੀ ਹੈ ਜਦੋਂ ਉਨ੍ਹਾਂ ਨੂੰ ਪੂਰੇ ਸਾਜ਼-ਸਮਾਨ
ਵਾਲੀਆਂ ਪ੍ਰਯੋਗਸ਼ਾਲਾਵਾਂ ਵਿਚ ਪੂਰੀ ਤਰ੍ਹਾਂ ਅਤੇ ਬਾਰ ਬਾਰ
ਟੈਸਟ ਕੀਤਾ ਜਾਂਦਾ ਹੈ।

**ਹਮੇਸ਼ਾਂ 'ਆਗਮਾਰਕ' ਪਦਾਰਥਾਂ ਦੀ ਭਾਲ ਕਰੋ**
**ਸ਼ੁੱਧਤਾ ਲਈ ਟੈਸਟ ਕੀਤਾ ਹੋਇਆ**
**ਕੁਆਲਿਟੀ ਲਈ ਗਰੇਡ ਲਗਾ ਹੋਇਆ**

ਕਿਰਿਆਨੇ ਦੀਆਂ ਦੁਕਾਨਾਂ ਅਤੇ ਜਨਰਲ ਸਟੋਰਾਂ ਤੋਂ
ਆਮ ਮਿਲਦੀਆਂ ਹਨ।

davp 80/506



"ਗੁਰੂ ਨਾਨਕ ਸਾਹਿਬ ਨੂੰ ਪਤਾ ਸੀ ਕਿ ਜਿਸ
ਰਾਹੇ ਉਹ ਲੋਕਾਂ ਨੂੰ ਪਾ ਰਹੇ ਨੇ, ਉਸ
ਰਾਹੇ ਪਿਆਂ ਨੂੰ ਸਿਰ ਦੇਣਾ ਪੈਣਾ ਏ।"

# ਸਿੱਖੀ ਵਿਚ ਸਟੇਟ ਦਾ ਮਸਲਾ

ਕਿਸ਼ਨ ਸਿੰਘ

ਬੰਦੇ ਦੀ ਆਜ਼ਾਦੀ ਦੇ ਪੈਂਤੜੇ ਤੋਂ ਉਠੀ ਹਰ ਇਨਕਲਾਬੀ ਲਹਿਰ ਵਾਸਤੇ ਸਟੇਟ ਦਾ ਮਸਲਾ ਇਕ ਬੁਨਿਆਦੀ ਮਸਲਾ ਹੁੰਦਾ ਹੈ—ਸਿਧਾਂਤਕ ਪੱਧਰ ਉਤੇ ਵੀ, ਅਮਲੀ ਪੱਧਰ 'ਤੇ ਵੀ ਅਤੇ ਸੰਸਥਾਈ ਪੱਧਰ 'ਤੇ ਵੀ। ਐਸੀ ਲਹਿਰ ਨੇ ਸਮਾਜ ਦੇ ਜਮਾਤੀ ਅੰਗ ਨੂੰ ਖ਼ਤਮ ਕਰਨਾ ਹੁੰਦਾ ਹੈ। ਉਸਦੇ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਲੋਕਾਂ ਨੂੰ ਹਾਕਮ ਜਮਾਤ ਦੇ ਨਜ਼ਰੀਏ ਦੀ, ਕਾਬਜ਼ ਨਿਜ਼ਾਮ ਦੀ ਕਲਚਰ ਦੀ ਫਾਹੀ ਵਿਚੋਂ ਕੱਢੇ। ਇਸ ਦਾ ਇਕ ਹੀ ਤਰੀਕਾ ਹੈ ਕਿ ਉਹ ਵਿਚਾਰਧਾਰਕ ਜਮਾਤੀ ਜਦੋ-ਜਹਿਦ ਰਾਹੀਂ, ਕਲਚਰਲ ਇਨਕਲਾਬ ਰਾਹੀਂ ਹਾਕਮ ਜਮਾਤ ਦੇ ਨਜ਼ਰੀਏ ਅਤੇ ਕਾਬਜ਼ ਨਿਜ਼ਾਮ ਦੀ ਕਲਚਰ ਨੂੰ ਭੰਨੇ ਤੇ ਉਹਨਾਂ ਨੂੰ ਆਪਣੇ ਨਜ਼ਰੀਏ ਅਤੇ ਆਪਣੀ ਕਲਚਰ ਦੇ ਸੱਚੇ ਵਿਚ ਢਾਲੇ। ਇਸ ਕਲਚਰਲ ਇਨਕਲਾਬ ਦੀ ਪੈਦਾ ਕੀਤੀ ਲੋਕਾਂ ਦੀ ਤਾਕਤ ਨਾਲ ਸਟੇਟ 'ਤੇ ਕਬਜ਼ਾ ਕਰੇ। ਕਾਬਜ਼ ਨਿਜ਼ਾਮ ਦੀ ਸਟੇਟ ਤਾਂ ਉਸ ਨੂੰ ਕਦੇ ਸੂਤ ਆ ਨਹੀਂ ਸਕਦੀ। ਇਸ ਵਾਸਤੇ ਉਸ ਦੇ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਕਾਬਜ਼ ਨਿਜ਼ਾਮ ਦੀ ਸਟੇਟ ਦੇ ਤੂਸੜੇ ਉੜਾਵੇ ਅਤੇ ਉਸ ਦੀ ਥਾਂ ਆਪਣੇ ਜਮਾਤੀ ਪੈਂਤੜੇ ਦੀ ਸਟੇਟ ਸਥਾਪਤ ਕਰੇ। ਜਿਸ ਤਰ੍ਹਾਂ ਸਟੇਟ 'ਤੇ ਕਬਜ਼ਾ ਕਰਨ ਵਾਸਤੇ ਲਾਜ਼ਮੀ ਹੈ ਕਿ ਐਸੀ ਲਹਿਰ ਪਹਿਲਾਂ ਕਲਚਰਲ ਇਨਕਲਾਬ ਲਿਆਵੇ, ਲੋਕਾਂ ਦੀ ਤਾਕਤ ਨੂੰ ਆਪਣੇ ਪੈਂਤੜੇ ਤੋਂ ਕਾਬਜ਼ ਸਟੇਟ ਦੇ ਵਿਰੁਧ ਲੜਾਵੇ, ਤੇ ਉਸ 'ਤੇ ਕਬਜ਼ਾ ਕਰੇ, ਏਸੇ ਤਰ੍ਹਾਂ ਹੀ ਸਮਾਜ ਦੀ ਕਾਇਆਂ-ਪਲਟੀ, ਨਿਜ਼ਾਮ ਦੀ ਤਬਦੀਲੀ ਵਾਸਤੇ ਲਾਜ਼ਮੀ ਹੈ ਕਿ ਉਹ ਸਟੇਟ ਨੂੰ ਆਪਣੇ ਕਬਜ਼ੇ ਵਿਚ ਰੱਖੇ ਤੇ ਉਸ ਦੀ ਤਾਕਤ ਨੂੰ ਨਿਜ਼ਾਮ ਦੀ ਤਬਦੀਲੀ ਵਾਸਤੇ ਵਰਤੇ। ਬੰਦੇ ਦੀ, ਸਰਬਤ ਦੀ ਆਜ਼ਾਦੀ ਸਥਾਪਤ ਕਰਨ ਦੇ ਵੇਗ ਵਿਚ ਉਸਾਰ ਦਾ, ਉਸ ਦੇ ਦੋਹਾਂ ਜੁਜ਼ਾਂ—ਕਲਚਰ ਤੇ ਸਟੇਟ—ਦਾ ਰੋਲ ਸਪਸ਼ਟ ਹੈ। ਇਹ ਵੀ ਸਾਫ ਹੈ ਕਿ ਹਾਲਾਤ ਦੇ ਪ੍ਰਸੰਗ ਵਿਚ **ਬੰਦੇ ਦੀ ਆਜ਼ਾਦੀ ਦੀ ਜਦੋ-ਜਹਿਦ ਉਸਾਰ ਵਲੋਂ ਸ਼ੁਰੂ ਹੁੰਦੀ ਹੈ—ਨਜ਼ਰੀਏ ਤੋਂ, ਕਲਚਰ ਤੋਂ।**

ਸਿੱਖ ਲਹਿਰ ਨੇ ਪੈਂਦੀ ਸੱਟੇ ਹੀ ਨਿਜ਼ਾਮ ਦਾ ਕਰੀਟੀਕ ਪੇਸ਼ ਕੀਤਾ। ਕਲਚਰਲ ਇਨਕਲਾਬ

ਵਿੱਢਿਆ । ਉਸ ਦੀ ਸਟੇਟ ਦੇ ਅਸਲੇ ਨੂੰ ਨੰਗਿਆਂ ਹੀ ਨਹੀਂ ਕੀਤਾ, ਉਸ ਨੂੰ ਦੱਘਲ ਵੀ ਕੀਤਾ ।

ਰਾਜੇ ਸੀਂਹ ਮੁਕਦਮ ਕੁਤੇ । ਜਾਇ ਜਗਾਇਨ ਬੈਠੇ ਸੁਤੇ । ਚਾਕਰ ਨਹ ਦਾ ਪਾਇਨ ਘਾਉ ।
ਰਤੁ ਪਿਤੁ ਕੁਤਿਹੋ ਚਟਿ ਜਾਹੁ । ਜਿਥੈ ਜੀਆ ਹੋਸੀ ਸਾਰ । ਨੇਕੀ ਵੱਡੀ ਲਾ ਇਤਬਾਰ ।

ਗੁਰੂ ਨਾਨਕ (1288)

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ । ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ । ਗੁਰੂ ਨਾਨਕ (145)

ਏਥੇ ਕਾਬਜ਼ ਸਟੇਟ ਦੇ ਖਿਲਾਫ਼ ਵਿਰੋਧ ਇਸ ਵਾਸਤੇ ਨਹੀਂ ਕਿ ਉਹ ਮੁਸਲਿਮ ਸਟੇਟ ਹੈ ਤੇ ਗੁਰੂ ਸਾਹਿਬ ਗ਼ੈਰ ਮੁਸਲਿਮ ਹਨ ਜਾਂ ਇਸ ਵਾਸਤੇ ਨਹੀਂ ਕਿ ਸਟੇਟ ਦੇ ਮਾਲਕ ਹੋਏ ਬਾਹਰਲੇ ਹਨ । ਕਾਬਜ਼ ਸਟੇਟ ਦੇ ਖ਼ਿਲਾਫ਼ ਵਿਰੋਧ ਜਮਾਤੀ ਹੈ । ਵਿਰੋਧ ਇਸ ਵਾਸਤੇ ਹੈ ਕਿ ਕਾਬਜ਼ ਸਟੇਟ ਜਮਾਤੀ ਸਮਾਜ ਦੀ ਸਟੇਟ ਹੈ, ਮਾਇਆ ਦੇ ਨਿਜ਼ਾਮ ਦੀ ਸਟੇਟ ਹੈ । ਲੋਟੂ ਜਮਾਤਾਂ ਦੀ ਸਟੇਟ ਹੋਣ ਕਰਕੇ ਉਹ ਖੂੰਖਾਰ ਹੈ, ਲਹੂ-ਪੀਣੀ ਹੈ, ਮਾਣਸ-ਖਾਣੀ ਹੈ । ਅਤੇ ਇਸ ਲਈ ਕਸਾਈ ਹੈ ।

**"ਕਾਬਜ਼ ਨਿਜ਼ਾਮ ਵਿਚ 'ਪਾਰਖੂ' ਬਣਦਾ ਹੀ ਉਹ ਹੈ ਜੋ ਬੰਦੇ ਦੀ ਆਜ਼ਾਦੀ ਦੇ ਸੱਚ ਵਲੋਂ ਬਿਲਕੁਲ ਅੰਨ੍ਹਾ ਹੋਵੇ ।"**

ਸਮਾਜ ਵਿਚ ਸਟੇਟ ਸਭ ਤੋਂ ਜ਼ਿਆਦਾ ਤਾਕਤਵਰ ਸੰਸਥਾ ਹੁੰਦੀ ਹੈ । ਉਸ ਵਿਚ ਕਾਬਜ਼ ਨਿਜ਼ਾਮ ਦਾ ਅਸਲਾ ਸਿਖਰ 'ਤੇ ਹੁੰਦਾ ਹੈ । ਜਮਾਤੀ ਸਮਾਜ ਦੀ ਸਟੇਟ ਕਿਉਂ ਮਾਣਸ-ਖਾਣੀ ਤੇ ਕਸਾਈ ਹੈ ?

ਭੂਪਤ ਹੋਇ ਕੈ ਰਾਜ ਕਮਾਇਆ ਕਰ ਅਨਰਥ ਵਿਹਾਜੀ ਮਾਇਆ । ਗੁਰੂ ਅਰਜਨ (391)

ਇਸ ਵਾਸਤੇ ਕਿ ਸਮਾਜ ਦੇ ਜਮਾਤੀ ਅੰਗ ਨੇ ਜ਼ਿੰਦਗੀ ਦੇ ਵੇਗ ਨੂੰ ਹੀ ਪੁੱਠਾ ਕਰ ਕੇ, ਸਿਰ-ਭਾਰ ਕਰ ਤੋਰਿਆ ਹੈ । ਜ਼ਿੰਦਗੀ ਦਾ ਮਨੋਰਥ ਸੀ—ਬੰਦਾ, ਉਸ ਦੀ ਆਜ਼ਾਦੀ । ਤੇ ਸਮਾਜ ਦੀ ਪੈਦਾਵਾਰ—ਉਸ ਦੀ ਜ਼ਿੰਦਗੀ ਦਾ, ਉਸ ਦੀ ਆਜ਼ਾਦੀ ਦਾ ਵਸੀਲਾ । ਸਮਾਜ ਦੇ ਜਮਾਤੀ ਅੰਗ ਨੇ "ਮਾਇਆ ਦੇ ਵਿਹਾਜਣ ਨੂੰ" ਮਨੋਰਥ ਬਣਾ ਧਰਿਆ ਹੈ ਅਤੇ ਬੰਦੇ ਨੂੰ ਉਸ ਦਾ ਵਸੀਲਾ, ਉਸ ਦਾ ਹੱਥੀਂ ਬੱਧਾ ਗੁਲਾਮ । ਜਮਾਤੀ ਸਮਾਜ ਦੀ ਤੋਰ ਤੇ ਉਸ ਦੀ ਸਟੇਟ ਇਸ ਵਾਸਤੇ ਲੋਕਾਂ ਵਾਸਤੇ ਕਸਾਈ ਹਨ ਕਿ ਉਹਨਾਂ ਦਾ ਮਨੋਰਥ ਹੈ—ਮਾਇਆ ਨੂੰ ਵਿਹਾਜਣਾ । ਜਮਾਤੀ ਸਮਾਜ ਦੀ ਸਟੇਟ ਦੀ ਜਿੰਦ-ਜਾਨ, ਉਸ ਦਾ ਬੁਨਿਆਦੀ ਅਸਲਾ ਕੀ ਹੈ ? ਅਨਰਥ ਕਰਨਾ, ਲੋਕਾਂ 'ਤੇ ਅਨਰਥ ਕਰਨਾ । ਇਸ ਨਿਜ਼ਾਮ ਦੀ ਤੋਰ ਦੀ ਕੀਤੀ ਨੂੰ, ਉਸ ਦੀ ਸਟੇਟ ਦੀ ਕਰਨੀ ਨੂੰ ਅਨਰਥ ਕਰਾਰ ਕੌਣ ਦੇ ਸਕਦਾ ਹੈ ? ਸਪਸ਼ਟ ਹੀ ਉਹ ਜਮਾਤੀ ਪੈਂਤੜਾ ਜਿਸ ਨੇ ਉਹ ਅਨਰਥ ਖ਼ਤਮ ਕਰਨਾ ਹੈ ਤੇ ਬੰਦੇ ਨੂੰ ਮੁੜ ਆਜ਼ਾਦ ਕਰਾਉਣਾ ਹੈ । ਸਮਾਜਕ ਮਨੁਖੀ ਕਦਰਾਂ ਕੀਮਤਾਂ ਦਾ ਇਥੇ ਆਮੋਂ-ਸਾਹਮਣਾ ਟੱਕਰਾ ਸਪੱਸ਼ਟ ਹੈ । ਕਾਬਜ਼ ਦੀ ਜੋ ਜਿੰਦ-ਜਾਨ ਹੈ, ਉਸ ਦੀ ਜੋ ਬੁਨਿਆਦ ਹੈ, ਸਿੱਖ ਲਹਿਰ ਵਾਲਿਆਂ ਵਾਸਤੇ ਉਹ ਅਨਰਥ ਹੈ ।

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ । ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ । ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ । ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ । ਗੁਰੂ ਅੰਗਦ (1288)



ਕਾਬਜ਼ ਨਿਜ਼ਾਮ ਦੀ, ਜਮਾਤੀ ਸਮਾਜ ਦੀ ਸਟੇਟ ਦਾ ਜੋ ਮਾਲਕ ਹੈ, ਉਸ ਸਮਾਜ ਦਾ ਜੋ ਪਾਤਸ਼ਾਹ ਹੈ, ਉਹ ਸਿੱਖ ਲਹਿਰ ਵਾਲਿਆਂ ਵਾਸਤੇ ਕੀ ਹੈ ? ਪਰਲੇ ਦਰਜੇ ਦਾ ਕੰਗਾਲ । ਉਸ ਦੇ ਹੱਥ ਪੱਲੇ ਕੱਖ ਵੀ ਨਹੀਂ । ਸਿੱਖ ਲਹਿਰ ਵਾਲਿਆਂ ਵਾਸਤੇ ਜੋ ਬੁਨਿਆਦੀ ਕਦਰ-ਕੀਮਤ ਹੈ, ਜੋ ਬੰਦੇ ਦੀ ਜ਼ਿੰਦਗੀ ਦੀ ਅਸਲ ਦੌਲਤ ਹੈ, ਜਿਸ ਦੀ ਪਰਾਪਤੀ ਵਿਚ ਬੰਦੇ ਦੀ ਸਫ਼ਲਤਾ ਹੈ—ਗੁਰਬਾਣੀ ਦੀ ਬੋਲੀ ਵਿਚ ਨਾਮ ਤੇ ਸੰਸਾਰਕ ਸੈਕੁਲਰ ਬੋਲੀ ਵਿਚ ਬੰਦੇ ਦੀ, ਸਰਬਤ ਦੀ ਆਜ਼ਾਦੀ ਹੈ, ਉਸਦਾ ਸੱਚ ਹੈ । ਜੋ ਕਾਬਜ਼ ਨਿਜ਼ਾਮ ਦੇ ਤਖ਼ਤ 'ਤੇ ਬੈਠਾ ਹੈ ਉਹ ਅਸਲ ਵਿਚ ਹੈ ਕੀ ? ਪਾਪ ਦਾ ਪੁਤਲਾ, ਅਨਰਥ ਦੀ ਤਾਕਤ । ਉਸ ਨਿਜ਼ਾਮ ਦਾ ਜੋ ਵਿਚਾਰਧਾਰਕ ਹੈ, ਉਹ ਅਸਲ ਵਿਚ ਕੀ ਹੈ ? ਪਰਲੇ ਦਰਜੇ ਦਾ ਮੂਰਖ । ਜੋ ਕਾਬਜ਼ ਨਿਜ਼ਾਮ ਦਾ ਪੰਡਤ ਹੈ ਉਸ ਨੂੰ ਤਾਂ ਬੰਦੇ ਦੀ ਆਜ਼ਾਦੀ ਦੇ ਸੱਚ ਦੀ ਲੋਅ ਹੀ ਨਹੀਂ ਲੱਗੀ ਹੋਈ । ਇਸ ਨਿਜ਼ਾਮ ਵਿਚ ਪਾਰਖੂ ਹੈ ਹੀ ਉਹ, ਬਣ ਹੀ ਉਹ ਸਕਦਾ ਹੈ ਜੋ ਬੰਦੇ ਦੀ ਆਜ਼ਾਦੀ ਦੇ ਸੱਚ ਵਲੋਂ, ਜ਼ਿੰਦਗੀ ਦੀ ਅਸਲੀਅਤ ਵਲੋਂ ਬਿਲਕੁਲ ਅੰਨ੍ਹਾ ਹੋਵੇ । ਜਮਾਤੀ ਸਮਾਜ ਦੀ ਤੋਰ ਤਾਕਤ ਕਿਸ ਨੂੰ ਦੇਂਦੀ ਹੈ ? ਪਦਵੀਆਂ 'ਤੇ ਕੈਸਿਆਂ ਨੂੰ ਪਚਾਉਂਦੀ ਹੈ ?—ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ । ਕਲਜੁਗ ਦਾ, ਜਮਾਤੀ ਸਮਾਜ ਦਾ ਕਾਨੂੰਨ ਇਹ ਹੈ । ਏਸ ਨਿਜ਼ਾਮ ਦੀ ਇਸ ਅਸਲੀਅਤ ਦਾ ਪਤਾ ਕਿਥੋਂ ਲਗਦਾ ਹੈ ? **ਸਤਿਗੁਰ ਦੇ ਸਨਮੁਖ ਹੋਇਆਂ । ਬੰਦੇ ਦੀ ਆਜ਼ਾਦੀ ਦੇ ਪੈਂਤੜੇ 'ਤੇ ਆਇਆਂ । ਉਸ ਵੇਲੇ ਦੀ ਸਿੱਖ ਲਹਿਰ ਵਿਚ ਸ਼ਾਮਲ ਹੋਇਆਂ । ਗੁਰਬਾਣੀ ਦੀ ਕੁਠਾਲੀ ਵਿਚ ਪਿਆਂ ।**

**"ਜ ਗੁਰੂ ਸਾਹਿਬਾਨ ਦਾ ਸਟੇਟ ਤੇ ਸਿਆਸਤ ਨਾਲ ਕੋਈ ਵਾਸਤਾ ਹੀ ਨਹੀਂ ਸੀ ਤਾਂ ਉਹਨਾਂ ਨੂੰ ਕਾਬਜ਼ ਨਿਜ਼ਾਮ ਦੀ ਸਟਟ ਦੀ ਅਸਲੀਅਤ ਨੂੰ ਨੰਗਿਆਂ ਕਰਨ ਦੀ ਲੋੜ ਕਿਉਂ ਪਈ ?"**

ਜਿਸ ਤਰ੍ਹਾਂ ਸਿੱਖ ਲਹਿਰ ਦੀ ਲੀਡਰਸ਼ਿਪ ਨੇ, ਗੁਰੂ ਸਾਹਿਬਾਨ ਨੇ, ਸਮਾਜ ਦੀ ਕਲਚਰ ਵਲੋਂ, ਬੰਦੇ ਦੀ ਬਣਤਰ ਵਲੋਂ, ਉਸ ਦੇ ਮਨ ਦੇ ਮਨੋਰਥਾਂ ਜਜ਼ਬਿਆਂ ਵਲੋਂ, ਕਲਚਰਲ ਇਨਕਲਾਬ ਵਲੋਂ ਗੱਲ ਸ਼ੁਰੂ ਕੀਤੀ, ਏਸੇ ਤਰ੍ਹਾਂ ਹੀ ਉਹਨਾਂ ਦਾ ਅਗਲਾ ਕਦਮ ਸੀ—ਸਟੇਟ 'ਤੇ ਕਬਜ਼ਾ ਤੇ ਉਸਦੀ ਕਾਇਆਂ-ਪਲਟੀ । ਜਮਾਤੀ ਸਮਾਜ ਦੀ ਤੋਰ ਤੁਰਦੀ ਹੈ ਮਾਇਆ ਦੇ ਮੋਹ ਦੇ ਆਧਾਰ 'ਤੇ, ਹਉਮੈ ਦੇ ਆਧਾਰ 'ਤੇ । ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਤੋਰੀ । ਇਹ ਹੈ ਜਮਾਤੀ ਸਮਾਜ ਦੀ ਸਿਰਜੀ ਬੰਦੇ ਦੀ ਬਣਤਰ ਦਾ ਮੂਲ, ਉਸ ਸਮਾਜ ਦੀ ਕਲਚਰ ਦਾ ਅਸਲਾ । ਸਿੱਖ ਲਹਿਰ ਦੀ ਲੀਡਰਸ਼ਿਪ ਨੇ ਇਸ ਦੇ ਖਿਲਾਫ਼ ਸਿਰਧੜ ਦੀ ਲਾਈ । ਕਲਚਰਲ ਇਨਕਲਾਬ ਨਾਲ ਇਸ ਬਣਤਰ ਦੇ ਵਿਰੋਧੀ ਬਣਤਰ ਵਾਲਾ ਬੰਦਾ ਪੈਦਾ ਕੀਤਾ । ਉਸ ਦਾ ਮੂਲ ਸੀ—ਸਰਬਤ ਦਾ ਪਿਆਰ । ਉਹ ਮਨੁਖੀ ਸਰੂਪ ਸੀ—ਸਰਬਤ ਦੀ ਆਜ਼ਾਦੀ ਦਾ । ਤੇ ਉਸ ਦੇ ਹੱਥ ਦਿੱਤੀ ਸਟੇਟ । ਸਟੇਟ ਦੀ ਕਾਇਆਂ-ਪਲਟੀ ਦਾ ਸਿਧਾਂਤਕ ਹਲ ਪੇਸ਼ ਕੀਤਾ ।

—ਪਾਤਿਸ਼ਾਹੀ ਭਗਤ ਜਨਾ ਕਉ ਦਿਤੀਅਨ ਸਿਰਿ ਛਤੁ ਸਚਾ ਹਰਿ ਬਣਾਇ । ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰ ਜੂਨੀ ਪਾਹਿ । ਗੁਰੂ ਅਮਰਦਾਸ (590)

ਸਿੱਖ ਲਹਿਰ ਸਟੇਟ ਭਗਤ ਜਨਾਂ ਨੂੰ ਦੇਂਦੀ ਹੈ । ਉਹ ਮਾਇਆ ਦੇ ਮੋਹ ਵਾਲਿਆਂ ਦੇ ਕੋਲ ਸਟੇਟ ਨੂੰ ਰਹਿਣ ਦੇ ਸਕਦੀ ਹੀ ਨਹੀਂ । ਸਮਾਜ ਦੀ, ਬੰਦੇ ਦੀ, ਸਮਾਜਕ ਮਨੁਖੀ ਜ਼ਿੰਦਗੀ ਦੀ

ਕਾਇਆਂ-ਪਲਟੀ ਵਿਚ, ਬੰਦੇ ਦੀ ਆਜ਼ਾਦੀ ਦੀ ਜਦੋ-ਜਹਿਦ ਵਿਚ ਕਲਚਰ ਦਾਂ, ਸਟੇਟ ਦਾ ਅਹਿਮ ਰੋਲ ਹੈ । ਇਹਨਾਂ ਨੂੰ ਨਜ਼ਰ-ਅੰਦਾਜ਼ ਉਹ ਕਰ ਕਿਵੇਂ ਸਕਦੀ ਹੈ ? ਮਾਇਆ ਦੇ ਮੋਹ 'ਤੇ ਆਧਾਰਤ ਸਮਾਜ ਦੀ ਸਟੇਟ ਜੰਗ ਕਰੇਗੀ । ਦੌਲਤ ਦੇ ਲਾਲਚ ਦਾ ਅਸਲਾ ਹੈ, ਉਹ ਜੰਗ ਕਰਾਏਗਾ । ਬੰਦੇ ਨੂੰ ਬੰਦੇ ਨਾਲ ਲੜਾਏਗਾ । ਬੰਦੇ ਦੀ ਆਜ਼ਾਦੀ ਅਖੰਡ ਹੈ । ਇਸ ਵਾਸਤੇ ਉਹ ਮਨੁਖ ਬਰਾਦਰੀ ਹੈ । ਭਗਤ ਜਨਾਂ ਦੇ ਹੱਥ ਵਿਚ ਆਈ ਸਟੇਟ, ਸਟੇਟ ਹੈ, ਤਾਕਤ ਹੈ । ਤਲਵਾਰ ਦੀ, ਖੰਡੇ ਦੀ ਤਾਕਤ ਹੈ । (organised coercive apparatus) ਪਰ ਇਹ ਤਾਕਤ ਹੈ ਕਿੰਨ੍ਹਾਂ ਦੇ ਖਿਲਾਫ਼ ? ਜੋ ਸਰਬਤ ਦੀ ਆਜ਼ਾਦੀ ਦੀ ਸਥਾਪਤੀ ਦੇ ਵਿਰੁਧ ਹਨ, ਜੋ ਉਸ ਦੇ ਰਾਹ ਵਿਚ ਰੋੜਾ ਹਨ । ਜਿਸ ਮਨੁਖੀ ਬਣਤਰ ਨੂੰ ਗੁਰਬਾਣੀ ਸਟੇਟ ਦੇਂਦੀ ਹੈ ਉਸ ਦੀ ਬਾਬਤ ਉਹ ਸ਼ਕ ਨਹੀਂ ਛਡਦੀ । ਕਲਚਰ ਵਿਚ, ਮਨੁਖੀ ਬਣਤਰ ਵਿਚ, ਸਟੇਟ ਦੀ ਮਲਕੀਅਤ ਵਿਚ ਰਲਾ ਪਿਆ ਨਹੀਂ ਤੇ ਗਲ ਗਈ ਨੂੰ ਰਾਹ ਮਿਲਿਆ ਨਹੀਂ ।

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ । ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ । ਪਿਤ੍ਰਨ ਇਠ ਧਨ, ਰੂਪ ਹੀਣ ਕਿਛੁ ਸਾਕੁ ਨ ਸਿੰਨਾ । ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨ ਭਿੰਨਾ । ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ । **ਗੁਰੂ ਅਰਜਨ** (707)

ਗੁਰਬਾਣੀ 'ਸਗਲੀ ਸ੍ਰਿਸ਼ਟ' ਦਾ ਰਾਜਾ ਕਿਸ ਨੂੰ ਬਣਾਉਂਦੀ ਹੈ ? ਜਿਸ ਕੋਲ ਜਮਾਤੀ ਸਮਾਜ ਵਾਲੀਆਂ ਪਰਾਪਤੀਆਂ ਦਾ ਕਿਣਕਾ ਵੀ ਨਹੀਂ, ਜੋ ਉਸ ਦੀਆਂ ਕਦਰਾਂ-ਕੀਮਤਾਂ ਵਲੋਂ ਬਿਲਕੁਲ ਸੁਰਖਰੂ ਹੈ । ਜੋ ਹੈ ਕੀ ? 'ਹਰਿ ਨਾਮਿ ਮਨੁ ਭਿੰਨਾ ।' ਜੋ ਨਾਮ ਦਾ ਮਨੁਖੀ ਸਰੂਪ ਹੈ, ਜੋ ਬੰਦੇ ਦੀ ਆਜ਼ਾਦੀ ਵਾਸਤੇ ਜੀਉਂਦਾ ਹੈ, ਉਸ ਦੇ ਵਾਸਤੇ ਹੀ ਘਾਲਣਾ ਘਾਲਦਾ ਹੈ ਅਤੇ ਉਸ ਦੇ ਵਾਸਤੇ ਹੀ ਲਗੇਗਾ, ਜਿਸਦੀ ਆਜ਼ਾਦੀ ਦੇ ਦਾਇਰੇ ਤੋਂ ਬਾਹਰ ਹੋਂਦ ਹੈ ਹੀ ਨਹੀਂ । ਹੋਂਦ ਮੁਮਕਿਨ ਹੀ ਨਹੀਂ ।

ਸਿੱਖ ਲਹਿਰ ਨੇ ਗੁਰਬਾਣੀ ਵਿਚ ਹੋਰ ਮਸਲਿਆਂ ਦੇ ਹਲ ਦੇ ਨਾਲ ਸਟੇਟ ਦੇ ਮਸਲੇ ਦਾ ਵੀ ਸਿਧਾਂਤਕ ਹਲ ਪੇਸ਼ ਕੀਤਾ । ਅਤੇ ਆਪਣੇ ਅਮਲ ਵਿਚ, ਹਾਲਾਤ ਦੇ ਅਨੁਸਾਰ, ਲਹਿਰ ਦੀ ਸਟੇਜ ਦੇ ਅਨੁਸਾਰ, ਉਸ ਸਿਧਾਂਤ ਦੀ ਅਮਲ ਵਿਚ ਤਰਜਮਾਨੀ ਕੀਤੀ । ਸਿੱਖ ਲਹਿਰ ਦੇ ਕਈ ਇਤਿਹਾਸਕਾਰਾਂ ਨੇ ਇਹ ਗ਼ਲਤ ਰੌਂਸ ਪਾ ਲਈ ਹੈ ਕਿ ਗੁਰੂ ਸਾਹਿਬਾਨ ਦਾ ਸਿਆਸਤ ਨਾਲ ਕੋਈ ਵਾਸਤਾ ਹੀ ਨਹੀਂ ਸੀ । ਇਹ ਗਲ ਬਿਲਕੁਲ ਗ਼ਲਤ ਹੈ । ਇਹ ਗੁਰੂ ਸਾਹਿਬਾਨ ਤੇ ਸਿੱਖ ਲਹਿਰ ਦੀ ਕੀਤੀ ਨਾਲ ਪਰਲੇ ਦਰਜੇ ਦਾ ਧਰੋਹ ਹੈ । ਇੰਜ ਕਰਨਾ ਸਪਸ਼ਟ ਤੱਥਾਂ ਵਲੋਂ ਅੱਖਾਂ ਮੀਟਣਾ ਹੈ, ਗੁਰਬਾਣੀ ਬਾਬਤ ਆਪਣੀ ਬੇਸਮਝੀ ਨੰਗੀ ਕਰਨਾ ਹੈ । ਜੇ ਗੁਰੂ ਸਾਹਿਬਾਨ ਦਾ ਸਟੇਟ ਤੇ ਸਿਆਸਤ ਨਾਲ ਕੋਈ ਵਾਸਤਾ ਹੀ ਨਹੀਂ ਸੀ ਤਾਂ ਉਹਨਾਂ ਨੂੰ ਕਾਬਜ਼ ਨਿਜ਼ਾਮ ਦੀ ਸਟੇਟ ਦੀ ਅਸਲੀਅਤ ਨੂੰ ਨੰਗਿਆਂ ਕਰਨ ਦੀ ਲੋੜ ਕਿਉਂ ਪਈ ? ਜੇ ਉਹਨਾਂ ਨੇ, ਉਹਨਾਂ ਦੀ ਚਲਾਈ ਲਹਿਰ ਨੇ ਸਟੇਟ ਤੇ ਸਿਆਸਤ ਬਾਬਤ ਕਰਨਾ ਕਰਾਉਣਾ ਹੀ ਕੁਛ ਨਹੀਂ ਸੀ, ਜੇ ਉਹਨਾਂ ਵਾਸਤੇ ਸਿਆਸਤ ਦਾ ਖੇਤਰ ਹੀ ਵਰਜਿਤ ਵਾੜੀ ਸੀ, ਤਾਂ ਉਹਨਾਂ ਦੇ 'ਪਾਤਿਸਾਹੀ ਭਗਤ ਜਨਾ ਕਉ ਦਿਤੀਅਨ' ਕਹਿਣ ਦਾ ਕੀ ਅਰਥ ਸੀ ? ਗੁਰਬਾਣੀ ਸਿਰ ਮੰਗਦੀ ਹੈ । "ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ" (ਗੁਰੂ ਅਮਰਦਾਸ, 649) ਕਾਹਦੇ ਵਾਸਤੇ ? ਅੰਦਰ ਵੜ ਕੇ ਛੈਣੇ ਵਜਾਉਣ ਵਾਸਤੇ ? ਜੇ ਸਮਾਜਕ ਮਨੁਖੀ ਅਮਲ ਨੂੰ ਹੀ ਐਸੀ ਲਗਾਮ ਪਾ ਕੇ ਰਖਣੀ ਹੈ ਕਿ ਉਹ ਕਾਬਜ਼ ਸਟੇਟ ਦੇ ਕਾਨੂੰਨ ਨਾਲ ਕਿਤੇ ਟਕਰਾਵੇ ਹੀ ਨਾ, ਜੇ ਸਿਆਸਤ ਵੱਲੇ ਮੂੰਹ ਹੀ ਨਹੀਂ



ਕਰਨਾ ਤਾਂ ਸਿਰ ਨੇ ਲਗਣਾ ਕਿਥੇ ਹੈ ? ਜੇ ਸਿਰ ਨੇ ਲਗਣਾ ਹੀ ਕਿਤੇ ਨਹੀਂ ਤਾਂ ਸਿਰ ਲੈਣ ਦਾ ਚਉਣਾ ਚੁਕਣਾ ਹੀ ਕਿਉਂ ? ਪਰ ਸਿੱਖ ਲਹਿਰ ਨੇ ਤਾਂ ਪੈਂਦੀ ਸੱਟੇ ਹੀ ਸਿਰ ਮੰਗਿਆ । ਗੁਰੂ ਨਾਨਕ ਸਾਹਿਬ ਨੇ ਤਾਂ ਆਪਣੇ ਰੱਬ ਦੇ ਰਾਹ 'ਤੇ ਤੁਰਨ ਦੀ ਕੀਮਤ ਪਹਿਲਾਂ ਹੀ ਦਸ ਦਿੱਤੀ । ਰੱਬ ਦੇ ਰਾਹ 'ਤੇ ਤਰਨ ਵਾਸਤੇ ਪੈਰ ਤਾਂ ਪੁਟੀਂ ਜੇ ਸਿਰ ਦੇਣਾ ਈ ਤਾਂ । ਤੇ ਸਿਰ ਦੇਣ ਦਾ ਅਹਿਸਾਨ ਵੀ ਕਿਸੇ 'ਤੇ ਨਹੀਂ ।

> **"ਗੁਰਬਾਣੀ ਮਨਮੁਖ ਦੀ ਤਰਜ਼ੇ-ਜ਼ਿੰਦਗੀ ਨੂੰ ਨੰਗਿਆਂ ਕਰਦੀ ਹੈ ਅਤੇ ਸਮਾਜ ਨੂੰ ਗੁਰਮੁਖ ਦੀ ਤਰਜ਼ੇ-ਜ਼ਿੰਦਗੀ ਦੇ ਰਾਹੇ ਪਾਉਂਦੀ ਹੈ ।"**

ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰ ਧਰੀਜੈ । ਸਿਰੁ ਦੀਜੈ ਕਾਣਿ ਨ ਕੀਜੈ । **ਗੁਰੂ ਨਾਨਕ** (1412)

ਗੁਰੂ ਨਾਨਕ ਸਾਹਿਬ ਨੂੰ ਪਤਾ ਸੀ ਕਿ ਜਿਸ ਰਾਹੇ ਉਹ ਲੋਕਾਂ ਨੂੰ ਪਾ ਰਹੇ ਨੇ ਉਸ ਰਾਹੇ ਪਿਆਂ ਨੂੰ ਸਿਰ ਦੇਣਾ ਪੈਣਾ ਏਂ । ਇਸ ਵਾਸਤੇ ਹੀ ਉਹਨਾਂ ਨੇ ਸਿਰ ਮੰਗਿਆ । ਸਿੱਖ ਲਹਿਰ ਦੇ ਅਖੌਤੀ ਇਤਿਹਾਸਕਾਰਾਂ ਨੂੰ ਆਪਣੀ ਕਹੀ ਦੇ ਅਰਥਾਂ ਦਾ ਸ਼ਾਇਦ ਅਹਿਸਾਸ ਨਹੀਂ । ਜੇ ਇਹਨਾਂ ਅਖੌਤੀ ਇਤਿਹਾਸਕਾਰਾਂ ਦੀ ਲਈ ਪੁਜ਼ੀਸ਼ਨ ਸਹੀ ਮੰਨ ਲਈ ਜਾਵੇ, ਤਾਂ ਗੱਲ ਬਣਦੀ ਕੀ ਹੈ ? ਗੱਲ ਭਿਆਨਕ ਬਣਦੀ ਹੈ । ਇਹ ਤਾਂ ਗੁਰਬਾਣੀ ਦਾ ਹਰ ਵਿਦਿਆਰਥੀ ਜਾਣਦਾ ਹੈ ਕਿ ਉਸ ਦੇ ਅਨੁਸਾਰ ਰੱਬ ਦੀ ਦਰਗਾਹ ਵਿਚ ਫੈਸਲਾ ਹੁੰਦਾ ਹੈ ਬੰਦੇ ਦੇ ਇਸ ਦੁਨੀਆਂ ਵਿਚ, ਸਮਾਜ ਵਿਚ ਕੀਤੇ ਅਮਲਾਂ 'ਤੇ । ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ । ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ । ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰ । **ਫਰੀਦ**

ਜੇ ਇਹਨਾਂ ਇਤਿਹਾਸਕਾਰਾਂ ਦੀ ਕਹੀ ਸਹੀ ਮੰਨ ਲਈ ਜਾਵੇ ਕਿ ਗੁਰੂ ਸਾਹਿਬਾਨ ਦਾ ਸਟੇਟ ਨਾਲ, ਸਿਆਸਤ ਨਾਲ ਕੋਈ ਵਾਸਤਾ ਹੀ ਨਹੀਂ ਸੀ ਤਾਂ ਉਸ ਦਾ ਮਤਲਬ ਇਹ ਹੈ ਕਿ ਉਹਨਾਂ ਦੇ ਰੱਬ ਦੇ ਰਾਹੇ ਪਿਆ ਬੰਦਾ, ਉਹਨਾਂ ਦਾ ਸਿਰਜਿਆ ਸਿੱਖ ਕੋਈ ਐਸਾ ਅਮਲ ਨਹੀਂ ਕਰ ਸਕਦਾ ਜੋ ਕਾਬਜ਼ ਨਿਜ਼ਾਮ ਦੀਆਂ ਕਦਰਾਂ-ਕੀਮਤਾਂ ਦੇ ਵਿਰੁਧ ਜਾਂਦਾ ਹੋਵੇ, ਜੋ ਉਸਦੀ ਸਟੇਟ ਦੇ ਕਾਨੂੰਨ ਨਾਲ ਟੱਕਰਾਵੇ । ਜੇ ਸਿੱਖ ਕੋਈ ਐਸਾ ਅਮਲ ਕਰ ਬਹੇ ਜੋ ਕਾਬਜ਼ ਸਟੇਟ ਦੇ ਕਾਨੂੰਨ ਨਾਲ ਟੱਕਰਾਂਦਾ ਹੈ ਤਾਂ ਗੁਰੂ ਸਾਹਿਬਾਨ ਉਸ ਦੀ ਹਾਮੀ ਨਹੀਂ ਭਰ ਸਕਦੇ । ਇਸ ਹਾਲਤ ਵਿਚ ਗੁਰੂ ਸਾਹਿਬਾਨ ਦੀ ਸਿੱਖੀ ਬਣੀ ਕੀ ? **ਕਾਬਜ਼ ਨਿਜ਼ਾਮ ਦੀਆਂ ਕਦਰਾਂ-ਕੀਮਤਾਂ ਦਾ, ਉਸ ਦੇ ਸਟੇਟ ਦੇ ਕਾਨੂੰਨ ਦਾ ਪ੍ਰਚਾਰ-ਮਹਿਕਮਾਂ, ਕਾਜ਼ੀ ਤੇ ਪੰਡਤ ਵਾਂਗ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦਾ ਵਿਚਾਰਧਾਰਕ ਅਡੰਬਰ ।** ਜੇ ਗੁਰੂ ਸਾਹਿਬਾਨ ਦੀ ਸਿੱਖੀ ਦਾ ਮੂਲ ਵੀ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦਾ ਵਿਚਾਰਧਾਰਕ ਅਡੰਬਰ ਹੀ ਹੈ ਤਾਂ ਕਾਜ਼ੀਆਂ, ਬਾਹਮਣਾਂ, ਪੰਡਤਾਂ ਨੂੰ ਵਡਾਰਨ ਦਾ ਕੀ ਅਰਥ ?

ਉਸ ਨਿਜ਼ਾਮ ਦੀ ਤੋਰ ਅਨਰਥ ਕਰਦੀ ਸੀ (ਜਿਵੇਂ ਕਿ ਅਜ ਦੇ ਨਿਜ਼ਾਮ ਦੀ ਤੋਰ ਕਰਦੀ ਹੈ) ਲੋਕਾਂ ਦਾ ਲਹੂ ਪੀਂਦੀ ਸੀ । ਉਸ ਲਹੂ-ਪੀਣੇ ਨਿਜ਼ਾਮ ਤੇ ਉਸਦੀ ਸਟੇਟ ਨੂੰ ਖ਼ਤਮ ਕੀਤਿਆਂ ਬਗ਼ੈਰ ਲੋਕਾਂ ਦੀ ਰੱਤ ਨਿਚੜਨੋਂ ਹਟ ਨਹੀਂ ਸੀ ਸਕਦੀ । ਜੇ ਸਿਆਸਤ ਦੇ ਰਾਹੇ ਹੀ ਨਹੀਂ ਜਾਣਾ, ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਨੂੰ ਵੰਗਾਰਨਾ ਹੀ ਨਹੀਂ ਤਾਂ 'ਅੰਧੀ ਰਯਤਿ ਗਿਆਨ ਵਿਹੂਣੀ

ਭਾਹਿ ਭਰੇ ਮੁਰਦਾਰੁ' ਦੇ ਕੀਰਨੇ ਕਾਹਦੇ ਲਈ ਪਾਉਣੇ ? ਸਿਆਸਤ ਦੇ ਰਾਹੇ ਨਾ ਜਾਣ ਦਾ ਅਰਥ ਕੀ ਹੈ ? ਅਰਥ ਇਹ ਹੈ ਕਿ ਗੁਰੂ ਸਾਹਿਬਾਨ ਦੀ ਸਿੱਖੀ ਨੂੰ ਕਾਬਜ਼ ਨਿਜ਼ਾਮ ਦੀਆਂ ਕਦਰਾਂ-ਕੀਮਤਾਂ ਤੇ ਉਹਨਾਂ ਅਨੁਸਾਰ ਹੋ ਰਿਹਾ ਸਮਾਜਕ ਮਨੁਖੀ ਅਮਲ, ਤੇ ਉਸ ਅਮਲ ਰਾਹੀਂ ਹੋ ਰਹੀ ਲੋਕਾਂ ਦੀ ਦੁਰਦਸ਼ਾ ਪ੍ਰਵਾਨ ਹੈ, ਸੁਖਾਂਦੀ ਹੈ। ਇਹ ਹੈ ਇਹਨਾਂ ਇਤਿਹਾਸਕਾਰਾਂ ਦੀ ਗੁਰਬਾਣੀ ਦੀ ਸ਼ਨਾਸ ਤੇ ਸਿੱਖ ਲਹਿਰ ਦੀ ਸਮਝ !! ਇਹਨਾਂ ਅਖੌਤੀ ਇਤਿਹਾਸਕਾਰਾਂ ਗੁਰਬਾਣੀ ਤੇ ਸਿੱਖ ਲਹਿਰ

> **''ਨਾਮ ਇਕ ਪੂਰੀ ਤਰਜ਼ੇ-ਜ਼ਿੰਦਗੀ ਹੈ। ਸਿਆਸਤ ਜਾਂ ਸਟੇਟ ਦਾ, ਜ਼ਿਦਗੀ ਦਾ ਕੋਈ ਅੰਗ ਪੱਖ ਵੀ ਉਸ ਤੋਂ ਬਾਹਰ ਨਹੀਂ।''**

'ਤੇ ਉਪੱਦਰ ਕਰਨ ਲੱਗਿਆਂ ਇਹ ਵੀ ਨਹੀਂ ਸੋਚਿਆ ਕਿ ਸਾਰੀ ਗੁਰਬਾਣੀ ਭਰੀ ਕਿਸ ਗਲ ਨਾਲ ਪਈ ਹੈ ? ਮਨਮੁਖ ਤੇ ਉਸ ਦੀ ਤਰਜ਼ੇ-ਜ਼ਿੰਦਗੀ ਦੀ ਅਸਲੀਅਤ ਨੂੰ ਨੰਗਿਆਂ ਕਰਨਾ, ਉਸ ਨੂੰ ਖ਼ਤਮ ਕਰਨਾ ਤੇ ਸਮਾਜ ਨੂੰ ਗੁਰਮੁਖ ਦੀ ਤਰਜ਼ੇ-ਜ਼ਿੰਦਗੀ ਦੇ ਰਾਹੇ ਪਾਉਣਾ। ਮਨਮੁਖ ਹੈ ਕੀ ? ਜਮਾਤੀ ਸਮਾਜ ਦਾ, ਉਸ ਦੀ ਤੋਰ ਦਾ ਸਿਰਜਿਆ ਬੰਦਾ। ਮਨਮੁਖ ਦਾ ਅਮਲ, ਉਸ ਦੀ ਤਰਜ਼ੇ-ਜ਼ਿੰਦਗੀ ਕੀ ਹੈ ? ਜਮਾਤੀ ਸਮਾਜ ਦੇ ਸਿਰਜੇ ਬੰਦੇ ਦਾ ਅਮਲ, ਉਸ ਦੀ ਤਰਜ਼ੇ-ਜ਼ਿੰਦਗੀ। **ਜਿੰਨਾਂ ਚਿਰ ਸਮਾਜ ਵਿਚੋਂ ਜਮਾਤੀ ਅੰਗ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਬਦੇ ਦੀ ਮਨਮੁਖੀ ਬਣਤਰ ਬਣਨੋਂ ਹਟ ਸਕਦੀ ਹੈ ?** ਜੇ ਬੰਦੇ ਦੀ ਬਣਤਰ ਮਨਮੁਖੀ ਹੈ, ਉਸ ਦਾ ਅਮਲ ਅਵੱਸ਼ ਮਨਮੁਖੀ ਰਹੇਗਾ। ਉਸ ਦੀ ਤਰਜ਼ੇ-ਜ਼ਿੰਦਗੀ ਨੂੰ ਖ਼ਤਮ ਕਰਨ ਵਾਲਾ ਕੌਣ ਜੰਮਿਆ ਹੈ ? ਅਤੇ ਮਨਮੁਖ, ਉਸ ਦੇ ਅਮਲ, ਉਸ ਦੀ ਤਰਜ਼ੇ-ਜ਼ਿੰਦਗੀ ਨੂੰ ਖ਼ਤਮ ਕਰਨ ਵਾਲਾ ਕੌਣ ਜੰਮਿਆ ਹੈ ? ਪ੍ਰੰਤੂ ਮਨਮੁਖ, ਉਸ ਦਾ ਅਮਲ, ਉਸਦੀ ਤਰਜ਼ੇ-ਜ਼ਿੰਦਗੀ ਗੁਰਬਾਣੀ ਦੇ ਰੱਬ ਨੂੰ ਬਿਲਕੁਲ ਪ੍ਰਵਾਨ ਨਹੀਂ। ਉਸ ਦੇ ਰੱਬ ਦੀਆਂ ਅੱਖਾਂ ਵਿਚ ਮਨਮੁਖੀ, ਹਉਮੈ ਵਾਲੀ, ਮਾਇਆ ਦੇ ਮੋਹ ਵਾਲੀ ਬਣਤਰ ਪਾਪ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਜੋ ਮਨਮੁਖ ਦੇ ਮਨ ਦੇ ਮਨੋਰਥ ਹਨ, ਜੋ ਉਸ ਨੂੰ, ਉਸ ਦੇ ਅਮਲ ਨੂੰ ਚਲਾਉਂਦੇ ਹਨ ਉਹ ਮਾਰੂ ਗੁਨਾਹ ਹਨ। ਬੰਦੇ ਦੀ ਮਨਮੁਖੀ ਬਣਤਰ ਖ਼ਤਮ ਤਾਂ ਹੀ ਹੁੰਦੀ ਹੈ ਜੇ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਜਮਾਤੀ ਸਮਾਜ ਦੇ ਵਿਰੁਧ ਇਨਕਲਾਬੀ ਰਾਹੇ ਪਿਆ ਜਾਵੇ।

ਗੁਰਬਾਣੀ ਦਾ ਮੂਲ ਮੁੱਦਾ ਹੀ ਗੁਰਮੁਖ ਦੀ ਸਿਰਜਣਾ ਹੈ। ਕੀ ਗੁਰਮੁਖ ਦੀ ਸਿਰਜਣਾ ਅੱਖਾਂ ਮੀਟਿਆਂ ਹੀ ਹੋ ਜਾਂਦੀ ਹੈ ? ਬੰਦੇ ਦੀ ਆਜ਼ਾਦੀ ਵਾਲੇ ਸਮਾਜਕ ਮਨੁਖੀ ਅਮਲ ਕੀਤਿਆਂ ਬਗ਼ੈਰ ਹੀ ਹੋ ਜਾਂਦੀ ਹੈ ? ਫਰਜ਼ ਕਰੋ ਕਾਬਜ਼ ਨਿਜ਼ਾਮ ਦੀ ਕਲਚਰ ਦੇ ਵਿਰੁਧ ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਾਲ, ਕਲਚਰਲ ਇਨਕਲਾਬ ਨਾਲ ਬੰਦੇ ਨੂੰ ਗੁਰਮੁਖ ਦੀ ਬਣਤਰ ਵਾਲੇ ਰਾਹੇ ਪਾ ਲਿਆ, ਤਾਂ ਕੀ ਗੁਰਮੁਖ ਵਾਲੇ ਮਨ ਦੇ ਮਨੋਰਥਾਂ ਦਾ ਤੋਰਿਆ ਬੰਦਾ ਜਮਾਤੀ ਸਮਾਜ ਦੀ ਤੋਰ ਨਾਲ ਟਕਰਾਉਣੋਂ ਰਹਿ ਸਕਦਾ ਹੈ ? ਕੀ ਗੁਰਮੁਖ ਜਮਾਤੀ ਸਮਾਜ ਨਾਲ ਰਸ ਕੇ ਰਹਿ ਸਕਦਾ ਹੈ ? ਕੀ ਉਸ ਦੀ ਬਣਤਰ ਦਾ ਅਸਲਾ ਹੀ, ਉਸ ਦੀ ਜ਼ਿੰਦਗੀ ਦਾ ਮੂਲ ਮਨੋਰਥ ਹੀ ਜਮਾਤੀ ਸਮਾਜ ਤੇ ਉਸ ਦੇ ਕੀਤੇ ਜਾ ਰਹੇ ਅਨਰਥ ਦੀ ਜੜ੍ਹ ਮੇਖ ਉਖੇੜਨਾ ਨਹੀਂ ? ਕਾਬਜ਼ ਨਿਜ਼ਾਮ ਦੀ ਬਣਤਰ ਦੇ ਵਿਰੋਧੀ ਬਣਤਰ ਵਾਲਾ ਬੰਦਾ ਪੈਦਾ ਕਰ ਦਿਉ ਉਹ ਉਸ ਨਿਜ਼ਾਮ ਦੀ ਸਟੇਟ ਨਾਲ ਟੱਕਰਾਏਗਾ ਕਿਸ ਤਰ੍ਹਾਂ ਨਹੀਂ ? ਉਹ ਉਸ ਦੇ ਵਿਰੁਧ ਸਿਆਸਤ ਵਿਚ ਆਏਗਾ ਕਿਸ ਤਰ੍ਹਾਂ ਨਹੀਂ ? ਇਹਨਾਂ



ਅਖੌਤੀ ਇਤਿਹਾਸਕਾਰਾਂ ਨੇ ਗੁਰੂ ਸਾਹਿਬਾਨ ਦੇ ਧਰਮ ਦੇ ਅਸਲੇ ਨੂੰ ਸਮਝਿਆ ਹੀ ਨਹੀਂ। ਗੁਰੂ ਸਾਹਿਬਾਨ ਦੇ, ਗੁਰਬਾਣੀ ਦੇ ਮੁਤਾਬਕ ਧਰਮ ਸਮਾਜਕ ਜ਼ਿੰਦਗੀ ਦਾ ਛੋਟਾ ਜਿਹਾ ਹਿੱਸਾ ਨਹੀਂ। ਨਾਮ ਇਕ ਪੂਰੀ ਤਰਜ਼ੇ-ਜ਼ਿੰਦਗੀ ਹੈ। ਸਿਆਸਤ ਜਾਂ ਸਟੇਟ ਕੀ, ਜ਼ਿੰਦਗੀ ਦਾ ਕੋਈ ਅੰਗ ਪੱਖ ਵੀ ਉਸ ਤੋਂ ਬਾਹਰ ਨਹੀਂ। ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਵੀ ਪੂਰੀ ਤਰਜ਼ੇ-ਜ਼ਿੰਦਗੀ ਹੈ ਅਤੇ ਉਸ ਦੇ ਵਿਰੋਧੀ ਨਾਮ ਵਾਲੀ ਵੀ। ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਉਹ ਹੈ ਜਿਸ ਵਿਚ ਸਰਦਾਰੀ ਮਾਇਆ ਦੀ, ਪੈਸੇ ਦੀ ਹੈ ਅਤੇ ਬੰਦਾ ਗੁਲਾਮ ਹੈ। ਨਾਮ ਵਾਲੀ ਤਰਜ਼ੇ-ਜ਼ਿੰਦਗੀ ਸਰਬਤ ਦੀ ਆਜ਼ਾਦੀ ਦਾ ਰਾਹ ਹੈ। ਗੁਰਬਾਣੀ ਦਾ, ਗੁਰੂ ਸਾਹਿਬਾਨ ਦਾ ਮਨੋਰਥ ਹੀ ਮਾਇਆ ਦੇ ਬੰਧਨ ਨੂੰ ਬੰਦੇ ਦੇ ਉਦਾਲਿਉਂ ਤੋੜਨਾ ਸੀ, ਸਮਾਜ ਵਿਚੋਂ ਪੈਸੇ ਦੀ ਸਰਦਾਰੀ ਨੂੰ ਖ਼ਤਮ ਕਰਨਾ ਸੀ, ਸਮਾਜਕ ਮਨੁਖੀ ਜ਼ਿੰਦਗੀ ਨੂੰ ਨਵਿਉਂ ਸਿਰਿਉਂ ਸਿਰਜਣਾ ਸੀ। ਜੇ ਸਿਆਸਤ ਦੇ ਰਾਹੇ ਨਾ ਪਉ, ਕਾਬਜ਼ ਸਟੇਟ ਨੂੰ ਛੇੜੋ ਨਾ, ਤਾਂ ਸਮਾਜਕ ਮਨੁਖੀ ਜ਼ਿੰਦਗੀ ਨੇ ਨਵੇਂ ਸਿਰਿਉਂ ਸਿਰਜੀ ਕਿਸ ਤਰ੍ਹਾਂ ਜਾਣਾ ਹੈ ? ਸਮਾਜ ਵਿਚੋਂ ਪੈਸੇ ਦੀ ਸਰਦਾਰੀ ਖ਼ਤਮ ਕਿਸ ਤਰ੍ਹਾਂ ਹੋਣੀ ਹੈ ?

> **''ਸਟੇਟ ਉਸ ਵਿਚਾਰਧਾਰਾ ਅਤੇ ਉਸ ਲਹਿਰ ਦੇ ਹੀ ਸਿਰ ਹੁੰਦੀ ਹੈ, ਜਿਸ ਤੋਂ ਉਸ ਨੂੰ ਖਤਰੇ ਦੀ ਸੰਭਾਵਨਾ ਹੋਵੇ।''**

ਸਾਡੇ ਅਖੌਤੀ ਇਤਿਹਾਸਕਾਰਾਂ ਨੇ, ਜਾਪਦਾ ਹੈ, ਬਾਬਰਵਾਣੀ ਵਾਲੇ ਸ਼ਬਦਾਂ ਵਲ ਧਿਆਨ ਨਹੀਂ ਦਿੱਤਾ। ਬਾਬਰ ਹਮਲਾ ਕਰਦਾ ਹੈ। ਖ਼ੂਨ ਦੀ ਹੋਲੀ ਖੇਡੀ ਜਾਂਦੀ ਹੈ। ਉਹ ਤਾਂ ਪਾਪ ਦੀ ਜੰਞ ਲੈ ਕੇ ਆਇਆ ਹੀ ਹੈ। ਪਰ ਗੁਰੂ ਨਾਨਕ ਸਾਹਿਬ ਦਾ ਤੋੜਾ ਝੜਦਾ ਕਿਥੇ ਹੈ ? ''ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।'' ਗੁਰੂ ਨਾਨਕ (417) ਸਥਿਤੀ ਸਿਆਸਤ ਦੀ ਸਿਖਰ ਅਖਤਿਆਰ ਕਰ ਚੁਕੀ ਹੈ, ਫੌਜੀ ਹੈ। ਮੁਲਕ 'ਤੇ, ਸਟੇਟ 'ਤੇ ਹਮਲਾ ਹੋਇਆ ਹੈ। ਗੁਰੂ ਸਾਹਿਬ ਦੇ ਮੁਤਾਬਕ ਹੋਈ ਬਾਬ ਦਾ ਹੱਲ ਸੀ : ਜੇ ਲੋਕੀਂ ਉਹਨਾਂ ਦੇ ਰੱਬ ਦੇ ਰਾਹ ਪਏ ਹੁੰਦੇ ਤਾਂ ਜੋ ਉਹਨਾਂ ਦੀ ਬਾਬ ਹੋਈ ਹੈ ਉਹ ਨਹੀਂ ਸੀ ਹੋਣੀ। ਮਤਲਬ ਹੈ ਜੇ ਲੋਕਾਂ ਨੇ ਨਾਮ ਗ੍ਰਹਿਣ ਕੀਤਾ ਹੁੰਦਾ ਤਾਂ ਉਹਨਾਂ ਨੇ ਕਾਬਜ਼ ਨਿਜ਼ਾਮ ਦੀਆਂ, ਮਾਇਆ ਦੇ ਨਿਜ਼ਾਮ ਦੀਆਂ ਧੱਜੀਆਂ ਉਡਾਈਆਂ ਹੋਣੀਆਂ ਸਨ। ਉਸ ਦੇ ਵਿਰੁਧ ਇਨਕਲਾਬ ਲਿਆਂਦਾ ਹੋਣਾ ਸੀ। ਲਿਆਂਦੇ ਇਨਕਲਾਬ ਦੀ ਹਾਲਤ ਵਿਚ ਬਾਬਰ ਜਾਂ ਕਿਸੇ ਹੋਰ ਦੀ ਕੀ ਪਾਇਆਂ ਸੀ ਮੁਲਕ ਵਲ ਮੂੰਹ ਵੀ ਕਰ ਜਾਂਦਾ। ਜੇ ਲੋਕੀਂ ਆਜ਼ਾਦੀ ਦੇ ਪੈਂਤੜੇ 'ਤੇ ਆਏ ਹੁੰਦੇ, ਉਹਨਾਂ ਇਨਕਲਾਬ ਲਿਆਂਦਾ ਹੁੰਦਾ, ਤਾਂ ਸਟੇਟ ਉਹਨਾਂ ਦੀ ਆਪਣੀ ਹੁੰਦੀ। ਅਵਲ ਤਾਂ ਬਾਹਰੋਂ ਹਮਲਾ ਕਰਨ ਦਾ ਕਿਸੇ ਹੌਂਸਲਾ ਹੀ ਨਹੀਂ ਸੀ ਕਰਨਾ। ਫਰਜ਼ ਕਰੋ ਬਾਹਰੋਂ ਹਮਲਾ ਹੁੰਦਾ ਤਾਂ ਸਾਰਾ ਮੁਲੱਖਈਆ ਹਥਿਆਰਬੰਦ ਹੁੰਦਾ। ਜਿਨੀ ਫ਼ੌਜ ਲੈ ਕੇ ਬਾਬਰ ਆਇਆ ਸੀ, ਓਨੀ ਕੀ, ਉਸ ਤੋਂ ਕਈ ਗੁਣਾਂ ਜ਼ਿਆਦਾ ਹਮਲਾ ਕਰਦੀ ਫ਼ੌਜ ਦੀ ਵੀ, ਆਜ਼ਾਦੀ ਦੀ ਸਾਨ 'ਤੇ ਚੜ੍ਹਿਆ, ਹਥਿਆਰਬੰਦ ਹੋਇਆ ਮੁਲੱਖਈਆ, ਬੋਟੀ ਬੋਟੀ ਕਰ ਦੇਂਦਾ। ਨਿਹੱਥਿਆਂ ਦਾ ਕਤਲੇਆਮ ਨਾ ਹੁੰਦਾ। ਸਿਆਸੀ ਤੇ ਸਟੇਟ ਦੇ ਮਸਲੇ ਦਾ ਜੋ ਸਿਧਾਂਤਕ ਹਲ ਗੁਰਬਾਣੀ ਵਿਚ ਪੇਸ਼ ਹੈ, ਉਸ ਨੂੰ ਗੁਰੂ ਨਾਨਕ ਸਾਹਿਬ ਸਮਾਜ ਦੀ ਅਮਲੀ ਸਥਿਤੀ ਉਤੇ ਲਾਗੂ ਕਰਦੇ ਹਨ। ਉਸ ਸਿਧਾਂਤਕ ਹੱਲ ਨੂੰ ਅਮਲੀ ਜਾਮਾ ਪਹਿਨਾਉਣ ਦਾ ਮੁਢ ਗੁਰੂ ਨਾਨਕ ਸਾਹਿਬ ਆਪ ਬੰਨ੍ਹਦੇ ਹਨ। ਮਾਣਸ-ਖਾਣੀ ਸਿਆਸਤ ਤੇ ਸਟੇਟ ਨੂੰ ਖ਼ਤਮ ਕਰੋ। ਆਜ਼ਾਦੀ ਦੇ ਪੈਂਤੜੇ ਵਾਲਿਆਂ ਦੀ ਸਟੇਟ ਸਥਾਪਤ ਕਰੋ। ਉਹ ਅਜਿੱਤ ਹੋਵੇਗੀ।

ਗੁਰੂ ਨਾਨਕ ਨੇ ਆਪ ਲੀਹ ਪਾਈ। ਲਹਿਰ ਉਸੇ ਲੀਹੇ ਚੱਲੀ। ਦੂਜੇ ਗੁਰੂ ਨੂੰ ਵੀ ਹੁਮਾਯੂੰ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਤੀਜੇ ਗੁਰੂ ਦੇ ਸਮੇਂ ਅਕਬਰ ਪਾਸ ਸ਼ਿਕਾਇਤ ਹੋਈ ਕਿ ਗੁਰੂ ਦਾ ਪਰਚਾਰ ਅਤੇ ਬਾਣੀ ਲੋਕਾਂ ਨੂੰ ਸਾਰੇ ਹੀ ਧਰਮਾਂ ਤੇ ਫਿਰਕਿਆਂ ਦੀਆਂ ਮਨੌਤਾਂ ਤੋਂ ਬਦਜ਼ਨ ਕਰਦੇ ਹਨ। ਇਸ ਦੀ ਜਵਾਬ-ਤਲਬੀ ਵੀ ਹੋਈ, ਜਿਸ ਸੰਬੰਧ ਵਿਚ ਭਾਈ ਗੁਰਦਾਸ ਅਤੇ ਭਾਈ ਜੇਠੇ (ਗੁਰੂ ਰਾਮ ਦਾਸ) ਨੂੰ ਅਕਬਰ ਦੇ ਦਰਬਾਰ ਜਾਣਾ ਪਿਆ। ਕੀ ਇਹ ਨਿਰੋਲ ਧਾਰਮਕ-ਸਮਾਜਕ ਗੱਲਾਂ ਹੀ ਹਨ? ਰਾਜਨੀਤੀ ਦਾ ਕੋਈ ਦਖ਼ਲ ਨਹੀਂ ਹੈ?'' ਹਿੰਮਤ ਸਿੰਘ ਸੋਢੀ, ਸੇਧ, ਅਕਤੂਬਰ 1980, ਸਫ਼ਾ 37। ਸਟੇਟ ਉਸੇ ਵਿਚਾਰਧਾਰਾ ਅਤੇ ਉਸੇ ਵਿਚਾਰਧਾਰਾ 'ਤੇ ਆਧਾਰਤ ਲਹਿਰ ਦੇ ਸਿਰ ਹੁੰਦੀ ਹੈ ਜਿਸ ਤੋਂ ਉਸ ਨੂੰ ਖ਼ਤਰੇ ਦੀ ਸੰਭਾਵਨਾ ਹੋਵੇ। ਸਟੇਟ ਦਾ ਸਿਰ ਨਹੀਂ ਫਿਰਿਆ ਹੁੰਦਾ ਕਿ ਉਹ ਨਿਰੇ ਛੈਣੇ ਵਜਾਉਣ ਵਾਲਿਆਂ ਦੇ ਮਗਰ ਮਗਰ ਲੱਗੀ ਫਿਰੇ ਤੇ ਉਹਨਾਂ ਦੇ ਸੁੰਘਣੇ ਸੁੰਘਦੀ ਫਿਰੇ।

ਸਾਡੇ ਅਖੌਤੀ ਇਤਿਹਾਸਕਾਰਾਂ ਦਾ ਇਕ ਧੜਾ ਇਹ ਲਾਈਨ ਲੈਂਦਾ ਹੈ ਕਿ ਸਿੱਖ ਲਹਿਰ ਪਹਿਲਾਂ ਸਿਰਫ਼ ਮਜ਼ਬੀ, ਧਾਰਮਕ ਆਦਿ ਸੀ ਅਤੇ ਸਿਆਸੀ ਸ਼ਕਲ ਇਸ ਨੇ ਮਗਰੋਂ ਅਖ਼ਤਿਆਰ ਕੀਤੀ। ਇਹ ਧੜਾ ਦੋ ਬੁਨਿਆਦੀ ਗ਼ਲਤੀਆ ਦਾ ਸ਼ਿਕਾਰ ਹੈ। ਇਕ ਜਿਸ ਦਾ ਕਿ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ ਕਿ ਗੁਰੂ ਸਾਹਿਬਾਨ ਤੇ ਗੁਰਬਾਣੀ ਦੇ ਅਨੁਸਾਰ ਮਜ਼ਬ ਬੰਦੇ ਦੀ, ਸਮਾਜ ਦੀ ਜ਼ਿੰਦਗੀ ਦਾ ਇਕ ਹਿੱਸਾ ਨਹੀਂ, ਸਗੋਂ ਪੂਰੀ ਤਰਜ਼ੇ-ਜ਼ਿੰਦਗੀ ਹੈ। ਗੁਰਬਾਣੀ ਦੇ ਰੱਬ ਦੇ ਰਾਹ 'ਤੇ ਤੁਰਨ ਦਾ ਅਰਥ ਹੀ ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਜੜ੍ਹ ਮੇਖ ਉਖੇੜ ਕੇ ਉਸ ਦੀ ਥਾਂ ਨਾਮ ਵਾਲੀ ਤਰਜ਼ੇ-ਜ਼ਿੰਦਗੀ ਰਾਇਜ ਕਰਨਾ ਹੈ। ਇਹਨਾਂ ਦੋਹਾਂ ਤਰਜ਼ੇ-ਜ਼ਿੰਦਗੀਆਂ ਦਾ ਆਪਸ ਵਿਚ ਕੋਈ ਮੇਲ ਮੁਮਕਿਨ ਨਹੀਂ ਹੈ। ਜੇ ਇਕ ਹੈ, ਤਾਂ ਦੂਸਰੀ ਹੋ ਨਹੀਂ ਸਕਦੀ। ਇਸ ਵਾਸਤੇ ਹੀ **ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਗੁਰਬਾਣੀ ਮਾਇਆ ਦੇ ਨਿਜ਼ਾਮ ਦੇ ਵਿਰੁਧ ਇਨਕਲਾਬ ਦਾ ਸੱਚ ਹੈ**; ਇਨਕਲਾਬੀ ਨਜ਼ਰੀਆ ਪ੍ਰਗਟ ਕਰਦੀ ਹੈ। ਇਸ ਵਾਸਤੇ ਹੀ ਉਹ ਮਾਇਆ ਦੇ ਨਿਜ਼ਾਮ ਨੂੰ, ਉਸ ਦੀ ਹਰ ਸੰਸਥਾ ਨੂੰ, ਉਸ ਦੇ ਹਰ ਸਮਾਜਕ ਮਨੁਖੀ ਰਿਸ਼ਤੇ ਨੂੰ, ਉਸ ਦੇ ਸਿਰਜੇ ਬੰਦੇ ਦੀ ਬਣਤਰ ਨੂੰ, ਉਸ ਦੇ ਮਨ ਦੇ ਮਨੋਰਥਾਂ ਨੂੰ, ਉਹਨਾਂ ਮਨੋਰਥਾਂ ਦੇ ਅਧੀਨ ਹੁੰਦੇ ਸਮਾਜਕ ਮਨੁਖੀ ਅਮਲ ਨੂੰ, ਪੈਦਾਵਾਰ ਦੀ ਹੁੰਦੀ ਕਾਣੀ ਵੰਡ ਨੂੰ, ਉਸ ਦੀ ਸਟੇਟ ਨੂੰ, ਉਸ ਦੀ ਕਲਚਰ ਨੂੰ, ਉਸ ਦੀ ਮਾੜੇ ਚੰਗੇ ਦੀ ਤਮੀਜ਼ ਨੂੰ, ਉਸ ਦੀ ਹਰ ਵਿਚਾਰਧਾਰਾ ਨੂੰ—ਉਸ ਦੇ ਸਭ ਕਾਸੇ ਨੂੰ ਧਰ ਕੇ ਲੈਂਦੀ ਹੈ। ਉਸ ਦੇ ਕਿਸੇ ਅੰਗ ਪੱਖ ਦੇ ਲਿਹਾਜ਼ ਦਾ ਕਿਤੇ ਸਵਾਲ ਹੀ ਨਹੀਂ।

ਇਸ ਧੜੇ ਦੇ ਇਤਿਹਾਸਕਾਰਾਂ ਦੀ ਦੂਸਰੀ ਬੁਨਿਆਦੀ ਗ਼ਲਤੀ ਇਹ ਹੈ ਕਿ ਉਹਨਾਂ ਗੁਰਬਾਣੀ ਦੇ ਰੱਬ ਦੀ ਸਮਾਜਕ ਮਨੁਖੀ ਵਸਤੂ ਨਹੀਂ ਸਮਝੀ। ਅਸੀਂ ਮੁੜ ਮੁੜ ਜ਼ਿਕਰ ਕਰ ਚੁਕੇ ਹਾਂ ਕਿ ਰੱਬ, ਪ੍ਰਸੰਗ ਅਨੁਸਾਰ, ਸਮਾਜਕ ਵੇਗ ਦਾ, ਸਟੇਟ ਦਾ ਚਿਤਰ ਹੈ। ਜਦੋਂ ਸਮਾਜ ਦੀ ਚੇਤਨਤਾ ਦਾ ਰੂਪ ਮਜ਼ਬੀ ਹੁੰਦਾ ਹੈ ਤਾਂ ਕਾਬਜ਼ ਜਮਾਤ ਦੇ ਵਿਰੁਧ ਇਨਕਲਾਬੀ ਤੌਰ 'ਤੇ ਉਠਦੀ ਜਮਾਤ ਆਪਣਾ ਜਮਾਤੀ ਹਿੱਤ, ਆਪਣਾ ਨਜ਼ਰੀਆ ਆਪਣੇ ਮਜ਼ਬ ਰਾਹੀਂ ਪੇਸ਼ ਕਰਦੀ ਹੈ। ਉਠਦੀ ਜਮਾਤ ਦਾ ਮਜ਼ਬ ਕਾਬਜ਼ ਜਮਾਤ ਦੇ ਮਜ਼ਬ ਨੂੰ ਵੰਗਾਰਦਾ ਹੈ। ਉਸ ਨੂੰ ਸਦਾਚਾਰਕ ਤੌਰ 'ਤੇ ਭੰਨਦਾ ਹੈ। ਜਦੋਂ ਉਠਦੀ ਜਮਾਤ ਦਾ ਰੱਬ ਕਾਬਜ਼ ਜਮਾਤ ਦੇ ਰੱਬ ਨੂੰ ਵੰਗਾਰਦਾ ਤੇ ਭੰਨਦਾ ਹੈ ਤਾਂ ਉਸ ਦਾ ਮਤਲਬ ਹੁੰਦਾ ਹੈ ਕਿ ਉਠਦੀ ਜਮਾਤ ਆਪਣੀ ਸਟੇਟ ਦੇ ਸੰਕਲਪ ਨਾਲ ਕਾਬਜ਼ ਸਟੇਟ ਨੂੰ ਭੰਨ ਰਹੀ ਹੈ। ਕਾਬਜ਼ ਸਟੇਟ ਦੇ ਸੰਕਲਪ ਦੇ ਨਾਲ ਕਾਬਜ਼ ਸਟੇਟ ਨੂੰ ਭੰਨ ਰਹੀ ਹੈ। ਕਾਬਜ਼ ਸਟੇਟ ਦੇ



ਕੋਲੋਂ ਲੋਕਾਂ ਦੀ ਵਫ਼ਾਦਾਰੀ ਖੋਹ ਰਹੀ ਹੈ। ਲੋਕਾਂ ਦਾ ਮਨ ਉਸ ਨਾਲੋਂ ਦੂਰ ਕਰ ਰਹੀ ਹੈ। ਮੁਲਖੱਈਏ ਦੇ ਮਨਾਂ ਵਿਚ ਉਸ ਵਾਸਤੇ ਨਫ਼ਰਤ ਭਰ ਰਹੀ ਹੈ ਤੇ ਆਪਣੀ ਸਟੇਟ ਦੇ ਸੰਕਲਪ ਵਾਸਤੇ ਉਹਨਾਂ ਦੀ ਵਫ਼ਾਦਾਰੀ ਖੋਹ ਰਹੀ ਹੈ। ਲੋਕਾਂ ਦਾ ਮਨ ਉਸ ਨਾਲੋਂ ਦੂਰ ਕਰ ਰਹੀ ਹੈ। ਮੁਲਖੱਈਏ ਦੇ ਮਨਾਂ ਵਿਚ ਉਸ ਵਾਸਤੇ ਨਫ਼ਰਤ ਭਰ ਰਹੀ ਹੈ ਤੇ ਆਪਣੀ ਸਟੇਟ ਦੇ ਸੰਕਲਪ ਵਾਸਤੇ ਉਹਨਾਂ ਦੀ ਵਫ਼ਾਦਾਰੀ ਤੇ ਪਿਆਰ ਜਿੱਤ ਰਹੀ ਹੈ। ਇਕ ਰੱਬ ਦੀ ਦੂਸਰੇ ਰੱਬ ਨਾਲ ਲੜਾਈ ਸਿਧਾਂਤਕ ਪੱਧਰ 'ਤੇ ਇਕ ਸਟੇਟ ਦੀ ਦੂਸਰੀ ਸਟੇਟ ਨਾਲ ਲੜਾਈ ਹੁੰਦੀ ਹੈ। ਜਦੋਂ ਸਮਾਜ ਦੀ ਚੇਤਨਤਾ ਦਾ ਰੂਪ ਮਜ਼ਬੀ ਸੀ ਉਸ ਵਕਤ ਤਖ਼ਤ 'ਤੇ ਬੈਠਾ ਹਰ ਬਾਦਸ਼ਾਹ ਇਹ ਕਹਿੰਦਾ ਸੀ ਕਿ ਉਹ ਰੱਬ ਦਾ ਸਥਾਪਤ ਕੀਤਾ ਹੋਇਆ ਹੈ। ਧਰਤੀ ਉਤੇ ਰੱਬ ਦਾ ਪ੍ਰਤੀਨਿਧ ਹੈ ਅਤੇ ਉਸ ਦਾ ਹੁਕਮ ਰੱਬ ਦਾ ਆਪਣਾ ਹੁਕਮ ਹੈ ਅਤੇ ਉਸਦਾ ਕਾਨੂੰਨ ਰੱਬ ਦਾ ਆਪਣਾ ਕਾਨੂੰਨ। ਗੁਰਬਾਣੀ ਇਸ ਨੁਕਤੇ ਬਾਬਤ ਕੋਈ ਸ਼ੱਕ ਨਹੀਂ ਛਡਦੀ ਕਿ ਸਭ ਸ੍ਰਿਸ਼ਟੀ ਰੱਬ ਦੇ ਹੁਕਮ ਵਿਚ ਹੈ। ਉਸ ਦੇ ਹੁਕਮ ਤੋਂ ਕੁਛ ਵੀ ਬਾਹਰ ਨਹੀਂ। ਪਾਤਸ਼ਾਹਾਂ ਦਾ ਪਾਤਸ਼ਾਹ, ਸੱਚਾ ਪਾਤਸ਼ਾਹ ਰੱਬ ਆਪ ਹੈ। ਪਾਤਸਾਹੁ ਛਤ੍ਰ ਸਿਰ ਸੋਊ। ਨਾਨਕ ਦੂਸਰ ਅਵਰੁ ਨ ਕੋਊ। ਗੁਰੂ ਅਰਜਨ (258)

**"ਜੇ ਅੰਦਰ ਵੜ ਕੇ ਨਿਰੇ ਛੈਣੇ ਹੀ ਵਜਾਉਣ ਦੀ ਗੱਲ ਸੀ**
**ਤਾਂ ਸਿਰ ਲੈਣ ਦਾ ਚਉਣਾ ਚੁਕਣ ਦੀ ਕੀ ਲੋੜ ਸੀ?"**

ਅਦਲੀ ਹੋਇ ਬੈਠਾ ਪ੍ਰਭੁ ਆਪਿ। ਗੁਰੂ ਅਰਜਨ (199) ਅਤੇ ਉਸ ਪਾਤਸ਼ਾਹ ਨੂੰ, ਰੱਬ ਨੂੰ, ਮਾਇਆ ਦੇ ਨਿਜ਼ਾਮ ਵਾਲੇ ਰਾਜੇ ਤੇ ਪਾਤਸ਼ਾਹ ਬਿਲਕੁਲ ਪ੍ਰਵਾਨ ਨਹੀਂ। ਉਹ ਕਸਾਈ ਹਨ। ਮਾਣਸ-ਖਾਣੇ ਹਨ। ਗ਼ਰੀਬਾ ਉਪਰਿ ਜਿ ਖਿੰਜੈ ਦਾੜ੍ਹੀ। ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ। ਪੂਰਾ ਨਿਆਉ ਕਰੇ ਕਰਤਾਰੁ। ਆਪਨੇ ਦਾਸ ਕਉ ਰਾਖਨਹਾਰੁ। ਗੁਰੂ ਅਰਜਨ (199) ਉਹਨਾਂ ਨੂੰ ਉਹ ਖ਼ਤਮ ਹੋਇਆ ਚਾਹੁੰਦਾ ਹੈ। ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ। ਪ੍ਰਹਲਾਦ ਉਧਾਰੇ ਕਿਰਪਾ ਧਾਰੀ। ਗੁਰੂ ਨਾਨਕ (224) ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ। ਦਰਿ ਮੰਗਨਿ ਭਿਖ ਨ ਪਾਇਦਾ। ਗੁਰੂ ਨਾਨਕ (472)

ਉਹਨਾਂ ਵਲ ਹੁਣ ਰੱਬ ਦੀ ਨਜ਼ਰ 'ਉਪਠੀ' ਹੈ। ਮਤਲਬ ਹੈ ਕਿ ਗੁਰਬਾਣੀ ਵਾਲੇ ਰੱਬ ਦੀ ਰਜ਼ਾ ਹੈ ਕਿ ਉਹ ਹੁਣ ਖ਼ਤਮ ਹੋਣ। ਉਹਨਾਂ ਨੂੰ ਤਾਂ ਉਹ ਅੱਗ ਵਿਚ ਸਾੜੂ ਹੈ। ਇਸ ਦਾ ਅਰਥ ਕੀ ਹੈ? ਅਰਥ ਇਹ ਹੈ ਕਿ ਜਿਸ ਸਟੇਟ ਦਾ ਸੰਕਲਪ ਗੁਰਬਾਣੀ ਪੇਸ਼ ਕਰ ਰਹੀ ਹੈ ਉਹ ਸਟੇਟ, ਤੇ ਉਸ ਸਟੇਟ ਨੂੰ ਸਥਾਪਤ ਕਰਨ ਵਾਲੀ ਲਹਿਰ ਮਾਇਆ ਵਾਲੇ ਨਿਜ਼ਾਮ ਦੀ ਸਟੇਟ ਨੂੰ ਖ਼ਤਮ ਕਰੇਗੀ। ਵੈਸੇ ਵੀ ਗੱਲ ਸਾਫ਼ ਹੈ। ਗੁਰਬਾਣੀ ਮਨਮੁਖ ਦੀ ਤਰਜ਼ੇ-ਜ਼ਿੰਦਗੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਖ਼ਤਮ ਹੋ ਹੀ ਕਿਸ ਤਰ੍ਹਾਂ ਸਕਦੀ ਹੈ ਜੇ ਉਸ ਦੀ ਸਟੇਟ ਖਤਮ ਨਾ ਹੋਵੇ? ਨਿਜ਼ਾਮ ਤੇ ਉਸ ਦੀ ਸਟੇਟ ਇਕੱਠੇ ਹੀ ਜਾਂਦੇ ਹਨ। ਅਤੇ ਭਗਤਾਂ ਤੇ ਸੰਸਾਰੀਆਂ (ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਵਾਲਿਆਂ) ਦਾ ਮੇਲ ਮੁਮਕਿਨ ਨਹੀਂ ਹੈ। 'ਪਾਤਿਸਾਹੀ ਭਗਤ ਜਨਾ ਕਉ ਦਿਤੀਅਨ' ਦਾ ਮਤਲਬ ਹੀ ਇਹ ਹੈ ਕਿ ਗੁਰਬਾਣੀ ਦੇ ਰੱਬ ਦਾ ਹੁਕਮ ਹੈ ਕਿ ਪਾਤਸ਼ਾਹੀ 'ਰਾਜੇ ਸੀਂਹ ਮੁਕਦਮ ਕੁਤੇ' ਵਾਲੀ ਨਹੀਂ ਰਹੇਗੀ। ਸੋ ਸਿੱਖ ਲਹਿਰ ਦਾ ਅਸਲਾ ਹੀ ਇਹ ਸੀ ਕਿ ਉਹ ਮਾਇਆ ਦੇ ਨਿਜ਼ਾਮ ਤੇ ਉਸ ਦੀ ਸਟੇਟ ਨੂੰ ਖ਼ਤਮ ਕਰੇ, ਤੇ ਰੱਬ ਦੀ ਧਰਤੀ ਉਤੇ ਭਗਤਾਂ ਦਾ ਵਾਸਾ ਕਰਵਾਏ। ਦੂਸਰੇ ਲਫ਼ਜ਼ਾਂ ਵਿਚ, ਸਭ ਧਰਤੀ ਉਤੇ ਸਰਬਤ

ਦੀ ਆਜ਼ਾਦੀ ਸਥਾਪਤ ਕਰੇ।

ਗੁਰਬਾਣੀ ਦਾ ਮੂਲ ਹੀ ਬੰਦੇ ਦਾ ਆਪਣੇ ਰੱਬ ਨਾਲ ਪਿਆਰ ਪਵਾਉਣਾ, ਉਸ ਨੂੰ ਉਸ ਦੇ ਅਨੁਸਾਰੀ ਬਣਾਉਣਾ ਹੈ। ਗੁਰਬਾਣੀ ਦੇ ਰੱਬ ਦਾ ਸਮਾਜਕ ਮਨੁਖੀ ਅਸਲਾ ਸਰਬਤ ਦਾ ਪਿਆਰ, ਦੂਸਰੇ ਲਫ਼ਜ਼ਾਂ ਵਿਚ ਸਰਬਤ ਦੀ ਆਜ਼ਾਦੀ ਹੈ। ਸਿੱਖ ਲਹਿਰ ਦਾ ਸਮਾਜਕ ਮਨੁਖੀ ਮੂਲ ਹੀ, ਚੂੰਕਿ ਸਰਬਤ ਦੀ ਆਜ਼ਾਦੀ ਸੀ, ਇਸ ਵਾਸਤੇ ਉਸ ਦਾ ਕਾਬਜ਼ ਨਿਜ਼ਾਮ ਤੇ ਉਸਦੀ ਸਟੇਟ ਨਾਲ ਟਕਰਾਉਣਾ ਲਾਜ਼ਮੀ ਸੀ। ਸਰਬਤ ਦਾ ਪਿਆਰ ਤੇ ਮਾਇਆ ਦੇ ਨਿਜ਼ਾਮ ਦੀ ਦਰਜਾ-ਬ-ਦਰਜੀ ਤੇ ਲੁਟ ਘਸੁਟ ਹਮ-ਬਿਸਤਰ ਨਹੀਂ ਹੋ ਸਕਦੇ। ਸਤਿਗੁਰੂ ਗੁਰਬਾਣੀ ਵਾਲੇ ਰੱਬ ਦੀ ਜੋਤ ਦਾ ਮਨੁਖੀ ਸਰੂਪ ਸੀ। ਸੋ ਸਤਿਗੁਰੂ ਦਾ ਸੱਚੇ ਪਾਤਸ਼ਾਹ ਹੋਣਾ ਕੋਈ ਸਬੱਬੀਂ, ਜਾਂ ਪਿਛੋਂ ਆਇਆ ਖ਼ਿਆਲ ਨਹੀਂ ਸੀ। ਇਹ ਸਿੱਖ ਲਹਿਰ ਦਾ ਬੁਨਿਆਦੀ ਧੁਰਾ ਸੀ। ਇਹ 'ਪਾਤਿਸਾਹੀ ਭਗਤ ਜਨਾ ਕਉ ਦਿਤੀਅਨ' ਨੂੰ ਅਮਲੀ ਜਾਮਾਂ ਪਹਿਨਾਉਣਾ ਸੀ।

ਸਾਡੇ ਵਿਦਵਾਨਾਂ ਦਾ ਇਕ ਹਿੱਸਾ ਇਸ ਗੱਲ ਨੂੰ ਫੜੀ ਬੈਠਾ ਹੈ ਕਿ ਸਿੱਖ ਲਹਿਰ ਦਾ ਸਿਆਸਤ ਨਾਲ ਕੋਈ ਤਅਲਕ ਨਹੀਂ ਸੀ। ਇਹ ਤਾਂ ਨਿਰੋਲ ਮਜ਼ੂਬੀ (ਸੌੜੇ ਅਰਥਾਂ ਵਿਚ) ਲਹਿਰ ਸੀ। ਇਸ 'ਤੇ ਕਾਬਜ਼ ਸਟੇਟ ਵਲੋਂ ਜ਼ੁਲਮ ਹੋਇਆ ਅਤੇ ਇਸ ਵਾਸਤੇ ਆਪਣੇ ਮਜ਼ੂਬ (ਸੌੜੇ ਅਰਥਾਂ ਵਿਚ) ਦੀ ਰਾਖੀ ਵਾਸਤੇ ਇਸ ਨੂੰ ਸਿਆਸਤ ਦਾ ਰਾਹ ਲੈਣਾ ਪਿਆ ਤੇ ਇਹ ਹਥਿਆਰਬੰਦ ਹੋਈ। ਪਰੰਤੂ ਇਤਿਹਾਸਕ ਤੱਥ ਇਸ ਧਾਰਨਾ ਨੂੰ ਸਿੱਧਾ ਕਟਦੇ ਹਨ। ਸਟੇਟ ਮਾਇਆ ਦੇ ਨਿਜ਼ਾਮ ਦੀ ਸੀ। ਇਸ ਵਾਸਤੇ ਪਾਪੀ ਸੀ, ਮਾਣਸ ਖਾਣੀ ਸੀ। ਜਹਾਂਗੀਰ ਨੂੰ ਸਿੱਖ ਲਹਿਰ ਰੜਕਦੀ ਸੀ। ਇਹ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਲਹਿਰ ਦਾ ਅਸਲਾ ਸਿਆਸੀ ਸੀ ਅਤੇ ਜਹਾਂਗੀਰ ਇਸ ਗਲੋਂ ਚੇਤੰਨ ਸੀ। ਉਸ ਨੂੰ ਇਸ ਲਹਿਰ ਦਾ ਰੜਕਣਾ ਦਸਦਾ ਹੈ ਕਿ ਉਸ ਨੂੰ ਸਮਝ ਸੀ ਕਿ ਜਿਸ ਰਾਹੇ ਇਹ ਲਹਿਰ ਜਾ ਰਹੀ ਸੀ ਉਹ ਉਸ ਦੀ ਸਟੇਟ ਵਾਸਤੇ ਖ਼ਤਰੇ ਤੋਂ ਖਾਲੀ ਨਹੀਂ ਸੀ! ਪਰ ਇਸ ਸਮਝ ਦੇ ਬਾਵਜੂਦ ਉਸ ਦੀ ਸਰਕਾਰ ਨੇ ਲਹਿਰ 'ਤੇ ਹਮਲਾ ਨਹੀਂ ਕੀਤਾ। ਹਮਲਾ ਕਰਨ ਦੀ ਪਹਿਲ ਲਹਿਰ ਨੇ ਕੀਤੀ। ਅਤੇ ਇਸ ਗੱਲ ਵਿਚ ਇਸ ਲਹਿਰ ਦੀ ਵਡਿਆਈ ਹੈ। ਸ਼ਹਿਜ਼ਾਦੇ ਖੁਸਰੋ ਨੇ ਜਹਾਂਗੀਰ ਦੇ ਖਿਲਾਫ ਬਗਾਵਤ ਕੀਤੀ। ਗੁਰੂ ਅਰਜਨ ਸਾਹਿਬ ਨੇ ਉਸ ਨੂੰ ਮੂੰਹ ਲਾਇਆ। ਸਟੇਟ ਦੇ ਖਿਲਾਫ ਬਗਾਵਤ ਕਰਦੇ ਨੂੰ ਮੂੰਹ ਲਾਉਣਾ ਸਟੇਟ ਨੂੰ ਵੰਗਾਰਨਾ ਸੀ। ਖੁਸਰੋ ਸਟੇਟ ਦੇ ਖਿਲਾਫ਼ ਬਗਾਵਤੀ ਸੀ। ਸਟੇਟ ਦੇ ਕਾਨੂੰਨ ਦੇ ਅਨੁਸਾਰ ਉਹ ਸਟੇਟ ਦਾ ਗੱਦਾਰ ਸੀ। ਗੱਦਾਰ ਨੂੰ ਮੂੰਹ ਲਾਉਣਾ ਸਟੇਟ ਦੇ ਕਾਨੂੰਨ ਦੇ ਅਨੁਸਾਰ ਸਜ਼ਾ ਦਾ ਭਾਗੀ ਹੋਣਾ ਸੀ। ਗੁਰੂ ਸਾਹਿਬ ਨੇ ਜੁਰਮਾਨਾ ਦੇਣੋਂ ਇਨਕਾਰ ਕੀਤਾ। ਸਟੇਟ ਦੀ ਆਪਣੇ ਉਤੇ ਸਰਦਾਰੀ ਮੰਨਣੋਂ ਇਨਕਾਰ ਕੀਤਾ। ਆਪਣੇ ਅਮਲ ਰਾਹੀਂ ਸਪਸ਼ਟ ਕੀਤਾ ਕਿ ਮੇਰਾ ਪਾਤਸ਼ਾਹ ਰੱਬ ਹੈ। ਉਸ ਤੋਂ ਉਰੇ ਹੋਰ ਕੋਈ ਨਹੀਂ। ਸ਼ਹੀਦੀ ਪਾਈ। ਪੁਜ਼ੀਸ਼ਨ ਸਪਸ਼ਟ ਹੈ। ਗੁਰੂ ਸਾਹਿਬ ਨੇ ਸਟੇਟ ਦੇ ਮਸਲੇ ਵਿਚ ਮੁਦਾਖਲਤ ਕੀਤੀ। ਸੋਚ ਸਮਝ ਕੇ ਕੀਤੀ। ਕੀਮਤ ਤਾਰੀ। ਜੇ ਕਾਬਜ਼ ਸਟੇਟ ਨੂੰ ਸਹੀ, ਸਦਾਚਾਰਕ ਮੰਨ ਲਿਆ ਜਾਵੇ ਤਾਂ ਗੁਰੂ ਸਾਹਿਬ ਮੁਜਰਮ ਸਾਬਤ ਹੁੰਦੇ ਹਨ। ਪਰ ਗੁਰੂ ਸਾਹਿਬ ਤੇ ਉਹਨਾਂ ਦੇ ਰੱਬ ਦੀਆਂ ਅੱਖਾਂ ਵਿਚ ਮਾਇਆ ਦੇ ਨਿਜ਼ਾਮ ਦੀ ਸਟੇਟ ਸਦਾਚਾਰਕ ਨਹੀਂ ਸੀ। 'ਕਲਿ ਕਾਤੀ ਰਾਜੇ ਕਾਸਾਈ' ਸੀ। ਸਾਰਾ ਨਿਜ਼ਾਮ ਹੀ ਗੈਰ ਸਦਾਚਾਰਕ ਸੀ। "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ। ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮ ਬੀਚਾਰੁ।"— ਗੁਰੂ ਨਾਨਕ

ਗੁਰਬਾਣੀ ਦੇ ਗੁਰੂ ਸਾਹਿਬ ਦੇ ਰੱਬ ਦਾ ਹੁਕਮ ਸੀ ਕਿ ਲੋਕਾਂ ਦਾ ਲਹੂ-ਪੀਣਾ ਨਿਜ਼ਾਮ ਤੇ



ਉਸ ਦੀ ਮਾਣਸ-ਖਾਣੀ ਸਟੇਟ ਖਤਮ ਹੋਣ। ਗੁਰੂ ਸਾਹਿਬ ਨੇ ਆਪਣੇ ਰੱਬ ਦੇ ਹੁਕਮ ਦੀ ਪਾਲਣਾ ਕੀਤੀ। ਕਾਬਜ਼ ਸਟੇਟ ਦੇ ਹੁਕਮ ਤੋਂ ਨਾਬਰ ਹੋਏ ਅਤੇ ਸ਼ਹੀਦੀ ਪਾਈ। ਔਰੰਗਜ਼ੇਬ ਤਖਤ ਸੰਭਾਲਣ ਦੀ ਕੋਸ਼ਿਸ਼ ਵਿਚ ਸੀ। ਉਸ ਦਾ ਉਸ ਵੇਲੇ ਸਿੱਖ ਲਹਿਰ ਵਲ ਧਿਆਨ ਵੀ ਨਹੀਂ ਸੀ। ਪਰ ਗੁਰੂ ਹਰ ਰਾਇ ਸਾਹਿਬ ਨੇ ਦਾਰੇ ਨੂੰ ਤਖਤ ਵਾਸਤੇ ਲੜਨ ਲਈ ਪਰੇਰਿਆ। ਤੇ ਜਦੋਂ ਉਸ ਨੇ ਆਪਣੀ ਅਸਮਰੱਥਾ ਜ਼ਾਹਿਰ ਕੀਤੀ ਤਾਂ ਵੀ ਗੁਰੂ ਸਾਹਿਬ ਨੇ ਉਸ ਦੇ ਸਹੀ ਸਲਾਮਤ ਨਿਕਲ ਜਾਣ ਵਾਸਤੇ ਬਿਆਸ 'ਤੇ ਆਪਣੇ ਬੰਦੇ ਭੇਜੇ ਤਾਕਿ ਔਰੰਗਜ਼ੇਬ ਦਾ ਘਲਿਆ ਫ਼ੌਜੀ ਦਸਤਾ ਰੁਕ ਜਾਵੇ ਤੇ ਦਾਰਾ ਆਪਣੀ ਜਾਨ ਬਚਾ ਸਕੇ। ਇਹ ਵੀ ਸਟੇਟ ਦੇ ਮਸਲੇ ਵਿਚ ਸਿਧੀ ਦਖਲ-ਅੰਦਾਜ਼ੀ ਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਔਰੰਗਜ਼ੇਬ ਨੇ ਕਹਿਲਵਾ ਭੇਜਿਆ ਕਿ ਉਹ ਆਪਣੇ ਹਥਿਆਰਬੰਦ ਪੈਰੋਕਾਰਾਂ ਦਾ ਕਿੱਸਾ ਖਤਮ ਕਰਨ ਅਤੇ ਫਕੀਰਾਂ ਵਾਂਗ ਆਪਣੇ ਮਜ਼ੂਬ ਦਾ ਪ੍ਰਚਾਰ ਕਰਨ। ਮਤਲਬ ਸੀ ਸਿਆਸੀ ਫੌਜੀ ਰਾਹ ਨੂੰ ਤਰਕ ਕਰਨ। ਗੁਰੂ ਸਾਹਿਬ ਨੇ ਟੱਕੇ ਵਰਗਾ ਜਵਾਬ ਦਿੱਤਾ। ਜੇ

> "ਕਾਬਜ਼ ਨਿਜ਼ਾਮ ਦੀ ਸਟਟ 'ਤੇ ਹਮਲਾ ਕਰਨ ਦੀ ਪਹਿਲ ਸਿੱਖ ਲਹਿਰ ਨੇ ਕੀਤੀ। ਇਹੀ ਇਸ ਦੀ ਵਡਿਆਈ ਹੈ।"

ਸਿੱਖੀ ਮੁਕੰਮਲ ਤਰਜ਼ੇ-ਜ਼ਿੰਦਗੀ ਨਾ ਹੁੰਦੀ, ਅਤੇ ਉਹ ਕਾਬਜ਼ ਸਟੇਟ ਤੇ ਕਾਬਜ਼ ਨਿਜ਼ਾਮ ਨੂੰ ਪ੍ਰਵਾਨ ਕਰ ਸਕਦੀ ਹੁੰਦੀ ਤਾਂ ਗੁਰੂ ਸਾਹਿਬ ਨੂੰ ਬਾਦਸ਼ਾਹ ਦੇ ਹੁਕਮ ਤੋਂ ਨਾਬਰ ਹੋਣ ਦੀ ਕੀ ਮਜਬੂਰੀ ਸੀ? ਗੁਰੂ ਗੁਬਿੰਦ ਸਿੰਘ ਹੋਰਾਂ ਤਾਂ ਸਟੇਟ ਵਿਚ ਸਿੱਧੀ ਮੁਦਾਖਲਤ ਕੀਤੀ। ਖਾਲਸਾ ਸਾਜਿਆ ਤੇ ਪਾਤਸ਼ਾਹੀ ਉਸ ਨੂੰ ਬਖ਼ਸ਼ੀ। ਸਿੱਖ ਲਹਿਰ ਦੀ ਕਾਬਜ਼ ਸਟੇਟ ਨਾਲ ਬੁਰਦੋ ਬੁਰਦੀ ਲਗਣੀ ਲਾਜ਼ਮੀ ਸੀ। ਸੋ ਲੱਗੀ। ਸਿੱਖੀ ਨਾਮ ਵਾਲੀ ਤਰਜ਼ੇ-ਜ਼ਿੰਦਗੀ ਸੀ। ਉਸ ਦਾ ਮੂਲ ਹੀ ਮਾਇਆ ਦੇ ਨਿਜ਼ਾਮ ਤੇ ਉਸ ਦੀ ਸਟੇਟ ਨੂੰ ਖਤਮ ਕਰਨਾ ਸੀ। ਕਾਬਜ਼ ਸਟੇਟ ਨੂੰ ਵੰਗਾਰਨ ਤੋਂ ਬਗੈਰ ਉਹ ਆਪਣਾ ਮੂਲ, ਆਪਣਾ ਅਸਲਾ ਕਾਇਮ ਹੀ ਕਿਵੇਂ ਰਖ ਸਕਦੀ ਸੀ? ਸਿਆਸਤ ਤੋਂ ਦੂਰ ਕਿਵੇਂ ਰਹਿ ਸਕਦੀ ਸੀ?

ਇਤਿਹਾਸਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਇਨਕਲਾਬੀ ਲਹਿਰ ਨੂੰ ਅੱਖਾਂ ਖੋਲ੍ਹ ਕੇ ਸਮਝਣ। ਕਾਬਜ਼ ਨਿਜ਼ਾਮ ਮਾਇਆ ਦਾ ਨਿਜ਼ਾਮ ਸੀ ਤੇ ਸਿੱਖ ਲਹਿਰ ਸੀ ਉਸ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੀ ਇਨਕਲਾਬੀ ਲਹਿਰ। ਉਸ ਦੀਆਂ ਅੱਖਾਂ ਵਿਚ ਕਾਬਜ਼ ਨਿਜ਼ਾਮ ਦੀ ਸਟੇਟ (ਮੁਗਲੀਆ ਸਟੇਟ) 'ਨਾਉ ਫਕੀਰੈ ਪਾਤਿਸਾਹੁ' ਸੀ। ਸਿੱਖ ਲਹਿਰ ਨੇ ਮੁਗਲੀਆ ਸਟੇਟ ਦੇ ਅੰਦਰ, ਉਸ ਦੇ ਵਿਰੋਧੀ ਆਪਣੀ ਸਟੇਟ—'ਸੱਚਾ ਪਾਤਸ਼ਾਹ' ਉਸਾਰੀ। ਉਸ ਦਾ ਤਖਤ ਅਕਾਲ ਦਾ ਤਖਤ ਸੀ ਤੇ ਮੀਰੀ ਦੀ ਤਲਵਾਰ ਉਸ ਦੀ ਤਲਵਾਰ। ਜਿਹੜਾ ਵਿਦਵਾਨ ਸਿੱਖ ਲਹਿਰ ਦੀ ਇਸ ਅਸਲੀਅਤ ਨੂੰ ਨਹੀਂ ਸਮਝਿਆ ਉਹ ਗੁਰਬਾਣੀ ਦੇ ਰੱਬ ਦੇ ਸਮਾਜਕ ਮਨੁਖੀ ਅਸਲੇ ਦੇ ਲਾਗਿਉਂ ਦੀ ਵੀ ਨਹੀਂ ਲੰਘਿਆ। 'ਮਾਣਸ ਖਾਣਿਆਂ' ਨੂੰ ਗੁਰਬਾਣੀ ਦੇ ਰੱਬ ਨੇ ਸਜ਼ਾ ਦੇਣੀ ਹੈ। ਉਸ ਦਾ ਹੁਕਮ ਹੈ ਕਿ ਉਹਨਾਂ ਨੂੰ ਸੁਕਿਆਂ ਨਹੀਂ ਜਾਣ ਦੇਣਾ। ਸਮਾਜਕ ਮਨੁਖੀ ਪੱਧਰ 'ਤੇ ਸਜ਼ਾ ਦੇਣੀ ਕਿਸ ਤਰ੍ਹਾਂ ਹੈ? ਸਪਸ਼ਟ ਹੀ ਜਿਨ੍ਹਾਂ ਦੀ ਰੱਤ ਪੀਤੀ ਜਾ ਰਹੀ ਹੈ ਉਹਨਾਂ ਦੇ ਹਿਰਦਿਆਂ ਵਿਚ ਆਪ ਵਸ ਕੇ, ਉਹਨਾਂ ਨੂੰ ਆਪਣੀ ਰਜ਼ਾ, ਆਪਣੇ ਹੁਕਮ ਦਾ ਸੰਦ ਬਣਾ ਕੇ, ਉਹਨਾਂ ਨੂੰ ਆਪਣੀ—'ਅਕਾਲ ਪੁਰਖ ਦੀ ਫ਼ੌਜ' ਬਣਾ ਕੇ, ਗੁਰਬਾਣੀ ਦੇ ਰੱਬ ਵਾਲਿਆਂ

ਦੀ ਸਟੇਟ ਰਾਹੀਂ ।

ਗੁਰਬਾਣੀ ਦੇ ਰੱਬ ਦਾ ਹੁਕਮ ਹੈ ਕਿ 'ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ।' ਦਾ ਸਲਸਿਲਾ ਖਤਮ ਹੋਵੇ । ਸਮਾਜ ਵਿਚੋਂ ਇਹ ਸਿਲਸਿਲਾ ਖਤਮ ਹੋਣਾ ਕਿਸ ਤਰ੍ਹਾਂ ਹੈ ? ਸਪਸ਼ਟ ਹੀ ਗੁਰਬਾਣੀ ਵਾਲੇ ਰੱਬ ਵਾਲਿਆਂ ਦਾ ਕੀਤਾ । ਉਹਨਾਂ ਦੀ ਸਿਆਸਤ ਦਾ ਕੀਤਾ । ਸਿਆਸਤ ਨੂੰ ਸਿਖਰ 'ਤੇ ਲਿਜਾ ਕੇ । ਉਹਨਾਂ ਦੀ ਤਲਵਾਰ ਦਾ ਕੀਤਾ । ਉਹਨਾਂ ਦੀ ਫ਼ੌਜੀ ਤਾਕਤ ਦਾ ਕੀਤਾ । ਸਮਾਜ ਵਿਚੋਂ ਮਾਇਆ ਵਾਲੇ ਨਿਜ਼ਾਮ ਦੀ ਸਟੇਟ ਦੇ ਤੂਸੜੇ ਉੜਾ ਕੇ, ਉਹਨਾਂ ਦੀ ਸਟੇਟ ਦੀ ਸਥਾਪਤੀ ਨਾਲ । ਸਾਡੀ ਬੋਲੀ ਵਿਚ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬ ਲਿਆਇਆਂ । ਤੇ ਉਸ ਪੈਂਤੜੇ ਵਾਲਿਆਂ ਦੀ ਸਟੇਟ ਨੂੰ ਓਨਾ ਚਿਰ ਪੱਕਿਆਂ ਪੈਰਾਂ 'ਤੇ ਰਖਿਆਂ ਜਿੰਨਾਂ ਚਿਰ 'ਮਾਣਸ ਖਾਣੀ' ਜ਼ਹਿਨੀਅਤ ਦੇ ਪੈਦਾ ਹੋਣ ਦੀ ਆਰਥਕ, ਸਮਾਜਕ, ਸਿਆਸੀ, ਵਿਚਾਰਧਾਰਕ ਭੋਂ ਹੀ ਸਮਾਜ ਵਿਚੋਂ ਖਤਮ ਨਹੀਂ ਹੋ ਜਾਂਦੀ ।

ਜਿਨ੍ਹਾਂ ਵਿਦਵਾਨਾਂ ਨੇ ਗੁਰਬਾਣੀ ਵਾਲੇ ਰੱਬ ਦੇ ਹੁਕਮ ਨੂੰ ਸਮਾਜਕ ਮਨੁਖੀ ਬੋਲੀ ਵਿਚ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਉਨ੍ਹਾਂ ਨੂੰ ਸਿੱਖ ਲਹਿਰ ਦੇ ਅਸਲੇ ਦੀ, ਨਾਮ ਵਾਲਿਆਂ ਦੀ ਚਲਾਈ ਲਹਿਰ ਦੇ ਅਸਲੇ ਦੀ ਸਮਝ ਨਹੀਂ ਆ ਸਕਦੀ । ਉਹਨਾਂ ਨੂੰ ਸਿੱਖ ਲਹਿਰ ਦੀ ਕੀਤੀ ਦੇ ਹਿਮਾਲੀਆ ਜਿੱਡੇ ਤੱਥ ਵੀ ਨਹੀਂ ਦਿਸਦੇ । ਗੁਰਬਾਣੀ ਵਾਲੇ ਰੱਬ ਦੇ ਰਾਜ ਦਾ ਸਮਾਜਕ ਮਨੁਖੀ ਬੋਲੀ ਵਿਚ ਮਤਲਬ ਹੈ—ਉਸ ਰੱਬ ਵਾਲਿਆਂ ਦਾ ਰਾਜ । ਤੇ ਜਿਸ ਨਿਜ਼ਾਮ ਤੇ ਉਸ ਦੀ ਸਟੇਟ ਨੇ ਮੁਲੱਖਈਏ ਨੂੰ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ' ਬਣਾਇਆ ਹੋਇਆ ਹੈ, ਉਹਨਾਂ ਦਾ ਖਾਤਮਾਂ । (ਚਲਦਾ)


## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ ।


ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


**Bhagwan Josh**

**COMMUNIST MOVEMENT IN PUNJAB (1926-47)**

**The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and, for that matter, in India. Hardbound, pages 220, Price : Rs. 60**

**Order your copy to SEDH, A-42, Defence Colony, N. Delhi-24.**




## ਭਗਤ ਸਿੰਘ ਦਾ ਪ੍ਰਸਗ

### ਹਿੰਮਤ ਸਿੰਘ ਸੋਢੀ

ਤਿੰਨ ਸਾਲ ਹੋਏ ਪ੍ਰੋ: ਬਿਪਨ ਚੰਦਰ ਨੇ ਸ਼ਹੀਦ ਭਗਤ ਸਿੰਘ ਦੇ ਲੇਖ "ਮੈਂ ਨਾਸਤਕ ਕਿਉਂ ਹਾਂ ?" ਨੂੰ ਲਾਹੌਰ ਤੋਂ ਮੰਗਵਾ ਕੇ 'ਸ਼ਹੀਦ ਭਗਤ ਸਿੰਘ ਖੋਜ ਕਮੇਟੀ' ਵਲੋਂ ਪ੍ਰਕਾਸ਼ਤ ਕਰਵਾਇਆ ਅਤੇ ਇਸ ਦੀ 'ਜਾਣ ਪਛਾਣ' ਰੂਪੀ ਭੂਮਕਾ ਵਿਚ ਠੀਕ ਚੇਤਾਵਨੀ ਦਿਤੀ ਸੀ ਕਿ "ਮੰਦੇ ਭਾਗੀਂ ਭਗਤ ਸਿੰਘ ਦਾ ਮਾਰਕਸਵਾਦੀ ਚਿੰਤਕ ਤੇ ਸਿਧਾਂਤਕਾਰ ਹੋਣ ਵਾਲਾ ਪੱਖ ਬਹੁਤ ਘਟ ਜਾਣਿਆ ਜਾਂਦਾ ਹੈ ਅਤੇ ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਹਰ ਭਾਂਤ ਦੇ ਪ੍ਰਤੀਗਾਮੀ, ਪੁਰਾਤਨਪੰਥੀ ਤੇ ਫਿਰਕਾਪ੍ਰਸਤ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਸਾਥੀਆਂ ਦੇ ਨਾਵਾਂ ਤੇ ਉਨ੍ਹਾਂ ਦੀ ਸ਼ੁਹਰਤ ਨੂੰ ਬੇਈਮਾਨੀ ਤੇ ਗ਼ਲਤ ਤਰੀਕੇ ਨਾਲ ਆਪਣੀ ਸਿਆਸਤ ਤੇ ਵਿਚਾਰਧਾਰਾਵਾਂ ਵਾਸਤੇ ਵਰਤਣ ਦੀ ਕੋਸ਼ਸ਼ ਕਰਦੇ ਰਹੇ ਹਨ ।"[1]

ਸੋ ਇਸ ਸਾਲ ਅਸੀਂ ਦੇਖਿਆ ਹੈ ਕਿ ਭਗਤ ਸਿੰਘ ਦਾ ਪੰਜਾਹਵਾਂ ਸ਼ਹੀਦੀ ਦਿਨ ਮਾਰਚ ਦੇ ਮਹੀਨੇ ਗੁਜ਼ਰ ਗਿਆ ਅਤੇ ਸਾਡੇ ਮਾਰਕਸਵਾਦੀ ਤੇ ਖੱਬੇ-ਪੱਖੀ ਪਰਚਿਆਂ (ਸਮਤਾ, ਸੇਧ, ਸਿਰਜਣਾ, ਪ੍ਰੀਤ ਲੜੀ, ਆਰਸੀ ਆਦਿ) ਵਿਚੋਂ ਕਿਸੇ ਨੇ ਵੀ ਭਗਤ ਸਿੰਘ ਦੇ ਨਾਮ ਤੱਕ ਦਾ ਭੋਗ ਨਹੀਂ ਪਾਇਆ । ਹਾਂ, ਸਰਮਾਏਦਾਰਾਂ ਦੇ, ਫ਼ਿਰਕੂ ਤੇ ਅਰਧ-ਫਿਰਕੂ ਦੈਨਿਕ ਪਰਚਿਆਂ (ਇਹਨਾਂ ਵਿਚੋਂ ਜਲੰਧਰ ਦੇ ਅਜੀਤ, ਅਕਾਲੀ ਪਤ੍ਰਿਕਾ, ਜੁਗ ਬਾਣੀ, ਪੰਜਾਬ ਕੇਸਰੀ, ਹਿੰਦ ਸਮਾਚਾਰ, ਮਿਲਾਪ, ਪ੍ਰਤਾਪ; ਚੰਡੀਗੜ੍ਹ ਦੇ ਟ੍ਰਿਬਿਊਨ, ਦੈਨਿਕ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ, ਇੰਡੀਅਨ ਐਕਪ੍ਰੈਸ, ਦਿੱਲੀ ਦੇ ਹਿੰਦੁਸਤਾਨ ਟਾਈਮਜ਼, ਨੈਸ਼ਨਲ ਹੈਰਲਡ) ਦੇ 23.3.81 ਦੇ ਅੰਕ ਜੋ ਮੈਨੂੰ ਦੇਖਣ ਨੂੰ ਮਿਲੇ ਸਭਨਾਂ ਵਿਚ ਭਗਤ ਸਿੰਘ, ਉਸ ਦੇ ਸਾਥੀਆਂ ਤੇ ਉਹਨਾਂ ਦੀ ਸ਼ਹੀਦੀ ਦਾ ਗੁਣ-ਗਾਨ ਬੜੀ ਸਜ-ਧਜ ਤੇ ਗਰਮ-ਜੋਸ਼ੀ ਨਾਲ ਕੀਤਾ ਗਿਆ ਸੀ । ਉਸ ਦਿਨ ਅਕਾਸ਼-ਵਾਣੀ ਦੇ ਸਭਨਾਂ ਨੀਊਜ਼-ਪਰਸਾਰਨਾਂ ਵਿਚ ਇਸ ਸ਼ਹੀਦੀ-ਦਿਨ 'ਤੇ ਇਸ ਸੰਬੰਧੀ ਹੋਣ ਵਾਲੇ ਦੇਸ਼-ਵਿਆਪੀ ਉਤਸਵਾਂ ਦੀ ਖ਼ੂਬ ਚਰਚਾ (coverage) ਸੀ । ਪ੍ਰਧਾਨ ਮੰਤਰੀ ਨੇ ਸ਼ਹੀਦਾਂ ਨੂੰ ਸਮਰਪਤ ਡਾਕ-ਟਿਕਟ ਵੀ ਜਾਰੀ ਕੀਤਾ, ਹੁਸੈਣੀ ਵਾਲਾ ਦੇ ਸਥਾਨ 'ਤੇ ਸਰਕਾਰੀ ਪਧਰ 'ਤੇ ਇਕ ਵਡੀ ਕਾਨਫਰੰਸ ਵੀ ਕੀਤੀ ਗਈ । ਬਿਪਨ ਚੰਦਰ ਦੀ ਉਪਰ ਕਹੀ ਗਈ ਚੇਤਾਵਨੀ ਦਾ ਸੱਚ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦ ਸਿਰਜਨਾ ਦੇ ਜਨਵਰੀ-ਮਾਰਚ ਅੰਕ ਵਿਚ ਰਣਜੀਤ ਗਰੇਵਾਲ ਵਲੋਂ ਲਿਖੀ ਇਕ ਮਨ-ਬਚਨੀ ਪੜ੍ਹੀ ਜਾਵੇ ਜਿਸ ਵਿਚ ਉਸ ਨੇ ਇਸ ਗੱਲ ਉਤੇ ਖੇਦ ਪਰਗਟ ਕੀਤਾ ਹੈ

ਕਿ ਇਨਕਲਾਬੀ ਲਹਿਰ ਵਿਚ ਭਗਤ ਸਿੰਘ ਦੇ ਰੋਲ ਨੂੰ ਵਧਾ-ਚੜ੍ਹਾ ਕੇ ਆਂਕਿਆ ਗਿਆ ਹੈ। ਇਸ ਸੰਬੰਧ ਵਿਚ ਲੇਖਕ ਨੇ "ਮੈਂ ਨਾਸਤਕ ਕਿਉਂ ਹਾਂ" ਦੀ "ਜਾਣ-ਪਛਾਣ" ਵਿਚ ਪੇਸ਼ ਕੀਤੇ ਵਿਚਾਰਾਂ ਨੂੰ ਰਗੜਾ ਲਾਉਣ ਦਾ ਜਤਨ ਕੀਤਾ ਹੈ, ਕਿਉਂਕਿ ਬਿਪਨ ਚੰਦਰ ਨੇ ਇਕ ਥਾਂ ਉਦਾਹਰਨ ਦੇ ਕੇ ਇਹ ਕਿਹਾ ਸੀ ਕਿ "ਨੌਜਵਾਨ ਭਗਤ ਸਿੰਘ ਦੇ ਵਿਚਾਰ ਨੌਜਵਾਨ ਮਾਰਕਸ ਨਾਲ ਕਿੰਨੇ ਰਲਦੇ ਹਨ।" ਲੇਖਕ ਇਸ ਤੁਲਨਾ ਨੂੰ ਬਿਪਨ ਚੰਦਰ ਦਵਾਰਾ ਬਾਬੇ ਮਾਰਕਸ ਦੀ ਸ਼ਾਨ ਵਿਚ ਕਹੀ ਗਈ ਗੁਸਤਾਖ਼ੀ ਸਮਝਦਾ ਹੈ। ਬਿਪਨ ਚੰਦਰ ਏਥੇ ਰੱਬ ਦੇ ਸੰਕਲਪ ਬਾਰੇ ਭਗਤ ਸਿੰਘ ਦੇ ਵਿਚਾਰ ਪੇਸ਼ ਕਰ ਰਿਹਾ ਸੀ ਜੋ ਇਸ ਪ੍ਰਕਾਰ ਹਨ :

"(ਰੱਬ ਦਾ) ਅਕੀਦਾ ਮੁਸ਼ਕਲਾਂ ਨੂੰ ਸੌਖਾ ਬਣਾ ਦੇਂਦਾ ਹੈ, ਏਥੋਂ ਤੱਕ ਕਿ ਮੁਸ਼ਕਲਾਂ ਨੂੰ ਖੁਸ਼ਗਵਾਰ ਵੀ ਬਣਾ ਦੇਂਦਾ ਹੈ। ਰੱਬ ਦੇ ਵਿਸ਼ਵਾਸ ਨਾਲ ਮਨੁਖ ਨੂੰ ਜ਼ੋਰਦਾਰ ਹੌਸਲਾ ਤੇ ਮਦਦ ਮਿਲਦੀ ਹੈ...ਇਸ ਤਰ੍ਹਾਂ ਆਫ਼ਤਾਂ-ਮਾਰੇ ਤੇ ਲਾਚਾਰ ਬੰਦਿਆਂ ਵਾਸਤੇ ਰੱਬ ਪਿਤਾ, ਮਾਤਾ, ਭੈਣ ਤੇ ਭਰਾ, ਦੋਸਤ ਤੇ ਮਦਦਗਾਰ ਦਾ ਕੰਮ ਦੇਂਦਾ ਹੈ...ਜਦ ਮਨੁਖ ਆਪਣੇ ਪੈਰੀਂ ਹੋਣ ਅਤੇ ਯਥਾਰਥ-ਵਾਦੀ ਹੋਣ ਦੀ ਕੋਸ਼ਸ਼ ਕਰਦਾ ਹੈ (ਭਗਤ ਸਿੰਘ ਨੇ 'ਯਥਾਰਥਵਾਦੀ' ਸ਼ਬਦ ਤਰਕਵਾਦੀ ਜਾਂ ਪਦਾਰਥਵਾਦੀ ਸ਼ਬਦਾਂ ਦੀ ਥਾਂ ਵਰਤਿਆ ਹੈ—ਬਿਪਨ ਚੰਦਰ) ਤਾਂ ਰੱਬ ਦੀ ਲੋੜ ਖ਼ਤਮ ਹੋ ਜਾਂਦੀ ਹੈ ਅਤੇ ਇਸ ਬਣਾਉਟੀ ਫਹੁੜੀ, ਇਸ ਖਿਆਲੀ ਮੁਕਤੀਦਾਤੇ ਦੀ ਲੋੜ ਨਹੀਂ ਰਹਿੰਦੀ।"[2]

ਰਣਜੀਤ ਗਰੇਵਾਲ ਨੂੰ ਏਸ ਗੱਲ ਦਾ ਹੀ ਅਫਸੋਸ ਨਹੀਂ ਕਿ ਭਗਤ ਸਿੰਘ ਦੀ ਤੁਲਨਾ ਮਾਰਕਸ ਨਾਲ ਕਿਉਂ ਕੀਤੀ ਗਈ, ਸਗੋਂ ਉਸ ਨੂੰ ਭਗਤ ਸਿੰਘ ਦੇ ਉਹਨਾਂ ਸਾਦਾ-ਲਹੂ ਸ਼ਰਧਾਲੂਆਂ ਉਤੇ ਵੀ ਗੁੱਸਾ ਆਉਂਦਾ ਹੈ ਜੋ ਭਗਤ ਸਿੰਘ ਦੀ ਸਮਾਧ ਉਤੇ ਮਥਾ ਟੇਕਦੇ ਜਾਂ ਪੈਸੇ ਚੜ੍ਹਾਉਂਦੇ ਹਨ। ਇਸ ਨੂੰ ਉਹ "ਲੋਕਾਂ ਦੀ ਮਾਨਸਿਕ ਖੜੋਤ" ਕਹਿੰਦਾ ਹੈ।[3] ਵਿਦਵਾਨ ਲੇਖਕ ਦਾ (ਉਂਜ ਉਹ ਇਕ ਕਹਾਣੀਕਾਰ ਹੈ) ਇਹ ਤਰਕ ਜੇ ਮੰਨ ਲਿਆ ਜਾਵੇ ਤਾਂ ਲੰਡਨ ਵਿਖੇ ਮਾਰਕਸ ਦੀ ਕਬਰ ਉਤੇ ਨਸਬ ਹੋਇਆ ਮਾਰਕਸ ਦਾ ਬੁੱਤ, ਮਾਸਕੋ ਵਿਖੇ ਲੈਨਿਨ ਦਾ ਮਜ਼ਾਰ ਜਿਸ ਦੀ ਜ਼ਿਆਰਤ ਲਈ ਲੰਮੀਆਂ ਕਤਾਰਾਂ ਲਗੀਆਂ ਰਹਿੰਦੀਆਂ ਹਨ, ਜਲ੍ਹਿਆਂ ਵਾਲਾ ਬਾਗ ਵਿਖੇ ਸ਼ਹੀਦਾਂ ਦੀ ਯਾਦ, ਕੋਟ ਬਾਬਾ ਦੀਪ ਸਿੰਘ ਦੀ ਸਮਾਧ—ਸਭ ਸਾਡੇ "ਲੋਕਾਂ ਦੀ ਮਾਨਸਿਕ ਖੜੋਤ ਲਈ ਹੀ ਘੜੀਆਂ ਗਈਆਂ ਸਕੀਮਾਂ" ਹਨ। ਏਸੇ ਕਰਕੇ ਉਹ ਕਹਿੰਦਾ ਹੈ ਕਿ ਬਿਪਨ ਚੰਦਰ ਦਵਾਰਾ ਲਿਖਤ " 'ਜਾਣ ਪਛਾਣ' ਵਿਚ ਵੀ ਅਜਿਹੀ ਹਰਕਤ ਕੀਤੀ ਗਈ ਜਾਪਦੀ ਹੈ। "ਉਂਜ ਸਾਨੂੰ ਪਤਾ ਹੈ ਕਿ ਕੂੜ-ਘਾੜਤਾਂ, ਉਹ ਚਾਹੇ ਕਿੰਨੀਆਂ ਵੀ ਪ੍ਰਸੰਸਾ-ਭਰੀਆਂ ਕਿਉਂ ਨਾ ਹੋਣ ਬਾਅਦ ਵਿਚ ਹੀ ਨਾਲ ਜੋੜੀਆਂ ਜਾਂਦੀਆਂ ਹਨ ਅਤੇ ਇਹ ਹਾਕਮ ਵਰਗ ਵਲੋਂ ਲੋਕਾਂ ਦੀ 'ਮਾਨਸਿਕ ਖੜੋਤ' ਲਈ ਹੀ ਘੜੀਆਂ ਸਕੀਮਾਂ ਦਾ ਇਕ ਹਿੱਸਾ ਹੁੰਦੀਆਂ ਹਨ।"[4] ਕਿਹਾ ਸੁਹਣਾ ਮਾਰਕਸੀ ਮੰਥਨ ਪੇਸ਼ ਕੀਤਾ ਹੈ ! ਇਸ ਤਰ੍ਹਾਂ ਗਰੇਵਾਲ ਉਹੀ 'ਸ਼ੁਭ ਕੰਮ' ਕਰ ਰਿਹਾ ਹੈ ਜੋ ਲੰਡਨ ਵਿਚ ਨਾਜ਼ੀ ਪਾਰਟੀ ਵਾਲੇ ਕਰਦੇ ਹਨ, ਕਿ ਹਰ ਵਰ੍ਹੇ-ਛਮਾਹੀ ਉਹ ਮਾਰਕਸ ਦੀ ਕਬਰ ਉਤੇ ਲੱਗੇ ਹੋਏ ਬੁੱਤ ਉਤੇ ਲੁੱਕ ਫੇਰ ਆਉਂਦੇ ਹਨ। ਠੀਕ ਉਵੇਂ ਹੀ ਗਰੇਵਾਲ ਨੇ "ਲੋਕਾਂ ਦੀ ਮਾਨਸਕ ਖੜੋਤ" ਨੂੰ ਹਲੂਣਾ ਦੇਣ ਦਾ ਉਪਰਾਲਾ ਆਪਣੇ ਦੂਸ਼ਨਾਂ-ਭਰੇ ਨਿਕੇ ਜਿਹੇ ਲੇਖ ਵਿਚ ਕੀਤਾ ਹੈ।

"ਮੈਂ ਨਾਸਤਕ ਕਿਉਂ ਹਾਂ" ਵਾਲਾ ਲੇਖ ਭਗਤ ਸਿੰਘ ਨੇ ਆਪਣੇ ਜੀਵਨ ਦੇ ਆਖ਼ਰੀ ਦਿਨੀਂ ਕਾਲ-ਕੋਠੜੀ ਵਿਚ ਲਿਖਿਆ ਸੀ ਜਿਸ ਵਿਚ ਉਹ ਆਸਤਕਤਾ-ਨਾਸਤਕਤਾ ਜਿਹੇ ਗੰਭੀਰ ਮਸਲੇ ਬਾਰੇ ਖੁਲ੍ਹ ਕੇ ਆਪਣੇ ਵਿਚਾਰ ਪੇਸ਼ ਕਰਦਾ ਹੈ ਅਤੇ ਆਪਣੀ ਸਵੈ-ਪੜਚੋਲ ਵੀ ਕਰਦਾ ਹੈ ਕਿ



ਮੇਰੀਆਂ ਕੁਝ ਆਦਤਾਂ ਨੂੰ ਮੇਰੇ ਸਾਥੀ ਕਿਵੇਂ ਗੁਣ ਜਾਂ ਔਗਣ ਸਮਝਦੇ ਰਹੇ ਹਨ, ਜਿਵੇਂ ਕਿ "...ਮੇਰੇ ਵਿਚ ਵੀ ਇਹ ਕਮਜ਼ੋਰੀ ਹੈ। ਅਹੰਕਾਰ ਮੇਰੇ ਸੁਭਾ ਦਾ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰ ਕੇ ਜਾਣਿਆ ਜਾਂਦਾ ਸੀ...ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ 'ਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ...ਜਿਥੋਂ ਤੱਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਸੀ, ਪਰ ਇਹ ਜ਼ਾਤੀ ਗੱਲ ਨਹੀਂ।...ਅਭਿਮਾਨ, ਜਾਂ ਕਹਿ ਲਓ ਅਹੰਕਾਰ, ਕਿਸੇ ਮਨੁਖ ਵਿਚ ਲੋੜੋਂ ਵਧ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆ ਹਾਂ ?—ਇਹ ਸਵਾਲ ਹੈ ਜਿਸ ਬਾਰੇ ਮੈਂ ਏਥੇ ਵਿਚਾਰ ਕਰਨਾ ਚਾਹੁੰਦਾ ਹਾਂ।"[5]

ਭਗਤ ਸਿੰਘ ਦੀ ਇਸ ਸਾਫ-ਗੋਈ ਬਾਰੇ ਗਰੇਵਾਲ ਸਾਹਿਬ ਦਾ ਪ੍ਰਤੀਕਰਮ ਵੀ ਮੁਲਾਹਜ਼ਾ ਫਰਮਾਉ : "ਜਦ ਆਪਣੇ ਹੀ ਸਾਥੀਆਂ ਵਿਚ ਕੋਈ ਤਾਨਾਸ਼ਾਹ ਜਾਪਣ ਲਗ ਪਵੇ, ਉਹ ਹੋਵੇ ਵੀ ਆਗੂ, ਤਾਂ ਉਸ ਲਹਿਰ ਦਾ ਭਵਿੱਖ ਕੀ ਹੋਵੇਗਾ, ਜਿਸ ਉਤੇ ਉਹ ਦ੍ਰਿੜ੍ਹਤਾ ਨਾਲ ਚਲ ਰਹੇ ਹਨ। ਇਹ ਗੱਲ ਆਮ ਆਦਮੀ ਦੀ ਸਮਝ ਵਿਚ ਆ ਸਕਦੀ ਹੈ। ਦੂਜੇ ਅਰਥਾਂ ਵਿਚ ਇਸ ਨੂੰ ਜ਼ਿੱਦੀਪੁਣਾ ਵੀ ਕਿਹਾ ਜਾ ਸਕਦਾ ਹੈ। ਇਸ ਲਈ, ਇਸ ਲੇਖ ਅਨੁਸਾਰ ਕੋਈ ਅਜਿਹਾ ਲਾਹੇਵੰਦਾ ਸਮਾਂ ਹੱਥ ਨਾ ਲੈਣਾ ਜਾਂ ਰਾਜਨੀਤਕ ਪਹੁੰਚ-ਵਿਧੀ ਦੀ ਕੋਈ ਸੋਅ ਨਾ ਮਿਲਣਾ ਵੀ ਜ਼ਿੱਦੀਪੁਣੇ ਦੀ ਸ਼ਾਹਦੀ ਭਰਦਾ ਹੈ। ਤਾਂ ਕੀ ਅਸੀਂ ਇਸ ਸਿੱਟੇ 'ਤੇ ਪੁਜ ਜਾਈਏ ਕਿ ਭਗਤ ਸਿੰਘ ਨੇ ਆਪਣੇ ਜ਼ਿੱਦੀ-ਪੁਣੇ ਕਾਰਨ ਹੀ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਪੁਆਇਆ, ਨਾ ਕਿ ਮਾਰਕਸਿਜ਼ਮ ਦੀਆਂ ਵਿਧੀਆਂ ਲਾਗੂ ਕਰਦਿਆਂ ਹੋਇਆਂ।"[6]

ਭਗਤ ਸਿੰਘ ਨੇ ਆਪਣੀ ਪਾਰਟੀ ਦੇ ਸੋਚੇ-ਸਮਝੇ ਫੈਸਲੇ ਅਨੁਸਾਰ ਹੀ ਅਸੈਂਬਲੀ ਵਿਚ ਬੰਬ ਸੁਟਿਆ, ਕਿਸੇ ਨੂੰ ਮਾਰਨ ਲਈ ਨਹੀਂ "ਬਹਿਰੇ ਹਾਕਮਾਂ ਦੇ ਕੰਨ ਖੋਲ੍ਹਣ ਲਈ" ਅਤੇ ਇਕ ਸੋਚੇ-ਸਮਝੇ ਫੈਸਲੇ ਕਾਰਨ ਹੀ ਉਹ ਤੇ ਉਸ ਦਾ ਸਾਥੀ ਬੰਬ ਸੁਟ ਕੇ ਨੱਸੇ ਨਹੀਂ, ਜਦ ਕਿ ਉਹ ਨੱਸ ਵੀ ਸਕਦੇ ਹਨ ਅਤੇ ਉਸ ਤਰ੍ਹਾਂ ਹੀ ਨੱਸ ਕੇ ਗ੍ਰਿਫ਼ਤਾਰੀ ਤੋਂ ਬਚ ਸਕਦੇ ਸਨ, ਜਿਵੇਂ ਸਕਾਟ ਦੇ ਕਤਲ ਸਮੇਂ ਉਹਨਾਂ ਨੇ ਕੀਤਾ ਸੀ। ਪਰ ਏਥੇ ਗਿਣੇ-ਮਿਥੇ ਫੈਸਲੇ ਅਨੁਸਾਰ ਹੀ ਉਹਨਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾਇਆ ਅਤੇ ਫੇਰ ਉਹ ਕਾਰਵਾਈ ਸ਼ੁਰੂ ਹੋਈ ਜਿਸ ਬਾਰੇ ਸਭ ਜਾਣਦੇ ਹੀ ਹਨ। ਪਰ ਗਰੇਵਾਲ ਸਾਹਿਬ ਦਾ 'ਮਾਰਕਸੀ' ਨਿਰਣਾ ਇਹ ਹੈ ਕਿ ' ਭਗਤ ਸਿੰਘ ਨੇ ਆਪਣੇ ਜ਼ਿੱਦੀ-ਪੁਣੇ ਕਾਰਨ ਹੀ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਪੁਆਇਆ, ਨਾ ਕਿ ਮਾਰਕਸਿਜ਼ਮ ਦੀਆਂ ਵਿਧੀਆਂ ਲਾਗੂ ਕਰਦਿਆਂ ਹੋਇਆਂ।" ਕਿਉਂ ਨਾ ਬਲਿਹਾਰੇ ਜਾਈਏ ਮਾਰਕਸਿਜ਼ਮ ਦੀਆਂ ਵਿਧੀਆਂ ਦੇ ਜਿਸ ਦਾ ਸਦਕਾ ਦੇਸ਼ ਵਿਚ ਕਮਿਊਨਿਸਟ ਪਾਰਟੀ ਬਣਨ ਦੇ ਪਚਵੰਜਾ ਸਾਲ ਬਾਅਦ, ਗਦਰ ਲਹਿਰ ਦੇ ਫੇਲ੍ਹ ਹੋਣ ਦੇ ਪੈਂਠ ਸਾਲ ਬਾਅਦ, ਭਗਤ ਸਿੰਘ ਦੀ ਸ਼ਹੀਦੀ ਦੀ ਗੌਰਵ-ਗਾਥਾ ਦੇ ਪੰਜਾਹ ਸਾਲ ਬਾਅਦ ਵੀ ਸਾਡੇ ਪਾਸ ਰਣਜੀਤ ਗਰੇਵਾਲ ਜਿਹੇ ਮਾਰਕਸੀ ਹੀਰੇ ਅਣਗੌਲੇ ਹੀ ਪਏ ਹਨ ਜੋ ਭਗਤ ਸਿੰਘ ਦੀ "ਮਾਨਸਿਕ ਖੜੋਤ" ਬਾਰੇ ਥੀਸਸ ਪੇਸ਼ ਕਰਦੇ ਹੋਏ ਕਹਿਦੇ ਹਨ : "ਇਸ ਨੂੰ ਹੀ ਕਹਿੰਦੇ ਹਨ ਕਿ ਮਾਨਸਿਕ ਸਥਿਤੀ ਜਨੂਨ ਦੀ ਅਵਸਥਾ ਵਿਚ ਪੁਜ ਗਈ ਹੈ। ਜਦੋਂ ਇਹ ਸਥਿਤੀ ਹੋਵੇ, ਅਥਵਾ ਜਨੂਨ ਤਾਰੀ ਹੋਵੇ ਤਾਂ ਨਿਸਚੇ ਹੀ ਆਲੇ-ਦੁਆਲੇ ਦੀ ਸੁਧ ਬੁਧ ਨਹੀਂ ਰਹਿੰਦੀ। ਕੀ ਇਸ ਨੂੰ ਅਸੀਂ ਇਕ ਨਵੀਂ ਕਿਸਮ ਦੀ ਮਾਨਸਿਕ

ਖੜੋਤ ਨਹੀਂ ਕਹਿ ਸਕਦੇ ?'' !!!

ਸਾਰੀ ਦੁਨੀਆਂ ਤਾਂ ਇਹ ਕਹਿੰਦੀ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਦੇਸ਼ ਦੀ 'ਮਾਨਸਕ ਖੜੋਤ' ਨੂੰ ਤੋੜਨ ਲਈ ਹੀ ਬੰਬ ਵਾਲੀ ਕਾਰਵਾਈ ਕੀਤੀ ਸੀ ਅਤੇ ਭਗਤ ਸਿੰਘ ਆਪ ਵੀ ਇਹੀ ਲਿਖਦਾ ਹੈ, ਪਰ ਗਰੇਵਾਲ ਦੇ ਥੀਸਸ ਅਨੁਸਾਰ ਭਗਤ ਸਿੰਘ ਦੀ ਇਹ ਕਾਰਵਾਈ ਅਤੇ ਸੋਚ ਹੀ ਮਾਨਸਕ ਖੜੋਤ ਦਾ ਚਿੰਨ੍ਹ ਹੈ ਅਤੇ ਜੇ ਕੋਈ ਭਗਤ ਸਿੰਘ ਦੇ ਕਾਰਨਾਮੇ ਉਤੇ ਫੁਲ ਚੜ੍ਹਾਉਂਦਾ ਹੈ ਉਹ ਵੀ ਮਾਨਸਕ ਖੜੋਤ ਦਾ ਸ਼ਿਕਾਰ ਹੈ। ਭਗਤ ਸਿੰਘ ਆਪ ਇਸ ਬਾਰੇ ਇਹ ਕਹਿੰਦਾ ਹੈ ਕਿ ''ਜੇਲ੍ਹ ਵਿਚ ਹੀ ਜਦ ਇਕ ਪੁਲਸ ਅਫਸਰ ਨੇ ਸਾਨੂੰ ਦੱਸਿਆ ਕਿ ਲਾਰਡ ਇਰਵਨ ਨੇ ਅਸੈਂਬਲੀ ਦੇ ਦੋਵੇਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਸਾਡੀ ਇਸ ਕਾਰਵਾਈ ਨੂੰ ਕਿਸੇ ਵਿਅਕਤੀ ਉਤੇ ਹਮਲਾ ਨਹੀਂ ਸਗੋਂ ਸਮੁਚੀ ਸੰਸਥਾ ਉਤੇ ਹਮਲਾ ਦਸਿਆ ਹੈ ਤਾਂ ਅਸੀਂ ਇਕ-ਦਮ 'ਜਾਣ ਗਏ ਕਿ ਸਾਡੀ ਉਸ ਕਾਰਵਾਈ ਨੂੰ ਠੀਕ ਠੀਕ ਸਮਝ ਲਿਆ ਗਿਆ ਹੈ।''[8]

ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ 9 ਅਪ੍ਰੈਲ 1929 ਵਾਲੇ ਦਿਨ ਇਹ ਕਾਰਵਾਈ ਉਸ ਸਮੇਂ ਕੀਤੀ ਜਦ ਕਮਿਊਨਿਸਟ ਲਹਿਰ ਅਜੇ ਸ਼ੁਰੂ ਹੀ ਹੋ ਰਹੀ ਸੀ, ਜਿਸ ਨੂੰ ਕੁਚਲਣ ਲਈ ਕੇਂਦਰੀ ਅਸੈਂਬਲੀ ਵਲੋਂ ਕਾਲੇ ਕਾਨੂੰਨ ਪਾਸ ਕੀਤੇ ਜਾਣੇ ਸਨ, ਜਿਨ੍ਹਾਂ ਦੀ ਮਦਦ ਨਾਲ ਟ੍ਰੇਡ ਯੂਨੀਅਨਾਂ ਅਤੇ ਸ਼ਹਿਰੀ ਆਜ਼ਾਦੀ ਨੂੰ ਕੁਚਲਣ ਲਈ ਮੇਰਠ ਸਾਜ਼ਸ਼ ਕੇਸ ਅਧੀਨ ਤਿੰਨ ਹਫ਼ਤੇ ਪਹਿਲਾਂ (20.3.29) 32 ਕਮਿਊਨਿਸਟਾਂ ਟ੍ਰੇਡ ਯੂਨੀਅਨ ਅਤੇ ਵਰਕਰਜ਼-ਪੈਜ਼ੈਂਟਸ ਪਾਰਟੀ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸੋਹਨ ਸਿੰਘ ਜੋਸ਼ ਜੋ ਆਪ ਇਸ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਹੋਏ, ਲਿਖਦੇ ਹਨ : ''ਮੈਨੂੰ ਪਤਾ ਸੀ ਕਿ ਸਾਡੀਆਂ ਗ੍ਰਿਫਤਾਰੀਆਂ ਤੋਂ ਬਾਅਦ ਭਗਤ ਸਿੰਘ ਅਤੇ ਉਹਦਾ ਗਰੁਪ ਕੋਈ ਦਲੇਰੀ ਵਾਲਾ ਕਦਮ ਚੁਕਣਗੇ। ਸਾਡੀਆਂ ਗਿਫਤਾਰੀਆਂ ਤੋਂ ਪਹਿਲਾਂ ਦੇਸ਼ ਵਿਚ ਇਕ ਕਿਸਮ ਦੀ ਚੁਪ-ਚਾਂ ਅਤੇ ਬੇਹਰਕਤੀ ਦਾ ਮਹੌਲ ਸੀ, ਜਿਸ ਕਾਰਨ ਸਾਰੇ ਦੇਸ ਦਾ ਧਿਆਨ ਮੇਰਠ ਵਲ ਖਿੱਚਿਆ ਗਿਆ। ਸਾਜ਼ਿਸ਼ ਵਿਚ ਦੋਸ਼ੀਆਂ ਵਜੋਂ ਤਿੰਨ ਅੰਗਰੇਜ਼ਾਂ ਨੂੰ ਫਸਾਏ ਜਾਣ ਨੇ ਇਸ ਮੁਕਦਮੇ ਨੂੰ ਹੋਰ ਵੀ ਮਸ਼ਹੂਰ ਕਰ ਦਿਤਾ...ਇਹਨਾਂ ਬੰਬਾਂ ਦਾ ਮਨੋਰਥ ਸਰਕਾਰੀ ਬੈਂਚਾਂ ਉਤੇ ਬੈਠੇ ਅੰਗਰੇਜ਼ ਮੈਂਬਰਾਂ ਨੂੰ ਜ਼ਖ਼ਮੀ ਕਰਨਾ ਜਾਂ ਕਤਲ ਕਰਨਾ ਨਹੀਂ ਸੀ, ਜਾਂ ਵਿਰੋਧੀ ਬੈਂਚਾਂ ਉਤੇ ਬੈਠੇ ਮੈਂਬਰਾਂ ਨੂੰ ਜ਼ਖ਼ਮੀ ਕਰਨਾ ਨਹੀਂ ਸੀ, ਸਗੋਂ 'ਸਾਡੇ ਉਤੇ ਪਬਲਿਕ ਸੇਫ਼ਟੀ ਅਤੇ ਟ੍ਰੇਡ ਡਿਸਪਿਊਟਸ ਬਿੱਲ ਜਿਹੇ ਨਵੇਂ ਦਬਾਊ ਕਦਮ ਮੜ੍ਹੇ ਜਾਣ ਅਤੇ ਪ੍ਰੈਸ ਸੈਡੀਸ਼ਨ ਬਿੱਲ ਨੂੰ ਅਗਲੇ ਇਜਲਾਸ ਵਿਚ ਲਿਆਉਣ ਲਈ ਰਖੇ ਜਾਣ ਵਿਰੁਧ ਰੋਸ ਪਰਗਟ ਕਰਨਾ ਅਤੇ ਤਾੜਨਾ ਕਰਨਾ ਸੀ। ਭਗਤ ਸਿੰਘ ਅਤੇ ਦੱਤ ਨੇ 'ਖੁਲ੍ਹੇ ਕੰਮ ਕਰ ਰਹੇ ਮਜ਼ਦੂਰ ਆਗੂਆਂ ਦੀਆਂ ਅੰਧਾ-ਧੁੰਦ ਗ੍ਰਿਫਤਾਰੀਆਂ' ਕਰ ਕੇ ਦਹਿਸ਼ਤ ਫੈਲਾਏ ਜਾਣ ਵਿਰੁਧ ਵੀ ਆਪਣੀ ਆਵਾਜ਼ ਉਚੀ ਕੀਤੀ...ਸਾਡਾ ਮੁਕਦਮਾ ਅਜੇ ਚਲਦਾ ਪਿਆ ਸੀ, ਜਦੋਂ ਇਹ ਖ਼ਬਰ ਮਿਲੀ ਕਿ... ਇੰਡੀਅਨ ਨੈਸ਼ਨਲ ਕਾਂਗਰਸ ਦੇ ਕਰਾਚੀ ਸਮਾਗਮ ਤੋਂ ਐਨ ਪਹਿਲਾਂ ਫਾਂਸੀ ਲਾ ਦਿਤੀ ਗਈ। ਇਹ ਆਸ ਸੀ ਕਿ ਮਹਾਤਮਾ ਗਾਂਧੀ ਉਹਨਾਂ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਘਟਾਉਣ ਵਾਸਤੇ ਇਰਵਨ ਨਾਲ ਗੱਲਬਾਤ ਕਰਨਗੇ। ਪਰ ਗਾਂਧੀ ਇਰਵਨ ਗੱਲਬਾਤ ਵਿਚ ਮਹਾਤਮਾ ਗਾਂਧੀ ਨੇ ਇਹਨਾਂ ਦੀਆਂ ਜਾਨਾਂ ਬਚਾਉਣ ਲਈ ਇਕ ਲਫ਼ਜ਼ ਤਕ ਵੀ ਮੂੰਹੋਂ ਨਾ ਕਢਿਆ।''[9]

ਇਹ ਲੰਮਾ ਹਵਾਲਾ ਇਸ ਲਈ ਦਿਤਾ ਗਿਆ ਹੈ ਤਾਂ ਜੋ ਉਸ ਬੰਦੇ ਦੀ ਰਾਏ ਜਾਣੀ ਜਾਵੇ ਜਿਸ ਨੇ ਪਿਛਲੇ ਸੱਠ ਸਾਲ ਤੋਂ ਇਨਕਲਾਬੀ ਘੋਲਾਂ ਵਿਚ ਆਪ ਹਿੱਸਾ ਲਿਆ ਹੈ, ਜਿਸ ਨੇ



ਭਗਤ ਸਿੰਘ ਨੇੜਿਉਂ ਤਕਿਆ ਹੈ ਅਤੇ ਜੋ ਦੇਸ਼ ਦੇ ਸਭ ਤੋਂ ਪਹਿਲੇ ਗਿਣਤੀ ਦੇ ਕਮਿਊਨਿਸਟਾਂ ਵਿਚੋਂ ਹੈ। ਪਰ ਦੂਜੇ ਪਾਸੇ ਗਰੇਵਾਲ ਇਸ ਕਾਰਵਾਈ ਨੂੰ ''ਸਰਗਰਮ ਜ਼ਿੰਦਗੀ ਤੋਂ ਭਗੌੜਾ ਹੋਣ'' ਦਾ ਫਤਵਾ ਦੇਂਦਾ ਹੋਇਆ ਕਹਿੰਦਾ ਹੈ ਕਿ **''ਕੀ ਇਹ ਉਸ ਬੌਂਦਲੇ ਹੋਏ ਬੰਦੇ ਵਰਗੀ ਅਵਸਥਾ ਨਹੀਂ ਜਿਸ ਨੂੰ ਅਗੇ ਹੋਰ ਕੁਝ ਵੀ ਦਿਖਾਈ ਨਹੀਂ ਦੇ ਰਿਹਾ ? ਕੀ ਸ਼ਹਾਦਤ ਤੋਂ ਪਹਿਲਾਂ ਭਗਤ ਸਿੰਘ ਦੀ ਇਹੋ ਜਿਹੀ ਹਾਲਤ ਹੋ ਗਈ ਸੀ ?''** (ਉਪਰੋਕਤ, ਪੰਨਾ 44)

'ਮੈਂ ਨਾਤਸਕ ਕਿਉਂ ਹਾਂ ?' ਲੇਖ ਦੇ ਆਧਾਰ 'ਤੇ ਰਣਜੀਤ ਗਰੇਵਾਲ ਨੇ ਭਗਤ ਸਿੰਘ ਦੀ ਮਨੋਸਥਿਤੀ ਦਾ ਇਹ ਨਕਸ਼ਾ ਪੇਸ਼ ਕੀਤਾ ਹੈ। ਲੇਖਕ ਜ਼ਿਲ੍ਹਾ ਲੁਧਿਆਨਾ ਵਿਖੇ, ਅੱਡਾ ਦਾਖਾ ਦੇ ਪਾਸ ਬਿਜਲੀ ਬੋਰਡ ਵਿਚ ਕੰਮ ਕਰਦਾ ਹੈ। ਦਾਖਾ ਵਿਖੇ ਹੀ ਪੰਜਾਬੀ ਦੇ ਇਕ ਮਹਾਂ ਵਿਦਵਾਨ ਵੀ ਰਹਿੰਦੇ ਹਨ—ਪ੍ਰੋ: ਸੰਤ ਸਿੰਘ ਸੇਖੋਂ—ਜੋ **ਸਿਰਜਣਾ** ਦੇ ਨਿਗਰਾਨ ਵੀ ਹਨ ਅਤੇ ਜਿਨ੍ਹਾਂ ਨੇ ਆਪਣੀ ਵਲੈਤ ਯਾਤਰਾ ਦੇ ਸਮੇਂ, 20-6-80 ਨੂੰ, ਲੰਡਨ ਵਿਖੇ **ਦੇਸ ਪ੍ਰਦੇਸ** ਦੇ ਸੰਪਾਦਕ ਪਾਸ ਭਗਤ ਸਿੰਘ ਬਾਰੇ ਇਹ ਵਿਚਾਰ ਪ੍ਰਗਟ ਕੀਤੇ ਸਨ ਕਿ ਇਤਿਹਾਸਕਾਰਾਂ ਅਤੇ ਜੀਵਨੀਕਾਰਾਂ ਨੇ ਭਗਤ ਸਿੰਘ ਨੂੰ ਲੋੜ ਤੋਂ ਵਧ ਵਡਿਆਇਆ ਹੈ, ਜਦ ਕਿ ਉਹ ਕਿਸੇ ਵਿਸ਼ੇਸ਼, ਨਿਯਮ-ਬਧ ਘੋਲ ਦਾ ਸੰਚਾਲਕ ਨਹੀਂ ਸੀ ਅਤੇ ਉਸ ਦੀ ਕਾਰਵਾਈ ਵਧ ਤੋਂ ਵਧ ਇਕ ਵਿਅਕਤੀ ਦਾ ਦਲੇਰੀ-ਪੂਰਨ ਕਰਤਬ ਹੀ ਸੀ ਜਿਸ ਨਾਲ ਨਾ ਹੀ ਕਿਸੇ ਰਾਜਸੀ ਲਹਿਰ ਤੇ ਨਾ ਹੀ ਕਿਸੇ ਰਾਜਸੀ ਵਿਚਾਰ ਨੂੰ ਬਲ ਮਿਲਿਆ। ਅਮ੍ਰਿਤਸਰ ਦੇ ਮਾਸਿਕ ਪੱਤਰ **ਸਮਤਾ** ਦੇ ਜੁਲਾਈ 1980 ਅੰਕ ਵਿਚ ਇਹਨਾਂ ਵਿਚਾਰਾਂ ਦਾ ਵੇਰਵਾ ਛਪਿਆ ਸੀ ਅਤੇ ਬਾਅਦ ਦੇ ਦੋ-ਤਿੰਨ ਮਹੀਨੇ ਪਾਠਕਾਂ ਦੇ ਪ੍ਰਤੀਕਰਮ ਵੀ ਇਸ ਬਾਰੇ ਛਪਦੇ ਰਹੇ। ਪਰ ਸੇਖੋਂ ਸਾਹਿਬ ਨੇ ਇਸ ਵਿਸ਼ੇ ਬਾਰੇ ਹੋਰ ਕੁਝ ਕਹਿਣਾ ਮੁਨਾਸਬ ਨਹੀਂ ਸਮਝਿਆ। ਸ਼ਹੀਦ ਭਗਤ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਜੀਵਨੀ ਦੇ ਕਰਤਾ **ਕੇ. ਕੇ. ਖ਼ੁਲਰ** ਨੇ 24-3-81 ਦੇ **ਨੈਸ਼ਨਲ ਹੈਰਲਡ** ਦੈਨਿਕ ਵਿਚ ਇਕ ਲੇਖ ਰਾਹੀਂ ਸੇਖੋਂ ਸਾਹਿਬ ਦੇ ਕਥਨ ਦੀ ਵਚਿਰਤਾ ਨੂੰ ਮੁਖ ਰਖ ਕੇ ਬੜੀ ਹੈਰਾਨੀ ਪ੍ਰਗਟ ਕੀਤੀ ਸੀ ਕਿ ਪ੍ਰੋ: ਸੇਖੋਂ ਜਿਹੇ ਮਾਰਕਸਵਾਦੀ ਵਿਦਵਾਨ ਨੂੰ ਜੋ ਸਦਾ ਭਗਤ ਸਿੰਘ ਦਾ ਪ੍ਰਸ਼ੰਸਕ ਰਿਹਾ ਹੈ, ਉਮਰ ਦੇ ਇਹਨਾਂ ਦਿਨਾਂ ਵਿਚ ਇਸ ਤਰ੍ਹਾਂ ਦਾ ਬਿਆਨ ਦੇਣ ਅਤੇ ਫੇਰ ਇਸ ਦੀ ਪੁਸ਼ਟੀ ਵਿਚ ਕੁਝ ਵੀ ਨਾ ਕਹਿਣ ਜਾਂ ਲਿਖਣ ਦੀ ਲੋੜ ਕਿਉਂ ਪਈ, ਜਦ ਕਿ ਉਸ ਨੂੰ ਅਜਿਹਾ ਬਿਆਨ ਦੇ ਕੇ ਭਲ ਖਟਣ ਜਾਂ ਚਰਚਾ ਕਰਵਾਉਣ ਦੀ ਵੀ ਕੋਈ ਲੋੜ ਨਹੀਂ ਸੀ ?[10]

ਸੇਖੋਂ ਸਾਹਿਬ ਪੰਜਾਬ ਦੇ ਇਤਿਹਾਸ ਦੇ ਵੀ ਚੰਗੇ ਘੋਖੀ ਹਨ ਅਤੇ ਸੁਣਿਆ ਹੈ ਕਿ ਉਹ ਬੰਦਾ ਬਹਾਦਰ ਬਾਰੇ ਇਕ ਨਾਟਕ ਲਿਖਣ ਵਿਚ ਰੁਝੇ ਹੋਏ ਹਨ ਜਿਸ ਵਿਚ ਇਕ ਦਿਲਚਸਪ ਇਨਕਸ਼ਾਫ਼ ਕੀਤਾ ਜਾਏਗਾ ਕਿ ਬੰਦਾ ਬਹਾਦਰ ਅਸਲ ਵਿਚ ਗੁਰੂ ਗੋਬਿੰਦ ਸਿੰਘ ਹੀ ਸੀ, ਕਿਉਂਕਿ ਪਰੰਪਰਾ ਅਨੁਸਾਰ ਗੁਰੂ ਜੀ ਸਨ-ਦੇਹ ਹੀ ਪਧਾਰ ਗਏ ਸਨ ਅਤੇ ਮੁੜ ਕੁਝ ਸਾਲਾਂ ਬਾਅਦ ਬੰਦਾ ਬਹਾਦਰ ਦੇ ਰੂਪ ਵਿਚ ਪ੍ਰਗਟ ਹੋਏ। (ਸੇਖੋਂ ਤੇ ਗੁਰੂ-ਘਰ, ਆਰਸੀ, ਮਾਰਚ, 1981) ਸੋ ਲਗਦਾ ਹੈ ਕਿ ਸੇਖੋਂ ਸਾਹਿਬ ਦੀ ਇਹ ਅਵਸਥਾ ਵਚਿਤਰ ਪਰ ਦਿਲਚਸਪ ਇਨਕਸ਼ਾਫ਼ਾਂ ਦੀ ਅਵਸਥਾ ਹੈ। (ਇਸ ਨੂੰ ਸੱਤਰਿਆ-ਬਹੱਤਰਿਆ ਜਾਣਾ ਤਾਂ ਨਹੀਂ ਕਹਿੰਦੇ ?!) ਪਰ ''ਊਠ ਚਾਲੀ ਤੇ ਬੋਤਾ ਪੰਤਾਲੀ'' ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਜੇ ਸੇਖੋਂ ਸਾਹਿਬ ਦੇ ਵਿਚਾਰਾਂ ਦੀ ਵਧੇਰੇ ਵਿਆਖਿਆ ਰਣਜੀਤ ਗਰੇਵਾਲ ਜਿਹੇ **ਸਜਣਾਂ** ਨੇ ਹੀ ਕਰਨੀ ਹੈ ਤਾਂ ਇਹ ਇਤਿਹਾਸ ਲਈ, ਇਨਕਲਾਬੀ

ਲਹਿਰ ਅਤੇ ਇਸ ਦੇ ਨਾਇਕਾਂ ਦੀ ਭੂਮਕਾ ਦੇ ਮੁਲ-ਆਂਕਣ ਲਈ ਬੜੀ ਘਾਤਕ ਸਿਧ ਹੋਵੇਗੀ। ਅਜੇ ਤਾਂ ਉਹ ਬੰਦੇ ਵੀ ਜੀਊਂਦੇ ਹਨ ਜਿੰਨ੍ਹਾਂ ਨੇ ਭਗਤ ਸਿੰਘ ਨੂੰ ਉਸ ਦੇ ਆਖਰੀ ਸਮੇਂ ਵੀ ਦੇਖਿਆ ਅਤੇ ਉਸ ਨਾਲ ਗੱਲਾਂ ਕੀਤੀਆਂ ਹਨ। ਅਜੇ 24-3-81 ਦੇ **ਟ੍ਰਿਬਿਊਨ** ਵਿਚ ਹੀ ਰੂਪ ਚੰਦ ਦਾ ਲੇਖ "**ਭਗਤ ਸਿੰਘ ਦੀ ਆਖਰੀ ਸ਼ਾਮ**' ਛਪਿਆ ਹੈ ਜਿਸ ਵਿਚ ਉਹ ਲਿਖਦਾ ਹੈ ਕਿ ਮੇਰਾ ਸੈੱਲ ਭਗਤ ਸਿੰਘ ਦੇ ਸੈੱਲ ਤੋਂ ਕੇਵਲ 50 ਗਜ਼ ਦੇ ਫਾਸਲੇ ਉਤੇ ਸੀ ਅਤੇ ਉਹਨਾਂ ਦੇ ਫਾਂਸੀ ਲਗਣ ਤੋਂ ਇਕ ਘੰਟਾ ਪਹਿਲਾਂ ਹੀ ਸਾਰੇ ਜੇਲ੍ਹ ਵਾਸੀਆਂ ਨੂੰ ਪਤਾ ਲਗ ਗਿਆ ਸੀ ਕਿ ਉਹਨਾਂ ਨੂੰ ਇਕ ਦਿਹਾੜੀ ਪਹਿਲਾਂ ਹੀ ਫਾਂਸੀ ਮਿਲ ਜਾਣੀ ਹੈ। ਸੋ ਰੂਪ ਚੰਦ ਨੇ ਸੱਤ ਵਜੇ ਸ਼ਾਮ (ਫਾਂਸੀ ਤੋਂ ਪੌਣਾ ਘੰਟਾ ਪਹਿਲਾਂ) ਪੁਛਿਆ :

"ਸਰਦਾਰ ਜੀ, ਆਪ ਕਾ ਕਿਆ ਹਾਲ ਆਇਆ ?"

ਇਕ ਖੜਕਵਾਂ ਉਤਰ ਆਇਆ : "ਤਿਆਰ ਬਰ ਤਿਆਰ।" ਅਤੇ ਜਦ 7.10 'ਤੇ ਟੌਮੀਆਂ (ਅੰਗ੍ਰੇਜ਼ ਸਿਪਾਹੀਆਂ) ਦੀ ਗਾਰਦ ਭਗਤ ਸਿੰਘ ਦੇ ਸੈੱਲ ਦੇ ਸਾਹਮਣੇ ਆਈ ਤਾਂ ਭਗਤ ਸਿੰਘ ਦੀ ਜ਼ੋਰਦਾਰ ਆਵਾਜ਼ ਸੁਣਾਈ ਦਿਤੀ : "ਰਾਜ ਗੁਰੂ, ਤਿਆਰ ਹੋ ਜਾਉ; ਸੁਖਦੇਵ ਤਿਆਰ ਹੋ ਜਾਉ।" ਇਕ ਦਮ ਜੇਲ੍ਹ ਦੇ ਸੱਨਾਟੇ ਵਿਚ "ਇਨਕਲਾਬ ਜ਼ਿੰਦਾਬਾਦ," "ਸਾਮਰਾਜ ਮੁਰਦਾਬਾਦ" ਦੇ ਨਾਹਰੇ ਗੂੰਜਣ ਲੱਗੇ।

ਰਣਜੀਤ ਗਰੇਵਾਲ ਤੋਂ ਕੋਈ ਪੁਛਣ ਵਾਲਾ ਹੋਵੇ ਕਿ ਇਨਕਲਾਬ ਦੇ ਇਸ ਮਹਾਨ ਨਾਇਕ ਦੀ ਇਹ ਹਾਲਤ, ਜੋ ਫਾਂਸੀ ਚੜ੍ਹਨ ਤੋਂ ਕੁਝ ਪਲ ਪਹਿਲਾਂ ਤੱਕ ਲੈਨਿਨ ਦੀ ਪੁਸਤਕ ਪੜ੍ਹ ਰਿਹਾ ਸੀ, "ਬੌਂਦਲੇ ਹੋਏ ਬੰਦੇ ਵਾਲੀ ਅਵਸਥਾ" ਹੈ, ਜਾਂ "ਸਰਗਰਮ ਜ਼ਿੰਦਗੀ ਤੋਂ ਭਗੌੜਾ ਹੋਣ" ਵਾਲੀ ਗੱਲ ਹੈ ? ਰੂਪ ਚੰਦ ਲਿਖਦਾ ਹੈ ਕਿ ਫਾਂਸੀ ਲਗਣ ਤੋਂ ਇਕ ਦਿਨ ਪਹਿਲਾਂ ਭਗਤ ਸਿੰਘ ਨੇ ਆਪਣੀ ਹੱਥੀਂ ਇਹ ਸ਼ੇਅਰ ਲਿਖ ਕੇ ਮੈਨੂੰ ਇਕ ਮੁਸ਼ੱਕਤੀ ਕੈਦੀ ਦੇ ਰਾਹੀਂ ਭੇਜਿਆ ਸੀ : "ਕੋਈ ਦਮ ਕਾ ਮਹਿਮਾਨ ਹੂੰ ਐ ਅਹਿਲੇ ਮਹਿਫ਼ਲ/ਚਿਰਾਗ਼ੇ ਸਹਿਰ ਹੂੰ ਬੁਝਾ ਚਾਹਤਾ ਹੂੰ।" ਸੋ ਭਗਤ ਸਿੰਘ ਤਾਂ ਆਖਰੀ ਦਮ ਤਕ ਮਹਿਫ਼ਲ ਨੂੰ ਸੰਬੋਧਤ ਰਿਹਾ ਹੈ।

ਹਾਂ, ਸੇਖੋਂ ਸਾਹਿਬ ਦੀ ਇਸ ਵਿਸ਼ੇ ਬਾਰੇ ਚੁਪ ਕੁਝ ਅਰਥ-ਭਰਪੂਰ ਪਰਤੀਤ ਹੁੰਦੀ ਹੈ, ਜਿਵੇਂ ਮੋਨਾ-ਲਿਜ਼ਾ ਦੀ ਹਲਕੀ ਜਿਹੀ ਮੁਸਕਣੀ ਜਿਸ ਦਾ ਕੁਝ ਵੀ ਅਰਥ ਹੋ ਸਕਦਾ ਹੈ। ਇਹ ਵੀ ਪਤਾ ਨਹੀਂ ਕਿ ਇਹ ਮੁਸਕਣੀ ਹੈ ਜਾਂ ਦੁਚਿੱਤੀ, ਹਰਖ ਹੈ ਜਾਂ ਤਾੜਨਾ, ਘਿਰਨਾ ਹੈ ਜਾਂ ਅਭਿਮਾਨ ! ਭਗਤ ਸਿੰਘ ਤਾਂ ਇਨਕਲਾਬੀ ਅਖਾੜੇ ਦਾ ਭਲਵਾਨ ਹੋਇਆ ਹੈ। ਉਹਨੀਂ ਦਿਨੀਂ ਪੰਜਾਬ ਵਿਚ ਅਮਾਮ ਬਖ਼ਸ਼ "ਰੁਸਤਮੇ ਜ਼ਮਾਂ" ਹੁੰਦਾ ਸੀ, ਜਿਵੇਂ ਅਜ-ਕਲ੍ਹ ਸੇਖੋਂ ਸਾਹਿਬ ਪੰਜਾਬੀ ਆਲੋਚਨਾ ਦੇ ਰੁਸਤਮ ਹਨ। ਕੋਈ ਵਡੇ ਤੋਂ ਵਡਾ ਮੱਲ ਵੀ ਸਿਧਾ 'ਰੁਸਤਮੇ ਜਮਾਂ' ਨਾਲ ਘੁਲ ਨਹੀਂ ਸੀ ਸਕਦਾ। ਉਸ ਨੂੰ ਪਹਿਲਾਂ 'ਰੁਸਤਮੇ ਹਿੰਦ' (ਹਮੀਦਾ ਭਲਵਾਨ) ਜਾਂ ਹਮੀਦੇ ਦੇ ਪੱਠਿਆਂ ਨਾਲ ਘੁਲਣਾ ਪੈਂਦਾ ਸੀ। ਏਸੇ ਤਰ੍ਹਾਂ ਅੱਜ-ਕਲ੍ਹ ਪੰਜਾਬੀ ਸਾਹਿਤ ਦਾ ਹਾਲ ਹੈ ਕਿ ਥੋੜੇ ਕੀਤਿਆਂ ਖ਼ਲੀਫ਼ੇ ਕਿਸੇ ਚਰਚਾ ਦਾ ਉਤਰ ਨਹੀਂ ਦੇਂਦੇ। ਉਹਨਾਂ ਦੇ ਮਜੂਰੇ, ਮਜੌਰ ਜਾਂ ਪੱਠੇ ਉਹਨਾਂ ਵਲੋਂ ਵਿਆਖਿਆ ਪੇਸ਼ ਕਰਦੇ ਹਨ।

---

**ਸੰਕੇਤ** :—ਸਫ਼ਾ 37 ਉਤੇ ਪੜ੍ਹੋ।



ਕਹਾਣੀ

## ਮੋਤੀਆਂ ਜਿਹ ਪਲ
### ਬਲਦੇਵ ਸਿੰਘ

ਤਿੰਨਾਂ ਸਾਲਾਂ ਬਾਅਦ ਵੀ ਤਾਂਗੇ ਵਾਲੇ ਨੱਥੂ ਨੇ ਬੀਰੇ ਨੂੰ ਸਿਆਣ ਲਿਆ। ਕੁਝ ਪਲ ਉਹ ਅੱਡੇ ਵਲ ਤੁਰੇ ਆਉਂਦੇ ਬੀਰੇ ਵਲ ਮੂੰਹ ਚੁੱਕੀ ਝਾਕਦਾ ਰਿਹਾ। ਫਿਰ ਅੱਖਾਂ ਦੇ ਭਰਵੱਟੇ ਉਤਾਂਹ ਚੁੱਕਦਿਆਂ ਬੋਲਿਆ—'ਆਹਾ ! ਓ ਬੱਲੇ...! ਆਹ ਤਾਂ ਬੀਰਾ ਸਿਹੁੰ ਲਗਦੈ ਵਈ ਕਲਕੱਤੇ ਆਲਾ।'

—'ਐ ਕਿਤੇ ਸਾਡਾ ਤਾਇਆਂ ਭਲੇਖਾ ਖਾਂਦੈ ?' ਅੱਗਿਉਂ ਬੀਰਾ ਮਾਣ ਨਾਲ ਮੁਸਕਰਾ ਪਿਆ. ਹੱਥਲਾ ਟਰੰਕ ਭੁੰਜੇ ਰੱਖ ਕੇ ਬੋਲਿਆ—'ਸਾਸਰੀ ਕਾਲ।'

—'ਸਾਸਰੀ ਕਾਲ ਬਾਈ ਰਘਬੀਰ ਸਿਹਾਂ।' ਇਸ ਵਾਰ ਨੱਥੂ ਉਸ ਦੇ ਚੰਗੇ ਲੀੜੇ-ਕਪੜੇ ਪਹਿਨੇ ਵੇਖ ਕੇ ਇਜ਼ਤ ਨਾਲ ਬੋਲਿਆ ਤੇ ਅੱਗੇ ਹੋ ਕੇ ਭੁੰਜੇ ਰੱਖਿਆ ਟਰੰਕ ਚੁੱਕ ਲਿਆ।

—'ਤੁਰਿਆ ਈ ਆਉਨੈ ਅਜੇ...ਹੈਂ ?'

—'ਡੇਢ ਆਲੀ ਗੱਡੀ ਉਤਰਿਐਂ...ਗੱਡੀ ਪਿਛੋਂ ਈ ਬਾਹਲੀ ਲੇਟ ਹੋਗੀ। ਹੋਰ ਸੁੱਖ ਸਾਂਦ ਐ ? ਕਦੋਂ ਕੁ ਤੁਰਨੈ ਪਿੰਡ ਨੂੰ ?' ਬੀਰੇ ਨੇ ਮੋਢੇ 'ਤੇ ਧਰਿਆ ਦਰੀ 'ਚ ਬੰਨ੍ਹਿਆ ਬਿਸਤਰਾ ਭੁੰਜੇ ਰੱਖ ਦਿੱਤਾ।

—'ਤੁਰਨ ਨੂੰ ਕੀ ਆਪਾਂ ਹੁਣ ਸਵਾਰੀਆਂ ਨਾਲ ਲੱਦ ਕੇ ਤੁਰਨੈ। ਦਾਣਿਆਂ ਦੀ ਬੋਲੀ ਹੋਈ ਤੋਂ ਤੁਰ ਪੈਣੈ। ਬੱਸਾਂ ਦਾ ਢਿੱਡ ਈ ਨੀ ਭਰਦਾ। ਤਿੰਨ ਟੈਮ ਲੱਗੇ ਐ ਆਪਣੇ ਪਿੰਡ ਨੂੰ।' ਨੱਥੂ ਨੇ ਬਿਸਤਰਾ ਚੁੱਕ ਕੇ ਟਰੰਕ ਉਪਰ ਧਰਦਿਆਂ, ਨਵੀਂ ਖ਼ਬਰ ਸੁਣਾਉਣ ਵਾਲਿਆਂ ਵਾਂਗੂ ਕਿਹਾ।

—'ਹੱਦ ਹੋਗੀ ਤਾਇਆ, ਬੜੀ ਤਰੱਕੀ ਹੋਈ ਐ ਫਿਰ ਤਾਂ ? ਐਵੇਂ ਰੌਲਾ ਪਾਈ ਜਾਂਦੇ ਐ ਲੋਕ...ਅਕੇ ਗੌਰਮਿੰਟ ਕਰਦੀ ਕੁਸ਼ ਨੀ।'

—'ਗੌਰਮਿੰਟ ਤਾਂ ਬਥੇਰਾ ਕੁਸ਼ ਕਰਦੀ ਐ। ਤਾਂਗਿਆਂ ਨੂੰ ਲੋਹੇ ਦੇ ਘੋੜੇ ਜੋੜਨ ਨੂੰ ਫਿਰਦੀ ਐ। ਸਾਡੇ ਅਰਗੇ ਬੰਦਿਆਂ ਦੀ ਭੁੱਖ ਦੇ ਕੈਪਸੂਲ ਬਨਾਉਣ ਨੂੰ ਫ਼ਿਰਦੀ ਐ। ਜੇ ਫੇਰ ਵੀ ਗੱਲ ਨਾ ਬਣੀ ਤਾਂ ਲੋਕਾਂ ਦੇ ਮੂੰਹਾਂ 'ਤੇ ਛਿਕਲੀਆਂ ਬੰਨ੍ਹਣ ਨੂੰ ਫਿਰਦੀ ਐ। ਤੂੰ ਵੇਂਹਦਾ ਤਾਂ ਜਾਈਂ। ਹੁਣ ਤਾਂ ਸੁਣਿਐ...ਕੁਕੜੀਆਂ ਆਂਗੂ ਤੀਵੀਆਂ ਵੀ ਬਿਨਾਂ ਬੰਦਿਆਂ ਤੋਂ ਜੁਆਨ ਜੰਮਿਆ ਕਰਨਗੀਆਂ। ਲੋਕ ਤਾਂ ਐਵੇਂ ਈ ਰੌਲਾ ਪਾਈ ਜਾਂਦੇ ਐ...।' ਨੱਥੂ ਟੇਢੀ ਜਿਹੀ ਝਾਕਣੀ ਝਾਕਦਾ ਤੇ ਵਿੰਗਾ ਜਿਹਾ ਹੱਸਦਾ, ਘੋੜੇ ਨੂੰ ਘਾਹ ਪਾਉਣ ਤੁਰ ਗਿਆ।

ਫਿਰ, ਇਧਰ ਉਧਰ ਦੀਆਂ ਹੋਰ ਗੱਲਾਂ ਹੁੰਦੀਆਂ ਰਹੀਆਂ। ਪਿੰਡ ਵਿਚ ਹੋਈਆਂ ਵਾਰਦਾਤਾਂ

ਨੱਥੂ ਦੱਸਦਾ ਰਿਹਾ। ਕਿਵੇਂ, ਪਿਛਲੇ ਵਰ੍ਹੇ ਮੱਲ ਸਿੰਘ ਚੱਲ ਵਸਿਆ। ਚਾਰ ਪੰਜ ਮਹੀਨੇ ਹੋਏ ਔਤਰਿਆਂ ਦੀ ਸੰਤੀ ਨੂੰ ਇਹੋ ਜਾ ਦੌਰਾ ਪਿਆ, ਮੁੜ ਨਹੀਂ ਉੱਠੀ। ਪਾਖਰ ਨੇ ਖੂਹ 'ਚ ਛਾਲ ਕਿਹੜੇ ਦੁਖੋਂ ਮਾਰੀ ? ਫੰਮਣ ਕਿਆਂ ਨੇ ਆਪਣੀ ਕੁੜੀ ਅੰਦਰੇ ਹੀ ਵੱਢ ਦਿੱਤੀ। ਭੱਠੀ ਆਲੀ ਨੂਰਾਂ ਫੇਰ ਕਿਸੇ ਨਾਲ ਨਿਕਲ ਗਈ। ਪਿਛਲੇ ਸਾਲ ਹੀ ਉਹਦੀ ਘੋੜੀ ਨੇ ਪਤਾ ਨਹੀਂ ਘਾਹ ਵਿਚ ਕੀ ਸੱਪ-ਸਲਤੀ ਖਾ ਲਈ, ਬਸ ਖੜੀ ਖੜੀ ਡਿੱਗ ਪਈ। ਹੁਣ, ਆਹ ਘੋੜਾ ਖਰੀਦਿਐ...ਕਿਤੇ ਕਿਤੇ ਵੀਹਰ ਜਾਂਦੈ ਪਰ ਉਂ ਜਦੋਂ ਲੋਰ 'ਚ ਆ ਜੇ ਫੇਰ ਤਾਂ ਪਾਣੀ 'ਤੇ ਤਰਦਾ ਜਾਂਦੈ। ਫਿਰ ਕੁਝ ਸਾਹ ਲੈ ਕੇ ਬੋਲਿਆ...'ਹੋਰ ਸੁਣਾ ਤੇਰੇ ਸ਼ਹਿਰ ਦਾ ਕੀ ਹਾਲ ਚਾਲ ਐ ? ਉਥੇ ਤਾਂ ਆਂਹਦੇ ਐ, ਸਾਰੀ ਸਾਰੀ ਰਾਤ ਦਿਨ ਚੜ੍ਹਿਆ ਰਹਿੰਦੈ। ਤੀਵੀਆਂ ਵਾਜਾਂ ਮਾਰ ਮਾਰ ਬੰਦਿਆਂ ਨੂੰ ਬਲੌਂਦੀਐਂ। ਜੀਅ ਤਾਂ ਬੜਾ ਕਰਦੈ ਕਦੇ ਕਲਕੱਤਾ ਦੇਖੀਏ।'

ਬੀਰਾ ਫੇਰ ਹੱਸ ਪਿਆ। ਪਰ ਇਸ ਵਾਰ ਉਸ ਦੀ ਮੁਸਕਰਾਹਟ ਦੀ ਤਹਿ ਹੇਠਾਂ ਛੁਪੀ ਕਰੁਣਾ ਨੂੰ ਨੱਥੂ ਨਹੀਂ ਜਾਣ ਸਕਿਆ। ਬੀਰਾ ਸੋਚਣ ਲੱਗਾ, ਕੀ ਦੱਸਾਂ ਇਹਨੂੰ ਸ਼ਹਿਰ ਦੀਆਂ ਗੱਲਾਂ ? ਕੀ ਸੁਣਾਵਾਂ ਇਹਨੂੰ ਰਾਤ ਵੇਲੇ ਸੜਕਾਂ 'ਤੇ ਘੁੰਮਦੀਆਂ ਫਿਰਦੀਆਂ ਤੀਵੀਆਂ ਦਾ ਹਾਲ ? ਸਾਰੀ ਸਾਰੀ ਰਾਤ ਜਾਗਦਾ ਸ਼ਹਿਰ ਤੇ ਉਸ ਸ਼ਹਿਰ ਤੋਂ ਕਮਾਈ ਕਰ ਕੇ ਮੁੜਿਆ ਬੀਰਾ, ਜਿਹੜਾ ਤਿੰਨ ਸਾਲ ਪਹਿਲਾਂ ਆਪਣੀ ਮਾਂ ਨੂੰ ਆਖ ਕੇ ਗਿਆ ਸੀ—ਇਸ ਵਾਰ ਪੈਸੇ ਭੇਜਾਂਗਾ ਤਾਂ ਦੱਖਣ ਵਾਲੀ ਕੰਧ ਦੁਬਾਰਾ ਕਢਾ ਲਈਂ। ਮੀਹਾਂ ਨਾਲ ਖੁਰ ਖੁਰ ਕੇ ਬਨੇਰੇ ਤੀਰ ਦੇ ਸਿਰੇ ਵਰਗੇ ਹੋਏ ਪਏ ਐ। ਆਪਣੀ ਘਰ ਵਾਲੀ ਨਾਲ ਵਾਅਦਾ ਕੀਤਾ ਸੀ—ਉਸ ਲਈ ਅਲੱਗ ਪੈਸੇ ਘੱਲੇਗਾ। ਮੁੰਡੇ ਨੂੰ ਸਕੂਲ ਪੜ੍ਹਨ ਲਾਉਣਾ ਪਏਗਾ। ਉਸ ਲਈ ਕਪੜੇ ਨਹੀਂ ਹਨ। ਵਿਆਹ ਵੇਲੇ ਦੇ ਮਿਲੇ ਨੱਕ ਦੇ ਲੌਂਗ ਵਿਚੋਂ ਕਦੋਂ ਦਾ ਨਗ ਡਿੱਗਿਆ ਹੈ, ਕਿੰਨੀ ਵਾਰ ਕਹਿ ਚੁੱਕੀ ਸੀ ਉਸ ਦੀ ਘਰ ਵਾਲੀ। ਇਸ ਵਾਰ ਹੋ ਸਕਿਆ ਤਾਂ ਉਹ ਕਲਕੱਤਿਉਂ ਨਵਾਂ ਹੀ ਲੌਂਗ ਲੈ ਕੇ ਆਏਗਾ ਤੇ ਕੰਨਾਂ ਲਈ ਗੋਲ ਗੋਲ ਰਿੰਗ ਵੀ। ਮਾਂ ਕੋਲ ਵੀ ਸਿਆਲਾਂ ਲਈ ਕੋਈ ਮੋਟਾ ਸੂਟ ਨਹੀਂ ਹੈ...

ਪਰ ਇਹਨਾਂ ਤਿੰਨਾਂ ਸਾਲਾਂ ਵਿਚ ਕਮਾਈ ਪੂੰਜੀ ਦਾ ਜਦੋਂ ਕਲਕੱਤਿਉਂ ਤੁਰਨ ਲੱਗੇ ਨੇ ਹਿਸਾਬ ਲਾਇਆ ਸੀ...ਇਕ ਵਾਰ ਸੌ ਤੇ ਫ਼ਿਰ ਤਿੰਨ ਸੌ...ਫਿਰ ਢਾਈ ਸੌ...ਤੇ ਸਾਢੇ ਤਿੰਨ ਸੌ...। ਬੱਸ ਕੁੱਲ ਇਹੀ ਰੁਪਏ ? ਤਾਂ ਉਸ ਨੂੰ ਤੇਲੀ ਆ ਗਈ ਸੀ। ਆਪਣੇ ਕੋਲ ਜਮ੍ਹਾਂ ਰੁਪਿਆਂ ਨੂੰ ਵੀ ਉਹ ਤਿੰਨ ਚਾਰ ਰਾਤਾਂ ਲਗਾਤਾਰ ਗਿਣਦਾ ਰਿਹਾ। ਹਰ ਰੋਜ਼ ਉਹਨਾਂ ਵਿਚ ਪੰਦਰਾਂ ਵੀਹਾਂ ਦਾ ਵਾਧਾ ਕਰਦਾ ਰਿਹਾ। ਤੁਰਨ ਲੱਗਿਆਂ ਉਸ ਕੋਲ ਪੂਰੇ ਤੇਰਾਂ ਸੌ ਰੁਪਏ ਹੋ ਗਏ ਸਨ। ਰੁਪਏ ਤਾਂ ਹੋਰ ਵੀ ਵੱਧ ਜਾਣੇ ਸਨ ਜੇ ਉਸ ਰਾਤ ਉਸ ਨੂੰ ਸੱਠ ਰੁਪਏ ਵਿਚ ਏਅਰ ਪੋਰਟ ਪਹੁੰਚਾਣ ਦਾ ਲਾਲਚ ਨਾ ਆ ਗਿਆ ਹੁੰਦਾ। ਰਾਤ ਦੇ ਢਾਈ ਤਿੰਨ ਵਜੇ। ਵੀ.ਆਈ.ਪੀ. ਦਾ ਸੁੰਨਾ ਇਲਾਕਾ ਤੇ ਉਹਨਾਂ ਚਾਰ ਜਣਿਆਂ ਵਿਚੋਂ ਕਿਸੇ ਨੇ ਉਸ ਦੀ ਵੱਖੀ ਨਾਲ ਛੁਰਾ ਲਾ ਲਿਆ ਤੇ ਜੇਬ ਖਾਲੀ ਕਰ ਲਈ। ਸਾਰੇ ਦਿਨ ਦੀ ਕਮਾਈ ਉਸ ਕੋਲ ਸੀ। ਚੰਗਾ ਇਹ ਹੋਇਆ ਉਹ ਗੱਡੀ ਵੀ ਖੋਹ ਕੇ ਨਹੀਂ ਭੱਜੇ। ਦੂਸਰੇ ਦਿਨ ਉਸ ਨੇ ਮਾਲਕ ਨੂੰ ਆਪਣੇ ਕੋਲੋਂ ਪੈਟਰੋਲ ਪੂਰਾ ਕਰ ਕੇ ਦਿੱਤਾ। ਤੇ ਆਪਣਾ ਕਮਿਸ਼ਨ ਵੀ ਗੁਆਇਆ। ਜੇਬ ਵਿਚਲੇ ਵੀ ਗਏ ਤੇ ਘਰ ਵਿਚਲੇ ਵੀ। ਪਿੰਡ ਜਾਣ ਵੇਲੇ ਇਹ ਸਭ ਨਾਲੋਂ ਵੱਡੀ ਸੱਟ ਉਸ ਨੂੰ ਲੱਗੀ, ਜਿਸ ਨੇ ਘਰ ਜਾਣ ਦਾ ਸਾਰਾ ਚਾਅ ਮਿੱਟੀ ਵਿਚ ਰੋਲ ਦਿੱਤਾ।

ਫਿਰ ਵੀ, ਉਸ ਨੇ ਸੋਚਿਆ ਸੀ, ਘਰ ਵਾਲੀ ਲਈ ਲੌਂਗ ਤੇ ਰਿੰਗ ਤਾਂ ਲੈ ਕੇ ਜਾਵਾਂਗਾ ਹੀ।



ਇਸ ਵਿਚਾਰ ਨਾਲ ਉਹ ਇਕ ਦਿਨ ਲੱਖੀ ਸੁਨਿਆਰੇ ਦੀ ਦੁਕਾਨ ਦੀਆਂ ਪੌੜੀਆਂ ਵੀ ਝਕਦਾ ਝਕਦਾ ਚੜ੍ਹ ਗਿਆ। ਪਰ ਜਦੋਂ ਉਹਨਾਂ ਲੌਂਗ ਤੇ ਰਿੰਗਾਂ ਦੇ ਪੈਸੇ ਦੱਸੇ ਤਾਂ ਉਸਦੇ ਪੈਰਾਂ ਥੱਲਿਉਂ ਜਿਵੇਂ ਪੌੜੀਆਂ ਨਿਕਲ ਗਈਆਂ ਹੋਣ।

—'ਚਲੋ ਅਗਲੀ ਵਾਰ ਸਹੀ।' ਇਸ ਆਸ ਨਾਲ ਉਹ ਲੱਖੀ ਦੀ ਦੁਕਾਨ ਵਿਚ ਹੀ ਛੱਡ ਕੇ ਮੁੜ ਆਇਆ ਸੀ।

ਦਰਜ਼ੀ ਨੂੰ ਨਵੇਂ ਕਪੜਿਆਂ ਦੀ ਸਵਾਈ ਵੀ ਨਹੀਂ ਦਿੱਤੀ। ਇਕ ਦੋਂਹ ਯਾਰਾਂ ਮਿੱਤਰਾਂ ਕੋਲੋਂ ਵੀ ਬਣਦਾ ਸਰਦਾ ਹੁਧਾਰ ਲੈ ਲਿਆ। ਆਪਣਾ ਮੰਜਾ ਵੀ ਉਹ ਇਕ ਹੋਰ ਜਾਣ ਪਹਿਚਾਣ ਵਾਲੇ ਨੂੰ ਆਰਜ਼ੀ ਤੌਰ ਤੇ ਭਾੜੇ ਤੇ ਦੇ ਆਇਆ ਹੈ। ਨਹੀਂ ਤਾਂ ਵਾਪਸ ਜਾਣ ਤੇ ਨਾ ਮੰਜਾ ਮਿਲਦਾ ਹੈ, ਨਾ ਮੰਜਾ ਡਾਹੁਣ ਦੀ ਥਾਂ ਲੱਭਦੀ ਹੈ। ਫਿਰ ਪੈਟਰੋਲ ਪੰਪ ਉਪਰ ਟੈਕਸੀਆਂ ਵਿਚ ਹੀ ਰਾਤਾਂ ਕੱਟਣੀਆਂ ਪੈਂਦੀਆਂ ਹਨ।

ਇਹਨਾਂ ਵਰ੍ਹਿਆਂ ਵਿਚ ਹੀ, ਉਹ ਚੈਣੀ ਤੇ ਅਫੀਮ ਖਾਣ ਲੱਗ ਪਿਆ ਹੈ। ਦਿਨ ਭਰ ਟੈਕਸੀ ਚਲਾ ਕੇ, ਸਵੇਰੇ ਉੱਠਣ ਲੱਗੇ ਦੇ ਜਦੋਂ ਹੱਥ ਪੈਰ ਟੁੱਟਦੇ ਹਨ, ਸਾਰਾ ਸਰੀਰ ਠਿੱਲਰਿਆ ਹੁੰਦਾ ਹੈ। ਉੱਠਣ ਨੂੰ ਜੀਅ ਨਹੀਂ ਕਰਦਾ। ਪਰ ਉਠੇਗਾ ਤਾਂ ਹੀ ਕੁਝ ਮਿਲੇਗਾ, ਨਹੀਂ ਤਾਂ ਜਿਹੜੇ ਕੋਲ ਹਨ, ਉਹ ਵੀ ਘੱਟਦੇ ਜਾਣਗੇ। ਪਿੱਛੇ ਘਰ ਵਾਲੀ, ਬੱਚਾ, ਬੁੱਢੀ ਮਾਂ...ਕੀ ਕਰੇ ? ਪਹਿਲਾਂ ਕਦੀ ਕਦੀ...ਹੌਲੀ ਹੌਲੀ ਨਿੱਤ ਨੇਮ ਵਾਂਗ ਜਦੋਂ ਹੱਡ ਪੈਰ ਟੁੱਟਦੇ, ਸਰੀਰ ਡਿਗੂੰ ਡਿਗੂੰ ਕਰਦਾ ਤਾਂ ਖੀਸੇ 'ਚੋਂ ਕੱਢ, ਗੋਲੀ ਵੱਟ ਕੇ ਅੰਦਰ ਸੁੱਟ ਲੈਂਦਾ। ਫਿਰ ਪੂਰੇ ਜੋਸ਼ ਨਾਲ ਕੰਮ 'ਚ ਜੁੱਟਦਾ।...ਜੇ ਐਤਕੀਂ ਸਾਰੇ ਕੰਮ ਸਿਰੇ ਲੱਗ ਜਾਣ......ਪਰ ਉਸ ਦੀ 'ਜੇ' ਹਰ ਵਾਰ ਕੋਈ ਨਾ ਕੋਈ ਅੜਿੱਕਾ ਖੜਾ ਕਰ ਦਿੰਦੀ ਰਹੀ ਹੈ।

ਨੌਂ ਸਾਲਾਂ ਦਾ ਉਹ ਘਰ ਛੱਡੀ ਫਿਰਦਾ ਹੈ। ਇਹਨਾਂ ਨੌਆਂ ਸਾਲਾਂ ਵਿਚ ਪੰਜ ਛੇ ਵਾਰੀ ਪ੍ਰਾਹੁਣਚਾਰੀ ਵਾਂਗ ਹੀ ਕੁਝ ਦਿਨਾਂ ਲਈ ਘਰ ਆਉਂਦਾ ਹੈ। ਵਿਆਹ ਹੋਏ ਨੂੰ ਸੱਤ ਸਾਲ ਹੋ ਗਏ ਹਨ। ਇਹਨਾਂ ਸੱਤਾਂ ਸਾਲਾਂ ਵਿਚ ਉਹ ਘਰ ਵਾਲੀ ਨੂੰ ਰੱਜ ਕੇ ਵੇਖਣ ਜਿੰਨਾ ਚਿਰ ਵੀ ਉਸ ਕੋਲ ਨਹੀਂ ਰਿਹਾ।

ਵਾਹੀ, ਖਾਦਾਂ ਦੇ ਕਰਜ਼ਿਆਂ ਅਤੇ ਮਾਮਲਿਆਂ 'ਚ ਹੀ ਖੁਰਦੀ ਖੁਰ ਗਈ। ਟਰੈਕਟਰਾਂ ਅਤੇ ਟਿਊਬਵੈਲਾਂ ਦੀ ਆਵਾਜ਼ ਸੁਣ ਕੇ, ਵਿਰਸੇ ਵਿਚ ਮਿਲੇ ਮੌਲੇ ਬਲਦ ਡਰਦੇ ਹੱਲ ਹੇਠੋਂ ਭੱਜ ਨਿਕਲਦੇ। ਕੁਝ ਤਾਂ ਕਰਨਾ ਹੀ ਪੈਣਾ ਸੀ। ਚੋਰੀਆਂ ਕਰਦਾ, ਜੂਆ ਖੇਡਦਾ ਜਾਂ ਸ਼ਰਾਬ ਵੇਚਦਾ। ਪੇਟ ਦੀ ਅੱਗ ਨੂੰ ਬਾਲਣ ਤਾਂ ਚਾਹੀਦਾ ਹੀ ਸੀ। ਇਕ ਜਾਣ-ਪਹਿਚਾਣ ਕੋਲ ਮਿੰਨਤ ਤਰਲਾ ਕਰ ਕੇ ਕਲਕੱਤੇ ਆ ਗਿਆ।

ਚੀਰੇ ਵਾਲੀਆਂ ਪੱਗਾਂ ਬੰਨ੍ਹ ਕੇ ਘੁੰਮਣ ਦਾ ਸ਼ੌਂਕ ਕੁਝ ਦਿਨਾਂ 'ਚ ਹੀ ਆਪਣਾ ਰੰਗ ਲੈ ਆਇਆ। ਸੀਰੀਆਂ ਨਾਲੋਂ ਵੀ ਭੈੜੀ ਹਾਲਤ। ਨਾ ਵੇਲੇ ਨਾਲ ਚਾਹ ਨਾ ਰੋਟੀ। ਜੀਅ ਕੀਤਾ ਪਿੰਡ ਹੀ ਮੁੜ ਜਾਏ, ਪਰ ਉਥੇ ਕਿਹੜਾ ਝੋਨਾ ਸੁੱਕਦਾ ਸੀ। ਆਪਣਿਆਂ ਦੀਆਂ ਅੱਖਾਂ ਤੋਂ ਪਰ੍ਹੇ ਤਾਂ ਸੀ। ਦੇਸ ਚੋਰੀ, ਪਰਦੇਸ ਭਿੱਖਿਆ। ਪਹਿਲਾਂ ਟੈਕਸੀਆਂ ਧੋਤੀਆਂ, ਰੁਲ ਖੁਲ ਕੇ ਡਰਾਇਵਰੀ ਸਿੱਖੀ, ਫਿਰ ਜਿਹੜੀ ਜ਼ਮੀਨ ਸੀ ਗਹਿਣੇ ਧਰ ਕੇ ਟੈਕਸੀ ਲੈ ਲਈ।

ਪਰ ਮਾੜੇ ਦੀ ਕੰਨੀ 'ਤੇ ਚਰਨ ਵਾਂਗ, ਵੱਡੇ ਸ਼ਹਿਰ ਦੇ ਚੌੜੇ ਜਬਾੜੇ 'ਚ ਆ ਕੇ ਟੈਕਸੀ ਵੀ ਚਿੱਥੀ ਗਈ। ਕਦੇ ਇੰਜਣ ਬਣਨ ਵਾਲਾ, ਕਦੇ ਗੇਅਰ ਖਰਾਬ, ਕਦੇ ਟਾਇਰ ਹੈ ਨਹੀਂ, ਕਦੀ

ਟੈਕਸ, ਕਦੀ ਮਿਲਾਨਾ..। ਮਹਾਜਨ ਦੀਆਂ ਕਿਸ਼ਤਾਂ ਟੁੱਟਣ ਲੱਗੀਆਂ, ਪੁਰਾਣੇ ਬੁੜ੍ਹਿਆਂ ਦੀਆਂ ਟਿੱਚਰਾਂ...ਤੇ ਜਾਂਦੇ ਚੋਰ ਦੀ ਲੰਗੋਟੀ ਵੀ ਹੱਥ ਨਾ ਰਹੀ। ਪਿੰਡ ਵਲੋਂ ਵੀ ਗਿਆ ਅਤੇ ਸ਼ਹਿਰ ਵਲੋਂ ਵੀ। ਪੱਲੇ ਰਹਿ ਗਈ ਡਰਾਈਵਰੀ ਦੀ ਡਰਾਈਵਰੀ। ਰੰਨ ਵੀ ਗਈ, ਕੰਨ ਵੀ ਪਾਟ ਗਏ। ਹੁਣ ਜਦੋਂ ਕੋਈ 'ਸੁਣਾ ਵਈ ਮਨੀਮਾਂ' ਆਖ ਕੇ ਛੇੜਦਾ ਤਾਂ ਲਗਦਾ ਜਿਵੇਂ ਸੱਜਰੇ ਜ਼ਖਮਾਂ ਤੇ ਗਰਮ ਸਰੀਆ ਟਿੱਕ ਗਿਆ ਹੋਵੇ। ਪਰ ਕਿਧਰ ਜਾਵੇ? ਕਿਹੜੇ ਖੂਹ ਵਿਚ ਡਿੱਗੇ? ਪਿੱਛੇ ਛੋਟਾ ਮੋਟਾ ਟੱਬਰ ਹੈ। ਤੇ ਜੁਆਕ ਜਿਸ ਦੀਆਂ ਨਾ ਉਹ ਤੋਤਲੀਆਂ ਸੁਣ ਸਕਿਆ ਹੈ ਅਤੇ ਨਾ ਸਿਆਣੀਆਂ...

ਤਾਂਗੇ ਵਾਲਾ ਨੱਥੂ ਕੁਝ ਚਿਰ ਉਸ ਨੂੰ ਸੋਚੀਂ ਪਏ ਨੂੰ ਵੇਂਹਦਾ ਰਿਹਾ। ਫਿਰ ਉਸ ਦੇ ਟਰੰਕ ਉਤੇ ਛਾਂਟੇ ਵਾਲੀ ਪਰਾਣੀ ਠਕੋਰ ਕੇ ਬੋਲਿਆ—'ਆਗੀਆਂ ਬੰਗਾਲਣਾਂ ਚੇਤੇ...? ਉਹ ਤਾਂ ਜਾਦੂ ਕਰ ਦਿੰਦੀਐਂ...। ਆਂਹਦੇ ਕੀਲ ਲੈਂਦੀਐਂ ਬੰਦੇ ਨੂੰ.. ਉਹ ਤਾਂ ਰਾਜਿਆਂ ਨੂੰ ਮੱਖੀਂ ਬਣਾ ਕੇ ਡੱਬੀ 'ਚ ਪਾ ਲੈਂਦੀਐਂ...ਤੇਰੇ ਮੇਰੇ ਕੀ ਸਾਰੇ ਐ—। ਚੱਲ ਹੁਣ ਕਰੀਏ ਤਿਆਰੀ ਪਿੰਡ ਦੀ...।'

ਬੀਰੇ ਨੇ ਦੇਖਿਆ ਪਿੰਡ ਦੇ ਹੋਰ ਆਦਮੀ ਵੀ ਆ ਗਏ ਸਨ। ਰਸਮੀਂ ਪੁੱਛ ਗਿੱਛ ਪਿੱਛੋਂ ਸਾਰੇ ਆਪੋ-ਆਪਣੀਆਂ ਗੱਲੀਂ ਰੁੱਝ ਗਏ।

ਬੀਰੇ ਅੰਦਰ ਇਕ ਡਰ ਪਲ ਰਿਹਾ ਸੀ। ਇਹਨਾਂ ਤਿੰਨਾਂ ਵਰ੍ਹਿਆਂ ਦੇ ਵਿਚਕਾਰਲੇ ਸਮੇਂ ਵਿਚ ਉਹ ਐਨਾ ਟੁੱਟ ਗਿਆ ਸੀ, ਅਜਿਹੇ ਤਸੀਹੇ ਸਹੇ ਸਨ ਉਸ ਨੇ। ਪੈਰਾਂ 'ਤੇ ਖੜੇ ਹੋਣ ਲਈ ਦਿਨ ਰਾਤ ਇਕ ਕਰ ਦਿੱਤੇ ਸਨ। ਨਾ ਕਦੀ ਉਹ ਆਪਣੀ ਨੀਂਦ ਸੁੱਤਾ, ਨਾ ਕਦੀ ਆਪਣੀ ਜਾਗਣੀ ਜਾਗਿਆ। ਪਿਉ ਦੇ ਮਰਨ ਵੇਲੇ ਸਿਰੋਂ ਹੱਥ ਉਠ ਜਾਣ 'ਤੇ ਵੀ ਉਹ ਡਿੱਗਿਆ ਨਹੀਂ ਸੀ। ਪਹਿਲਾਂ ਜਦੋਂ ਵੀ ਉਹ ਪਿੰਡ ਆਇਆ ਸੀ, ਉਸ ਅੰਦਰ ਹੁਲਾਸ ਜਿਹਾ ਹੁੰਦਾ ਸੀ। ਚਾਅ ਫੁੱਟ ਫੁੱਟ ਪੈਂਦਾ ਸੀ। ਛੇਤੀ ਘਰ ਪਹੁੰਚਣ ਲਈ ਪੈਰਾਂ ਥੱਲੇ ਅੱਗ ਮੱਚ ਉਠਦੀ ਸੀ। ਪਰ ਇਸ ਵਾਰ ਕਿੰਨਾ ਕਮਜ਼ੋਰ ਅਨੁਭਵ ਕਰ ਰਿਹਾ ਸੀ, ਉਹ। ਜਦੋਂ ਆਪਣੀ ਮਾਂ ਨੂੰ ਮਿਲੇਗਾ, ਜਦੋਂ ਆਪਣੇ ਟਬਰ ਵਿਚ ਜਾਏਗਾ, ਆਪਣੇ ਆਪ ਨੂੰ ਕਾਇਮ ਰੱਖ ਸਕੇਗਾ ਵੀ ਕਿ ਨਹੀਂ...? ਇਹੀ ਡਰ ਖਾਈ ਜਾ ਰਿਹਾ ਸੀ, ਉਸ ਨੂੰ। ਬੀਤੇ ਦੇ ਤਿੰਨਾਂ ਵਰ੍ਹਿਆਂ ਦੀਆਂ ਮਾਂ ਸਾਹਮਣੇ ਧਾਹਾਂ ਤਾਂ ਨਹੀਂ ਨਿਕਲ ਜਾਣਗੀਆਂ? ਨਹੀਂ! ਨਹੀਂ! ਉਹ ਸਾਬਤ ਰਹੇਗਾ। ਚਿਹਰੇ 'ਤੇ ਜ਼ਰਾ ਜਿੰਨੀ ਵੀ ਉਦਾਸੀ ਨਹੀਂ ਲਿਆਵੇਗਾ। ਤੇ ਇਉਂ, ਵਹਿਣਾਂ ਵਿਚ ਰੁੜ੍ਹੇ ਰੁੜ੍ਹੇ ਉਹ ਪਿੰਡ ਪਹੁੰਚ ਗਿਆ।

ਇਕ ਹੱਥ ਵਿਚ ਟਰੰਕ ਤੇ ਮੋਢੇ ਉਪਰ ਬਿਸਤਰਾ ਚੁੱਕੀ ਉਹ ਘਰ ਪਹੁੰਚ ਗਿਆ। ਉਸ ਦੀ ਘਰ ਵਾਲੀ ਵਿਹੜੇ ਵਿਚ ਨਲਕੇ ਕੋਲ ਬੈਠੀ ਭਾਂਡੇ ਮਾਂਜ ਰਹੀ ਸੀ। ਖੜਾਕ ਸੁਣ ਕੇ ਪਿਛਾਂਹ ਝਾਕੀ ਤਾਂ 'ਊਈ ਮਾਂ...!' ਕਹਿੰਦੀ ਭਾਂਡੇ ਵਿਚੇ ਛੱਡ ਕੇ ਲਿਬੜੇ ਹੱਥੀਂ ਸੱਸ ਦੇ ਮੰਜੇ ਕੋਲ ਜਾ ਖੜੀ। ਟਰੰਕ ਅਤੇ ਬਿਸਤਰਾ, ਵਿਹੜੇ ਵਿਚ ਰੱਖਣ ਲੱਗਿਆਂ ਉਸ ਕੋਲੋਂ ਆਪਣਾ ਆਪ ਸਾਂਭਿਆ ਨਾ ਗਿਆ। ਪਰ ਅੰਦਰੋਂ ਇਕ ਤਕੜੇ ਇਰਾਦੇ ਨਾਲ ਉਸ ਨੇ ਕਿਹਾ—'ਨਹੀਂ!' ਤੇ ਭਰੇ ਗਲੇ ਨਾਲ ਬੇਬੇ ਨੂੰ ਮੱਥਾ ਟੇਕ ਦਿੱਤਾ। ਬੁੱਢੀ ਮਾਂ ਦੀ ਮਮਤਾ ਛਲਕੀ, ਡੁੱਬ ਡੁੱਬਾਈਆਂ ਅੱਖਾਂ ਨਾਲ ਉਸ ਨੇ—'ਜਿਉਂਦਾ ਰਹੁ'—ਫੁਸਫਸਾਹਟ ਵਾਂਗ ਕਿਹਾ ਤੇ ਦੋਹਾਂ ਹੱਥਾਂ ਨਾਲ ਪਿਆਰ ਦੇ ਕੇ ਬੋਲੀ—'ਤੂੰ ਚਿੱਠੀ ਵੀ ਨਾ ਪਾਈ?'

ਆਪਣੀ ਘਰ ਵਾਲੀ ਵੱਲ ਤੱਕਦਾ ਉਹ ਉਵੇਂ ਭਰੇ ਗਲੇ ਨਾਲ ਬੋਲਿਆ—'ਏਹਨੂੰ ਕੀ ਹੋ ਗਿਆ ਕਮਲੀ ਨੂੰ?'



ਉਹ ਖੜੀ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚਦੀ ਰਹੀ। ਅੱਖਾਂ ਵਿਚ ਲਟਕੇ ਹੰਝੂ ਦੱਸ ਰਹੇ ਸਨ। ਉਸ 'ਕੱਲੇ ਨੇ ਹੀ ਤਿੰਨ ਵਰ੍ਹੇ ਔਖੇ ਨਹੀਂ ਕੱਟੇ। ਮੈਂ ਵੀ ਪਲ, ਦਿਨ, ਮਹੀਨੇ ਤੇ ਵਰ੍ਹੇ ਇਵੇਂ ਲੰਘਾਏ ਹਨ। ਮਨ ਤਾਂ ਇਕੱਲ ਤੋਂ ਘਬਰਾਉਂਦਾ ਹੈ ਹੀ, ਕਦੇ ਕਦੇ ਤਾਂ ਤਨ ਵੀ ਇਕੱਲ ਤੋਂ ਘਬਰਾ ਜਾਂਦਾ ਹੈ।

ਇਕ ਪਲ ਬੀਰਾ ਉਸ ਵਲ ਤੱਕਦਾ ਰਿਹਾ। ਜੇ ਤਨ ਦੀ ਅੱਗ, ਉਸ ਨੂੰ ਪਰਦੇਸੀਂ ਨਾ ਰੋਲੀ ਫਿਰਦੀ ਤਾਂ ਇਹ ਕੋਲ ਖਲੋਤਿਆਂ ਦੀ ਦੂਰੀ ਨਹੀਂ ਸੀ ਰਹਿਣੀ। ਇਹੀ ਉਸ ਕੋਲੋਂ ਝੱਲੀ ਨਾ ਗਈ, ਤੇ ਉਹ ਉਠ ਕੇ ਟਰੰਕ ਖੋਲ੍ਹਣ ਦੇ ਬਹਾਨੇ ਪਿੱਠ ਕਰ ਕੇ ਬਹਿ ਗਿਆ। ਤੇ ਉਵੇਂ ਬੋਲਿਆ—'ਸ਼ੇਰਾ ਨੀ ਦੀਂਹਦਾ?'

ਉਦੋਂ ਹੀ, ਬਾਹਰੋਂ, ਖੇਡਦਾ ਸ਼ੇਰਾ ਘਰੇ ਆਇਆ ਤੇ ਸੰਗ ਕੇ ਥਾਏਂ ਸਿਮਟ ਗਿਆ। ਉਸ ਨੇ ਅਗਾਂਹ ਵਧ ਕੇ ਉਸ ਨੂੰ ਬੁੱਕਲ ਵਿਚ ਲੈ ਲਿਆ। ਸੁੱਖ ਨਾਲ ਹੋਰ ਚੌਂਹ ਸਾਲਾਂ ਨੂੰ ਗੱਭਰੂ ਹੋ ਜਾਣੈ, ਤੇ ਬੀਰੇ ਨੇ, ਟਰੰਕ ਵਿਚੋਂ ਟਾਫੀਆਂ ਦਾ ਪੂਰਾ ਪੈਕਟ ਕੱਢ ਕੇ ਉਸ ਨੂੰ ਫੜਾ ਦਿੱਤਾ। ਉਹ ਫਿਰ ਮਾਂ ਦੇ ਮੰਜੇ 'ਤੇ ਆ ਬੈਠਾ। ਮਾਂ ਉਸ ਦੇ ਹੱਥ, ਬਾਹਾਂ, ਮੋਢੇ ਪਲੋਸਣ ਲੱਗੀ, 'ਬੜਾ ਲਿੱਸਾ ਹੋ ਕੇ ਆਇਐਂ ਪੁੱਤ।' ਫਿਰ ਹੋਰ ਨਿੱਕੀਆਂ ਨਿੱਕੀਆਂ ਗੱਲਾਂ ਹੋਣ ਲੱਗੀਆਂ। ਅਪਣੱਤ ਭਰੇ ਉਲ੍ਹਾਂਭੇ, ਸ਼ਰੀਕਾਂ ਦੀਆਂ ਬੋਲੀਆਂ, ਤਿੰਨਾਂ ਵਰ੍ਹਿਆਂ ਵਿਚ ਕੱਟੀ ਔਖਿਆਈ ਤੇ ਹੌਲੀ ਹੌਲੀ ਮਾਹੌਲ 'ਚੋਂ ਤਣਾਅ ਘਟਣ ਲੱਗਾ।

ਘਰ ਵਾਲੀ ਨੇ ਨਹਾਉਣ ਲਈ ਪਾਣੀ ਦੀ ਬਾਲਟੀ ਭਰ ਕੇ ਚਾਹ ਧਰ ਲਈ।

ਆਥਣ ਤੀਕਰ ਉਹ ਘਰ ਵਿਚ ਓਪਰਾ ਨਹੀਂ ਰਿਹਾ। ਇਕ ਵਾਰੀ ਉਸ ਨੇ ਨੀਝ ਨਾਲ ਘਰ ਵਾਲੀ ਵਲ ਤੱਕਿਆ। ਬਿਨਾਂ ਨੱਗ ਵਾਲਾ ਕੋਕਾ ਉਸ ਨੇ ਉਤਾਰ ਕੇ ਰੱਖ ਦਿੱਤਾ ਸੀ, ਸ਼ਾਇਦ। ਉਸ ਦਾ ਫਿਰ ਚਿੱਤ ਭੈੜਾ ਪੈਣ ਲੱਗਾ। ਜੀਅ ਕੀਤਾ ਇਸ ਬਾਰੇ ਗੱਲ ਕਰੇ ਉਸ ਨਾਲ ਕੋਈ। ਉਵੇਂ ਰਿੰਗਾਂ ਤੋਂ ਸਖਣੇ ਕੰਨ! ਤੇ ਉਹ ਨ੍ਹਾ ਧੋ ਕੇ ਘੁੰਮਣ ਦੇ ਬਹਾਨੇ ਬਾਹਰ ਨਿਕਲ ਗਿਆ।

ਛੱਪੜ ਲੰਘ ਕੇ ਕੱਸੀ ਵਲ ਜਾਂਦਿਆਂ ਸਭ ਕੁਝ ਅਜੀਬ ਲਗ ਰਿਹਾ ਸੀ, ਉਸ ਨੂੰ। ਆਪਣੀ ਮਿੱਟੀ ਦੀ ਮਹਿਕ। ਕਣਕਾਂ ਵੱਢ ਲਈਆਂ ਗਈਆਂ ਸਨ। ਦੂਰ ਤੀਕਰ ਸੁੰਨੇ ਖੇਤ। ਕਲਕੱਤੇ ਉਸ ਨੂੰ ਡੀਜ਼ਲ ਪੈਟਰੋਲ ਦੇ ਧੂੰਏਂ ਦਾ ਹੀ ਮੁਸ਼ਕ ਆਉਂਦਾ ਸੀ। ਪਰ ਕਿੰਨੀ ਸ਼ਾਂਤੀ ਹੈ ਇਥੇ! ਪਰ੍ਹਾਂ ਫਿਰਨੀ 'ਤੇ ਗਾਈਆਂ ਘਰਾਂ ਨੂੰ ਮੁੜ ਰਹੀਆਂ ਸਨ। ਵਾਗੀ ਦੀਆਂ ਹੇਕਾਂ। ਕੱਸੀ ਦੇ ਪਰਲੇ ਪਾਸੇ ਖੋਸਿਆਂ ਦੇ ਖੇਤਾਂ ਵਿਚ ਛਿਪ ਰਿਹਾ ਸੂਰਜ। ਆਲ੍ਹਣਿਆਂ ਨੂੰ ਮੁੜੇ ਆਉਂਦੇ ਪੰਛੀ। ਇਕ ਵੱਡਾ ਸਾਰਾ ਸਾਹ ਖਿੱਚ ਕੇ ਉਸ ਨੇ ਸਾਰਾ ਕੁਝ ਜਿਵੇਂ ਅੰਦਰ ਭਰ ਲਿਆ। ਇਕ ਦੋ ਪੁਰਾਣੇ ਮਿੱਤਰ ਬੇਲੀ ਵੀ ਮਿਲੇ ਤੇ ਮੁੜਦਾ ਉਹ ਠੇਕੇ ਤੋਂ ਪਊਆ ਕੁ ਪੀ ਵੀ ਆਇਆ।

ਕੁਝ ਦੇਰ ਮਾਂ ਦੇ ਮੰਜੇ 'ਤੇ ਬੈਠਾ ਹੋਰ ਦੁਖ ਸੁੱਖ ਕਰਦਾ ਰਿਹਾ। ਮੰਜੇ ਛੱਤ ਉਪਰ ਸਨ। ਰੋਟੀ ਖਾ ਕੇ ਉਹ ਬਾਂਸ ਦੀ ਪੌੜੀ ਚੜ੍ਹ ਕੇ ਉਪਰ ਜਾ ਪਿਆ।

ਤਾਰਿਆਂ ਨਾਲ ਪੂਰੀ ਰਾਤ ਖਿੜੀ ਪਈ ਸੀ। ਤੀਜ ਦਾ ਚੰਦ ਮੂੰਹ ਵਖਾਲੀ ਦੇ ਕੇ ਕਦੋਂ ਦਾ ਛਿੱਪ ਚੁੱਕਾ ਸੀ। ਕੁਝ ਦੇਰ ਉਹ ਖੁਲ੍ਹੇ ਆਸਮਾਨ ਨੂੰ ਵੇਂਹਦਾ ਗਵਾਚਿਆ ਰਿਹਾ। ਇਕ ਗਰਵ ਜਿਹਾ ਜਾਗਿਆ ਉਸ ਅੰਦਰ...ਇਹ ਛੋਟੀ-ਮੋਟੀ ਛੱਤ ਤਾਂ ਮੇਰੀ ਆਪਣੀ ਹੈ। ਅਜਿਹੀ ਛੱਤ ਕਲਕੱਤੇ ਵਿਚ ਚੰਗੇ ਚੰਗੇ ਧਨਾਢਾਂ ਨੂੰ ਨਸੀਬ ਨਹੀਂ ਹੁੰਦੀ। ਆਪਣੇ ਆਪਣੇ ਘਰਾਂ ਵਿਚ ਸਾਰੇ ਹੀ ਰਾਜੇ ਹੁੰਦੇ ਹਨ। ਤੇ ਉਹ ਸੋਚਣ ਲੱਗਾ। ਜੇ ਇਥੇ ਹੀ ਰੁੱਖੀ ਮਿੱਸੀ ਜੁੜੀ ਜਾਵੇ ਤਾਂ ਬਾਹਰ ਧੱਕੇ ਖਾਣ ਦੀ ਕੀ ਲੋੜ ਹੈ?

ਘਰ ਵਾਲੀ ਅਜੇ ਨਿੱਕੇ ਮੋਟੇ ਕੰਮ ਕਰਦੀ ਵਿਹੜੇ ਵਿਚ ਫਿਰ ਰਹੀ ਸੀ। ਮੁੰਡਾ ਕਦੋਂ ਦਾ

ਅੱਜ ਮਾਂ ਦੇ ਮੰਜੇ ਉਪਰ ਹੀ ਸੌਂ ਗਿਆ ਸੀ।

ਉਹ ਵਹਿਣਾਂ ਵਿਚ ਰੁੜ੍ਹਿਆ ਪਤਾ ਨਹੀਂ ਕਿਧਰ ਕਿਧਰ ਭਟਕਦਾ ਰਿਹਾ। ਉਹੀ ਆਥਣ ਵਾਲੀ ਹੱਡ ਭੰਨਣੀ ਜਾਗੀ। ਖੀਸੇ ਵਿਚੋਂ ਕੱਢ ਕੇ ਥੋੜੀ ਜਿੰਨੀ ਉਸ ਨੇ ਖਾ ਲਈ। ਕੁਝ ਦੇਰ ਉਹ ਘਰ ਵਾਲੀ ਦੀ ਉਡੀਕ ਕਰਦਾ ਰਿਹਾ। ਤਾਰੇ ਕਦੀ ਕਦੀ ਅੱਖਾਂ ਮੂਹਰੇ ਨੱਚਣ ਲੱਗ ਜਾਂਦੇ ਜਿਵੇਂ। ਅਜੀਬ ਹੁਲਾਰੇ ਜਿਹੇ ਆਉਣ ਲੱਗੇ...ਦੂਰ ਕਿਧਰੇ ਬਨਾਰਸ ਦੇ ਪੁੱਲ ਤੋਂ ਗੱਡੀ ਲੰਘ ਰਹੀ ਹੈ ਸ਼ਾਇਦ...ਝਜਕਟ...ਝਜਕਟ...ਝਜਕਟ...ਝਜਕਟ...ਉਹੀ ਚਾਰ ਛੋਕਰੇ ਸਾਹਮਣੇ ਆਣ ਖੜੇ...ਵੀ.ਆਈ.ਪੀ. ਰੋਡ...ਛੁਰੇ ਦੀ ਨੋਕ...ਟੈਕਸੀ...ਲੌਂਗ ਦਾ ਨਗ...ਕੰਨਾਂ ਦੇ ਰਿੰਗ...ਫਿਰ ਝਜਕਟ...ਝਜਕਟ...ਤੇ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ।

ਜਦੋਂ ਘਰ ਵਾਲੀ ਪੌੜੀਆਂ ਚੜ੍ਹ ਕੇ ਉਪਰ ਆਈ ਤਾਂ ਵਿਹੜੇ ਵਿਚ ਸੱਸ ਜਾਗਦੀ ਅਜੇ ਖੰਘ ਰਹੀ ਸੀ।

ਮੰਜੇ 'ਤੇ ਲੰਮੀ ਪਈ ਤਾਂ ਥਕਾਵਟ ਨਾਲ ਪੈਰਾਂ ਦੀਆਂ ਤਲੀਆਂ ਵਿਚੋਂ ਸੇਕ ਨਿਕਲ ਗਿਆ। ਇਕ ਪਲ ਉਹ ਲੰਮਾ ਸਾਹ ਲੈ ਕੇ ਤਾਰਿਆਂ-ਭਰੇ ਰੱਬ ਨੂੰ ਵੇਂਹਦੀ ਰਹੀ। ਫਿਰ ਧੜਕਦੇ ਦਿਲ ਨਾਲ ਘਰ ਵਾਲੇ ਵਲ ਪਾਸਾ ਪਰਤ ਲਿਆ।

ਸੰਗਦੀ ਸੰਗਦੀ ਨੇ ਬੁਲਾਇਆ...'ਮਖਿਆ ਸੌਂਅਗੇ ?'

ਕੋਈ ਜਵਾਬ ਨਹੀਂ ਆਇਆ।

ਮਨ ਵਿਚ ਹੀ ਆਖਿਆ—'ਲੱਤਾਂ ਈ ਨੱਪ ਦਿੰਦੀ; ਗੱਡੀ ਦਾ ਸਫ਼ਰ ਤਾਂ ਊਂ ਬੰਦੇ ਨੂੰ ਤੋੜ ਦਿੰਦੈ...।'

ਫਿਰ ਉਸ ਦਾ, ਥੱਕੇ ਨੂੰ ਬੁਲਾਉਣ ਦਾ ਹੀਆ ਨਾ ਪਿਆ। ਤੇ ਉਹ ਵੀ ਗਿਣਤੀਆਂ ਮਿਣਤੀਆਂ ਕਰਦੀ ਸੁੰਨੇ ਜਿਹੇ ਹੋ ਗਏ ਰੱਬ ਵਲ ਵੇਂਹਦੀ ਵੇਂਹਦੀ ਸੌਂ ਗਈ।

ਸਾਂਝਰੇ ਹੀ ਉਠ ਕੇ ਉਹ ਹੇਠਾਂ ਆ ਗਈ।

ਦਿਨ ਚੜ੍ਹੇ ਤਕ ਵੀ ਬੀਰਾ ਨਾ ਉਠਿਆ। ਇਸ ਤਰ੍ਹਾਂ ਦੀ ਬੇਫ਼ਿਕਰੀ ਵਾਲੀ ਨੀਂਦ ਉਸ ਨੂੰ ਤਿੰਨਾਂ ਵਰ੍ਹਿਆਂ ਪਿਛੋਂ ਨਸੀਬ ਹੋਈ ਸੀ। ਕਿਸੇ ਨੇ ਮੰਜਾ ਖ਼ਾਲੀ ਨਹੀਂ ਕਰਾਉਣਾ। ਉਠ ਕੇ ਟੈਕਸੀ ਨਹੀਂ ਕੱਢਣੀ। ਨਹਾਉਣ ਲਈ ਕਾਰਪੋਰੇਸ਼ਨ ਦੇ ਨੱਲ੍ਹ ਵਿਚੋਂ ਪਾਣੀ ਮੁੱਕ ਜਾਣ ਦਾ ਡਰ ਨਹੀਂ। ਤੇ ਧੁੱਪ ਚੜ੍ਹ ਆਈ।

—ਦੇਖ ਤਾਂ ਤੇਰਾ ਪਾਪਾ ਅਜੇ ਉਠਿਆ ਨੀ, ਬਿਲੂ ?' ਘਰ ਵਾਲੀ ਨੇ ਚਾਹ ਵਾਲੇ ਭਾਂਡੇ ਸਾਂਭਦਿਆਂ ਮੁੰਡੇ ਨੂੰ ਕਿਹਾ।

—ਪਾਪੇ ਨੂੰ ਜਗੋਣ ਦਾ ਵੱਲ ਮੈਨੂੰ ਆਉਂਦੈ, ਬੀਬੀ।' ਮੁੰਡੇ ਨੇ ਗਿੱਬ ਕੇ ਦੱਸਿਆ। ਉਹ ਹੈਰਾਨ ਜਿਹੀ ਹੋ ਕੇ ਮੁੰਡੇ ਵਲ ਝਾਕੀ, ਜਿਵੇਂ ਪੁੱਛ ਰਹੀ ਹੋਵੇ—'ਕਿਵੇਂ ?'

—ਗੇਜੇ ਚਾਚੇ ਦਾ ਮੁੰਡਾ ਮੈਨੂੰ ਦੱਸਦਾ ਸੀ—ਕਲੱਕੱਤੇ ਆਲੇ ਕਿਮੇਂ ਉਠਦੇ ਹੁੰਦੇ ਐ...। ਤੇ ਉਹ ਪੌੜੀ ਚੜ੍ਹ ਗਿਆ। ਆਪਣੇ ਪਾਪੇ ਦੇ ਸਿਰਹਾਣੇ ਖੜ ਕੇ ਜ਼ੋਰ ਨਾਲ ਬੋਲਿਆ—'ਟੈਕਸੀ ! ਟੈਕਸੀ !''

ਅਭੜਵਾਹਿਆ, ਘਬਰਾਇਆ ਬੀਰਾ ਉੱਠ ਕੇ ਬੌਂਦਲਿਆਂ ਵਾਂਗ ਇਧਰ ਉਧਰ ਝਾਕਣ ਲੱਗਾ।

—ਬੀਬੀ ! ਬੀਬੀ ! ਪਾਪਾ ਜਾਗ ਪਿਆ। ਮੁੰਡਾ ਤਾੜੀ ਮਾਰ ਕੇ ਹੱਸ ਪਿਆ।

ਸਾਰਾ ਦਿੱਸਦਾ ਰੱਬ ਜਿਵੇਂ ਬੀਰੇ ਦੇ ਸਿਰ ਉਪਰ ਡਿੱਗ ਪਿਆ ਹੋਵੇ।

ਸ਼ਰਮਿੰਦਾ ਜਿਹਾ ਹੋ ਕੇ ਉਹ ਮੁੰਡੇ ਵਲ ਝਾਕਿਆ ਤੇ ਤਿੰਨਾਂ ਵਰ੍ਹਿਆਂ ਮਗਰੋਂ ਆਈ ਰਾਤ ਵਿਚ ਗੁਆਚੇ ਮੋਤੀਆਂ ਜਿਹੇ ਪਲ ਉਸ ਦੀਆਂ ਅੱਖਾਂ ਵਿਚ ਲਟਕ ਕੇ ਦਾੜ੍ਹੀ ਵਿਚ ਰਚ ਗਏ।



## ਗੁਰਦਿਆਲ ਸਿੰਘ ਦੇ ਨਾਵਲਾਂ ਦਾ ਨਾਇਕ—੩

ਪ੍ਰੋ: ਤੇਜਵੰਤ ਮਾਨ

**ਅੰਨ੍ਹੇ ਘੋੜੇ ਦਾ ਦਾਨ** ਨਾਵਲ ਦਾ ਆਰੰਭ 'ਬਾਤਾਂ' ਦੇ ਸਿਰਲੇਖ ਹੇਠ ਹੁੰਦਾ ਹੈ। ਬਾਤ ''ਤੋਤੇ ਬਣ ਕੇ ਅੱਛੀਆਂ ਅੱਛੀਆਂ ਬਾਤਾਂ ਕਰਨ'' ਦੀ ਹੀ ਅਗਲੀ ਕੜੀ ਹੈ। ਬਿਸ਼ਨਾ ਤੇ ਮਾਘੀ ਸੰਘਣੇ ਹਨੇਰੇ ਅਤੇ ਠੰਢ ਤੋਂ ਬਚ ਕੇ ਅੰਦਰ ਦੀਵੇ ਦੀ ਲੋਅ ਵਿਚ ਅੱਗ ਸੇਕਦੇ ਬਾਤਾਂ ਪਾ ਰਹੇ ਹਨ (ਅੰਗਰੇਜ਼ ਲੋਕਾਂ ਦੀ ਮਾਫਕ)। ਬਿਸ਼ਨੇ ਨੇ ਜੁਗਾਂ ਪੁਰਾਣੀ ਕਥਾ ਸੁਣਾਈ : ਕਥਾ ਦੇਵਤਿਆਂ ਅਤੇ ਰਾਖਸ਼ਾਂ ਵਲੋਂ ਸਮੁੰਦਰ ਰਿੜਕ ਕੇ ਅੰਮ੍ਰਿਤ ਕੱਢਣ ਅਤੇ ਉਸਦੀ ਵੰਡ ਕਰਨ ਦੀ ਹੈ। ਦੇਵਤਿਆਂ ਦੀ ਕਤਾਰ ਵਿਚ ਬੈਠ ਕੇ ਇਕ ਰਾਖ਼ਸ਼ ਅੰਮ੍ਰਿਤ ਪੀ ਕੇ ਅਮਰ ਹੋ ਗਿਆ। ਬਿਸ਼ਨੂੰ ਨੇ ਖੰਡੇ ਨਾਲ ਉਸ ਦੇ ਦੋ ਟੋਟੇ ਕਰ ਦਿੱਤੇ ਅਤੇ ਉਹ ਹੁਣ ਤੱਕ ਚੰਦ ਅਤੇ ਸੂਰਜ ਨੂੰ ਰਾਹੂ ਕੇਤੂ ਦੇ ਗ੍ਰਹਿਣ ਲੱਗੇ ਹੋਏ ਹਨ। ਜਦੋਂ ਇਹ ਗ੍ਰਹਿਣ ਲੱਗਦਾ ਹੈ ਤਾਂ ਰਾਹੂ ਅੰਨ੍ਹੇ ਘੋੜੇ ਵਾਲੇ ਰਥ 'ਤੇ ਚੜ੍ਹ ਕੇ ਆਪਦਾ ਕਰਜ਼ਾ ਮੁੜਾਉਣ ਆਉਂਦੇ। ਸਵਾਲ ਇਹ ਆਉਂਦਾ ਹੈ ਕਿ ਕਰਜ਼ੇ ਦੇ ਇਸ ਝਗੜੇ ਦਾ ਫੈਸਲਾ ਕੌਣ ਕਰੇ ? ਮਾਘੀ ਵੱਟ ਖਾ ਕੇ ਇਸ ਨੂੰ ਨਿਬੇੜਨ ਦਾ ਯਕੀਨ ਦਿਵਾਉਂਦਾ ਹੈ। ਝਗੜਾ ਨਿਬੇੜਨ ਦੀ ਇਹ ਆਵਾਜ਼ ਜ਼ਰਾ ਤੱਤੀ ਸੀ (ਵੱਡਾ ਬੰਬ ਵਰਗਾ ਕੰਮ ਕਰਨ ਵਾਂਗ)। ਸਾਰੇ ਨਾਵਲ ਉਤੇ ਮਾਘੀ ਦਾ ਇਹ ''ਬੰਬ ਵਰਗਾ ਕੰਮ ਕਰਨ'' ਦਾ ਕਾਰਜ ਉਘੜਨਾ ਚਾਹੀਦਾ ਸੀ ਪਰ ਸਾਰੇ ਨਾਵਲ ਵਿਚ ਜੋ ਮੈਨੂੰ ਮਿਲਿਆ ਉਹ ਬਿਲਕੁਲ ਇਸ ਤੋਂ ਉਲਟ ਹੈ।

ਪਿੰਡ ਦੇ ਸੀਰ ਤੋਂ ਭੱਜਿਆ ਮੇਲੂ ਸ਼ਹਿਰ ਵਿਚ ਰਿਕਸ਼ਾ ਵਾਹੁੰਦਾ ਹੈ। ਸ਼ਹਿਰ ਦੀ ਨਕਦ ਮਜ਼ਦੂਰੀ ਦਾ ਝਲਕਾਰਾ ਉਸ ਲਈ ਖਿਚ ਰਖਦਾ ਹੈ। ਪਰ ਇਥੇ ਆ ਕੇ ਉਸ ਦਾ ਇਹ ਸੁਪਨਾ ਖਤਮ ਹੋ ਗਿਆ। ਪਿੰਡ ਵਿਚ ਉਸ ਦਾ ਬਾਪ, ਮਾਂ, ਭੈਣ ਦਿਆਲੋ ਅਤੇ ਛੋਟਾ ਭਰਾ ਛਿੰਦਾ ਦਿਨ ਕਟੀ ਕਰ ਰਹੇ ਹਨ। ਸੀਰੀ ਰਹਿ ਕੇ ਚੰਮ ਕੁਟਵਾਉਣ ਦੀ ਥਾਂ ਉਹ ਸ਼ਹਿਰ ਵਿਚ ਰਿਕਸ਼ਾ ਚਾਲਕ ਬਣ ਕੇ ਬੜਾ ਔਖਾ ਗੁਜ਼ਾਰਾ ਕਰ ਰਿਹਾ ਹੈ। ਆਟੋ-ਰਿਕਸ਼ਾ ਵਾਲਿਆਂ ਨੇ ਉਹਨਾਂ ਦਾ ਰੁਜ਼ਗਾਰ ਮਾਰ ਦਿਤਾ ਹੈ। ਸ਼ਹਿਰ ਵਿਚ ਟਾਂਗੇ ਅਤੇ ਰਿਕਸ਼ੇ ਵਾਲੇ ਹੜਤਾਲ ਕਰ ਦਿੰਦੇ ਹਨ। ਮੇਲੂ ਉਹਨਾਂ ਵਿਚ ਜਾ ਕੇ ਆਪਣੇ ਸਿਰ' ਤੇ ਪੁਲਸ ਦੀ ਲਾਠੀ ਖਾਂਦਾ ਹੈ। ਹਸਪਤਾਲ ਦੇ ਦੀਸੇ ਚੌਕੀਦਾਰ ਨੇ ਉਸ ਦੀ ਪੱਟੀ ਕਰ ਦਿੱਤੀ। ਹਸਪਤਾਲ ਵਿਚ ਆਉਣ ਸਮੇਂ ਉਸ ਨੇ ਆਪਣੇ ਸਾਲੇ ਅਤੇ ਮੁੰਡੇ ਨੂੰ ਵੇਖ ਲਿਆ ਸੀ, ਅਤੇ ਉਹ ਹੁਣ ਘਰ ਜਾਣ ਤੋਂ ਟਲਦਾ ਸੀ। ਥਰਮਲ ਪਲਾਂਟ ਦਾ ਚੱਕਰ ਕੱਢਦਾ ਹੋਇਆ ਸਿਲਟੇ ਮਾਲੀ ਪਾਸ ਆ ਗਿਆ ਜੋ ਮਜ਼ਦੂਰਾਂ ਨੂੰ ਘਰ ਦੀ ਕੱਢੀ ਦਾਰੂ ਵੇਚਦਾ ਸੀ।

ਇਥੋਂ ਦੁੱਲੇ ਅਤੇ ਧੀਰੂ ਨਾਲ ਮਿਲ ਕੇ ਘਰ ਦੀ ਕੱਢੀ ਦਾ ਅਧੀਆ ਲੈ ਕੇ ਨਹਿਰ 'ਤੇ ਚਲੇ ਗਏ। ਗੱਲਾਂ ਗੱਲਾਂ ਵਿਚ ਦੁੱਲਾ ਮੇਲੂ ਨੂੰ ਪਿੰਡ ਮੁੜ ਜਾਣ ਦੀ ਸਲਾਹ ਦਿੰਦਾ ਹੈ ਅਤੇ ਨਾਲ ਹੀ ਆਪਣੀ ਸਾਰੀ ਦੁਖਾਂ ਭਰੀ ਕਹਾਣੀ ਮੇਲੂ ਨੂੰ ਕੁੱਝ ਸਬਕ ਲੈਣ ਲਈ ਸੁਣਾਉਂਦਾ ਹੈ। (ਇਹ ਕਹਾਣੀ ਮੇਲੂ ਨੂੰ ਹੜਤਾਲ 'ਚ ਹਿੱਸਾ ਨਾ ਲੈਣ ਦੀ ਗੁਰਦਿਆਲ ਸਿੰਘ ਦੀ ਨੇਕ ਸਲਾਹ ਹੈ)

ਦੁਖੀ ਹੋਇਆਂ ਦੀ ਇਕ ਰਾਇ ਬਣੀ ਹੈ : ''ਆਪਣੇ ਵਰਗੇ ਲੋਕਾਂ ਦਾ ਮਰੇ ਤੋਂ ਉਰੇ ਛੁਟਕਾਰਾ ਨਹੀਂ।'' ਤਿੰਨੇ ਸ਼ਹਿਰ ਵੱਲ ਮੁੜ ਆਏ। ਦੁੱਲੇ ਅਤੇ ਧੀਰੇ ਨੇ ਹੋਟਲ 'ਤੇ ਆ ਕੇ ਆਟੋ-ਰਿਕਸ਼ੇ ਵਾਲਿਆਂ ਨਾਲ ਝਗੜਾ ਕਰ ਲਿਆ ਅਤੇ ਉਹਨਾਂ ਨੂੰ ਪੁਲਸ ਫੜ ਕੇ ਲੈ ਗਈ। ਮੇਲੂ ਰੋਟੀ ਖਾ ਕੇ ਪੈਸੇ ਫੇਰ ਦੇਣ ਦੀ ਗੱਲ ਆਖ ਆਪਣੇ ਘਰ ਆ ਗਿਆ। ਮਲਕੜੇ ਜਿਹੇ ਰਿਕਸ਼ਾ ਧਰ ਕੇ ਫਿਰ ਬਾਹਰ ਨਿਕਲ ਗਿਆ। ਪਿੰਡ ਵਾਲੀ ਸੜਕ 'ਤੇ ਆ ਕੇ ਪਿੰਡ ਨੂੰ ਜਾਣ ਵਾਲੀ ਪਹੀ ਨੂੰ ਹੋ ਲਿਆ। ਸੋਚਾਂ ਵਿਚ ਡੁਬਿਆ ਕਿ ਕਿਉਂ ਨਾ ਉਹ ਮੁੜ ਪਿੰਡ ਚਲਿਆ ਜਾਵੇ। ਆਪਣੇ ਘਰ ਦੀ ਜ਼ਿੰਦਗੀ ਵਧੀਆ ਹੁੰਦੀ ਹੈ। ਫਿਰ ਉਸ ਨੂੰ ਆਪਣੇ ਬਾਪੂ ਦੇ ਖੰਘਣ ਦੀ ਆਵਾਜ਼ ਸੁਣਾਈ ਦਿੱਤੀ। ਦੂਜੇ ਪਾਸੇ ਖੰਘ ਦਾ ਮਾਰਿਆ ਮੇਲੂ ਦਾ ਬਾਪੂ ਪਿੰਡ ਵਿਚ ਰਹਿ ਕੇ ਦੁਖੀ ਹੈ। ਦਿਆਲੂ ਦੀ ਬੇਬੇ ਹੀ ਜੱਟਾਂ ਦੇ ਖੇਤਾਂ ਵਿਚ ਕੰਮ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਹੀ ਹੈ। ਅੱਜ ਕੱਲ ਜੱਟ ਬੜੇ ਲਾਲਚੀ ਹੋ ਗਏ ਹਨ, ਇਥੋਂ ਤਕ ਕਿ ਸਾਗ ਦੀ ਚੀਰਨੀ ਜਾਂ ਛਟੀਆਂ ਦਾ ਭੱਰਾ ਵੀ ਦੇਣ ਤੋਂ ਕੰਨੀ ਕਤਰਾਉਂਦੇ ਹਨ। ਦਿਆਲੋ ਵਿਆਹ ਦੀ ਉਮਰ ਵਿਚ ਹੈ। ਉਹ ਆਪਣੇ ਛੋਟੇ ਭਾਈ ਛਿੰਦੇ ਨੂੰ ਪਲੋਸ ਪਲਾਸ ਕੇ ਬੱਕਰੀਆਂ ਡੰਗਰ ਚਾਰਨ ਲਈ ਭੇਜਦੀ ਹੈ। ਉਧਰ ਪਿੰਡ ਵਿਚ ਸੁਰਜੀਤ ਕਿਆਂ ਨੇ ਕੁਝ ਜ਼ਮੀਨ 3 ਲੱਖ 25 ਹਜ਼ਾਰ ਰੁਪਏ ਵਿਚ ਕਾਰਖਾਨੇ ਵਾਲਿਆਂ ਨੂੰ ਵੇਚ ਦਿੱਤੀ ਹੈ।

ਇਸ ਜ਼ਮੀਨ ਉਤੇ ਧਰਮੇ ਦਾ ਟੱਬਰ ਆਪਣਾ ਘਰ ਪਾਈ ਬੈਠਾ ਸੀ। ਹੁਣ ਬੁਲਡੋਜ਼ਰ ਰਾਹੀਂ ਉਹਨਾਂ ਦਾ ਘਰ ਢੁਆ ਦਿੱਤਾ ਸੀ ਅਤੇ ਸਾਮਾਨ ਚੱਕ ਕੇ ਪਰੇ ਸੁੱਟ ਦਿੱਤਾ ਸੀ। ਧਰਮੇ ਦਾ ਟੱਬਰ ਬਾਹਰ ਬੈਠਾ ਸੀ। ਵਿਹੜੇ ਦੇ ਵੀਹ ਪੱਚੀ ਬੁੜੇ ਇਕੱਠੇ ਹੋ ਕੇ ਸਰਪੰਚ ਪਾਸ ਗਏ ਅਤੇ ਫੇਰ ਉਹਨਾਂ ਵਿਚੋਂ ਕੁਝ ਡੀ.ਸੀ. ਨੂੰ ਮਿਲਣ ਗਏ ਤਾਕਿ 'ਅਨਸਾਫ' ਲਿਆ ਜਾਵੇ। ਧਰਮੇ ਵਰਗੇ ਕੁਝ ਲੋਕ ਉਹਨਾਂ ਦੇ ਟੱਬਰ ਨੂੰ ਰੋਟੀ ਟੁਕਰ ਦਿੰਦੇ ਹਨ। ਫੀਨਾ ਫੌਜੀ ਛੁਟੀ ਆਇਆ ਹੋਇਆ ਹੈ ਜੋ ਮੇਲੂ ਦੇ ਪਿਉ ਨੂੰ ਚਾਚਾ ਕਹਿੰਦਾ ਹੈ। ਉਹ ਵੀ ਧਰਮੇ ਕਿਆਂ ਦਾ ਪਤਾ ਲੈਣ ਜਾਂਦਾ ਹੈ। ਮੇਲੂ ਦੇ ਪਿਉ ਲਈ ਹੁਣ ਫੀਨਾ ਇਕ ਸਤਜੁਗੀ ਬੰਦਾ ਹੈ। ਇਸੇ ਤਰ੍ਹਾਂ ਪਾਲੇ ਦੇ ਮੁੰਡੇ ਵੀ ਉਸ ਲਈ ਸਤਜੁਗੀ ਪੁੱਤਰ ਹਨ। ਪਰ ਮੇਲੂ ਨਾਲਾਇਕ ਹੈ। ਤਾਰੇ ਕਿਆਂ ਨੇ ਬੋਘੇ ਨੂੰ ਇਹ ਕਹਿ ਕੇ ਕੁਟਿਆ ਕਿ ਉਸ ਨੇ ਨਰਮਾ ਚੋਰੀਓਂ ਚੁਗਿਆ ਹੈ। ਪਿੰਡ ਵਿਚ ਹਟਵਾਣੀਏਂ ਅਤੇ ਜੱਟਾਂ ਨੇ ਛੋਟੀਆਂ ਜਾਤਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ। ਛਿੰਦੇ ਦੀ ਕੱਟੀ ਕਿਤੇ ਚਰਦੀ ਖੇਤ ਵਿਚ ਵੜ ਗਈ। ਬਚਿੱਤਰ ਕੇ ਮੁੰਡੇ ਨੇ ਪੁੱਠਾ ਕਸੀਆ ਮਾਰਿਆ। ਨਾਲੇ ਦੋ ਛਿੰਦੇ ਦੇ ਜੜ ਦਿੱਤੀਆਂ। ਸ਼ਹਿਰ ਗਏ ਬੰਦੇ ਬਿਨਾਂ ਇਨਸਾਫ ਲਿਆਂ ਵਾਪਸ ਆ ਗਏ। ਡੀ.ਸੀ. ਕਹਿੰਦਾ ਟਾਈਮ ਨਹੀਂ। ਐਸ.ਡੀ.ਐਮ. ਰਿਕਸ਼ੇ ਵਾਲਿਆਂ ਦੀ ਹੜਤਾਲ ਵਿਚ ਰੁਝਿਆ ਹੋਇਆ ਸੀ। (ਸ਼ਹਿਰ ਦੇ ਮਜ਼ਦੂਰ ਰਿਕਸ਼ੇ ਵਾਲਿਆਂ ਨੇ ਪਿੰਡ ਦੇ ਕਾਮਿਆਂ ਦੇ ਅਨਸਾਫ 'ਚ ਰੋੜਾ ਅਟਕਾ ਦਿੱਤਾ) ਖੇਤਾਂ ਵਿਚ ਗੋਲੀ ਚੱਲਣ ਦੀ ਆਵਾਜ਼ ਆਈ ਅਤੇ ਨਾਲ ਹੀ ਲਲਕਾਰੇ। ਫੀਨਾ ਫੌਜੀ ਵੀ ਭੱਜ ਕੇ ਗਿਆ ਅਤੇ ਉਸ ਨੇ ਲਲਕਾਰਾ ਮਾਰਿਆ। ਮੇਲੂ ਦੀ ਮਾਂ ਘਬਰਾ ਗਈ। ਮੇਲੂ ਦੇ ਬਾਪੂ ਨੂੰ ਖੰਘ ਹੋਰ ਛਿੜ ਗਈ। ਛਿੰਦੇ ਦੀ ਦੁਖਦੀ ਲੱਤ ਹੋਰ ਦੁਖਣ ਲਗੀ। ਲੱਭੂ ਪਰਜਾਪੱਤ ਆਇਆ ਅਤੇ ਮੇਲੂ ਦੇ ਪਿਓ ਨੂੰ ਸ਼ਹਿਰ



ਜਾਣ ਦੀ ਸਲਾਹ ਦੇ ਗਿਆ। ਮੇਲੂ ਦਾ ਪਿਓ ਸ਼ਹਿਰ ਤੁਰ ਗਿਆ। ਛਿੰਦਾ ਦੁਖਦੀ ਲੱਤ ਨੂੰ ਪਲੋਸਦਾ ਕੱਟੀ ਦੀ ਵੱਧ ਦੁਖਦੀ ਲੱਤ ਨੂੰ ਪਲੋਸਣ ਚਲਾ ਗਿਆ। ਪਿੰਡ ਵਿਚ ਅੰਨ੍ਹੇ ਘੋੜੇ ਦੇ ਦਾਨ ਮੰਗਣ ਲਈ ਵਿਹੜੇ ਵਿਚ ਲੜਾਈ ਹੋ ਰਹੀ ਹੈ। ਪੰਚ ਕਹਿੰਦਾ ਹੈ ਕਿ ਵਿਹੜੇ ਵਾਲੇ ਜੱਟਾਂ ਦੇ ਘਰਾਂ ਵਿਚ ਮੰਗਣ ਨਾ ਜਾਣ। ਪਰ ਕਾਲਾ ਕਹਿੰਦਾ ਹੈ ਕਿ ਪਿਉ ਦਾਦੇ ਦਾ ਕਸਬ ਕਿਵੇਂ ਛੱਡਿਆ ਜਾ ਸਕਦਾ ਹੈ। ਏਦਾਂ ਤਾਂ ਭੁਖੇ ਮਰ ਜਾਵਾਂਗੇ। ਪੰਚ ਫਿਰ ਹੋਕਾ ਦਿੰਦਾ ਹੈ ਕਿ ਕਿਸੇ ਨੇ ਦਾਨ ਨਹੀਂ ਮੰਗਣਾ। ਪਰ ਗਿੱਡੂ ਕਾਣਾ ਫਿਰ ਵੀ ਨਹੀਂ ਹਟਿਆ।

ਉਪਰੋਕਤ ਸਾਰੇ ਨਾਵਲ ਵਿਚ ਪਿੰਡੋਂ ਸ਼ਹਿਰ ਅਤੇ ਸ਼ਹਿਰੋਂ ਪਿੰਡ ਜਾਣ ਦੀ ਆਵਾਜਾਈ ਤੋਂ ਬਿਨਾਂ ਹੋਰ ਕੁਝ ਨਹੀਂ। ਮੇਲੂ ਅਤੇ ਉਸਦੇ ਸਾਥੀ ਪਿੰਡ ਤੋਂ ਸ਼ਹਿਰ ਜਾ ਕੇ ਪਛਤਾਉਂਦੇ ਹਨ। ਪਿੰਡ ਦੇ ਕੰਮੀ ਸ਼ਹਿਰ ਜਾ ਕੇ ਮਜ਼ਦੂਰੀ ਕਰਨ ਜਾਂ ਹੋਰ ਕਿੱਤੇ ਅਪਣਾਉਣ ਨੂੰ ਵਧੀਆ ਗਿਣਦੇ ਹਨ। ਜੱਟਾਂ ਦੀ ਲੁਟ ਤੋਂ ਤੰਗ ਆ ਕੇ ਉਹ ਸ਼ਹਿਰ ਭੱਜਣਾ ਚਾਹੁੰਦੇ ਹਨ। ਪਰ ਇਸ ਸਾਰੀ ਕੱਥਾ ਵਿਚ ਗੁਰਦਿਆਲ ਸਿੰਘ ਆਪਣੇ ਮੁਖ ਕਿਰਦਾਰਾਂ ਅਤੇ ਉਹਨਾਂ ਦੇ ਕਾਰਜਾਂ ਨੂੰ ਏਦਾਂ ਪੇਸ਼ ਕਰਦਾ ਹੈ। 'ਚੰਗਾ ਫੇਰ ਮਈਂ ਨਬੇੜ ਕੇ ਦਿਖਾਊਂ', ਪਰ ਮਿੱਟੀ-ਪੱਟ ਘਰ ਢਾਉਂਦਾ ਰਿਹਾ। ਪੁਲਸ ਧਰਮੇ ਦਾ ਸਾਮਾਨ ਚੱਕ ਕੇ ਪਰੇ ਖੇਤਾਂ ਵਿਚ ਸੁੱਟਦੀ ਰਹੀ। ਉਧਰ ਪੰਚਾਇਤੀਏ ਸਕੀਮਾਂ ਲੜਾਉਂਦੇ ਰਹੇ। ਸੱਤਰ ਪਚੱਤਰ ਸਾਲ ਦਾ ਦੁੜੱਕੀ ਮਾਰ ਕੇ ਤੁਰਦਾ ਪਾਲਾ ਬੁੜਾ ਗੱਲਾਂ ਗੱਲਾਂ ਵਿਚ ਖੂਹ ਛਾਵੇਂ ਕਰੀ ਗਿਆ। ਇਸ ਸਾਰੇ ਰੌਲੇ ਨੂੰ 'ਕਰਮਾਂ ਦਾ ਰੌਲਾ ਸਮਝਣ' ਦੀ ਗੱਲ ਘਰ ਕਰਦੀ ਗਈ। ਧਰਮੇ ਵਿਚ ਬਿਸ਼ਨੇ ਦੀ ਅੜਬਾਈ ਬੋਲਦੀ ਗਈ। ਪਾਲਾ ਆਖਦਾ ਰਿਹਾ ''ਐਨਾ ਅਨਰਥ ਨਾ ਕਰੋ ਓਏ, ਉਤੇ ਰੱਬ ਦੇਖਦਾ'' ਤੇ ਫੇਰ ਧਰਮੇ ਦੇ ਟੱਬਰ ਨੂੰ ''ਸਬਰ ਕਰੋ, ਸਬਰ ਕਰੋ, ਕੋਈ ਨੀ ਦਾਤਾ ਦੇਖਦੇ।'' ਵੀਹ ਪੰਜੀ ਬੰਦੇ ਪਾਟੇ ਪੁਰਾਣੇ ਮੈਲੇ ਖੇਸ ਲਈ ਚੁਪ ਚੁਪੇਤੇ ਠਿਬੇ ਛਿੱਤਰ ਘਸਾਉਂਦੇ ਪਿੰਡ ਵਿਚੋਂ ਸਰਪੰਚ ਦੇ ਘਰ ਵੱਲ ਜਾ ਰਹੇ ਹਨ ਅਤੇ ਸਰਪੰਚ ਭਾਉਂਆਂ ਰਾਹੀਂ ਬੋਲ ਪਿਆ; ''ਜੀਆ ਸਾਹਿਬ ਆਂਹਦੇ ਸੀ ਪਏ ਬੀ ਅਸਾਂ ਲੀਗਲ ਕਾਰਵਾਈ ਕੀਤੀ; ਕਾਨੂੰਨ ਵੀ ਕੋਈ ਸ਼ੈਅ ਵੇ।'' ਪਿੰਡ ਵਿਚ ਸਹਿਮ ਪੈ ਗਿਆ ਕਿ ਹੁਣ ਜੱਟ ਵਿਹੜੇ ਵਾਲਿਆਂ ਨੂੰ ਉਜਾੜ ਦੇਣਗੇ। (ਜੱਟਾਂ ਅਤੇ ਸੀਰੀਆਂ ਦੀ ਲੜਾਈ, ਜਿਸ ਨੂੰ ਸਾਡੇ ਅੱਜ ਦੇ ਬਹੁਤ ਸਾਰੇ ਲੇਖਕ ਉਭਾਰਨਾ ਚਾਹੁੰਦੇ ਹਨ। ਸਾਹਿਤ ਵਿਚ ਇਸ ਤਰ੍ਹਾਂ ਦੀ ਪੇਸ਼ਕਾਰੀ ਨੂੰ ਮੈਂ ਇਕ ਬੜਾ ਖਤਰਨਾਕ ਰੁਝਾਨ ਸਮਝਦਾ ਹਾਂ) ਤੰਗ ਹੋਏ ਵਿਹੜੇ ਵਾਲੇ 'ਮਾਈ ਬਾਪ' ਦੀ ਭਾਲ ਕਰ ਰਹੇ ਹਨ। ਫੀਨਾ ਆਪਣੀ ਫੌਜੀ ਧੌਂਸ ਦੇ ਆਸਰੇ ਲਲਕਾਰੇ ਮਾਰਦਾ ਹੈ। ਉਧਰ ਦੂਜੇ ਪਾਸੇ ਮੇਲੂ ਵਰਗੇ ਹੜਤਾਲ ਕਰ ਰਹੇ ਹਨ। ਇਸ ਹੜਤਾਲ ਦਾ ਅਸਰ ''ਆਹ ਹੁਣ ਹੱਡ ਭਨਾ ਕੇ ਠੰਢੇ ਹੋ ਜਾਣਗੇ,'' ਮੇਲੂ ਦੀ ਬਹੂ ਆਖਦੀ ਹੈ। ''ਗੱਲ ਕੀ ਸਾਲੇ ਖਾਂਦੇ ਪੀਂਦੇ ਟੀਟਨੇ ਮਾਰਦੇ ਐ, ਕਹਿੰਦੇ ਸਾਡਾ ਕਿਰਾਇਆ ਵਧਾਓ'', ਚਾਹ ਦੀ ਦੁਕਾਨ 'ਤੇ ਇਕ ਆਦਮੀ ਕਹਿ ਰਿਹਾ ਹੈ। ਮੇਲੂ ਦੇ ਘਰ ਆਟਾ ਨਹੀਂ। ਭਾਂਡੇ ਗਹਿਣੇ ਧਰ ਕੇ ਗੁਜ਼ਾਰਾ ਕਰਦਾ ਹੈ। ਪਰ ਮੇਲੂ ਅਤੇ ਉਸਦੇ ਸਾਥੀ ਨਸ਼ੇ ਕਰਦੇ, ਸ਼ਰਾਬ ਪੀਂਦੇ, ਜੂਆ ਖੇਡਦੇ ਦੱਸੇ ਗਏ ਹਨ (ਗੁਰਦਿਆਲ ਸਿੰਘ ਦਾ ਮਜ਼ਦੂਰ ਦਾ ਘ੍ਰਿਣਤ ਪੱਖ ਪੇਸ਼ ਕਰਨ ਦਾ ਤਰੀਕਾ) ਹੋਟਲਾਂ' ਤੇ ਰੋਟੀ ਖਾਂਦੇ ਉਹ ਪੈਸੇ ਨਹੀਂ ਦੇ ਸਕਦੇ। ''ਆਹ ਪਿਐ ਡਰਦਾ ਡਾਂਗਾਂ ਤੋਂ ਵੱਡਾ ਲੀਡਰ''। (ਮਜ਼ਦੂਰਾਂ ਵਿਚ ਆਪਸੀ ਸ਼ੱਕ ਦੀ ਗੁੰਜਾਇਸ਼)।

ਗੁਰਦਿਆਲ ਸਿੰਘ ਇਸ ਨਾਵਲ ਵਿਚ ਜਦੋਂ ਸ਼ਹਿਰੀ ਰਿਕਸ਼ਾ ਵਾਲਿਆਂ ਜਾਂ ਤਾਂਗੇ ਵਾਲਿਆਂ ਦੀ ਟੱਕਰ ਆਟੋ-ਰਿਕਸ਼ਾ ਵਾਲਿਆਂ (ਮਸ਼ੀਨ) ਨਾਲ ਦਿਖਾਉਂਦਾ ਹੈ ਤਾਂ ਉਹ ਇਸ ਟੱਕਰ ਵਿਚੋਂ ਨਾਇਕ ਦੀ ਨਿਗੇਸ਼ਨ ਉਸ ਨੂੰ ਨਸ਼ਈ, ਜੁਆਰੀਆ, ਨਾਹਰੇ ਲਾਊ, ਸ਼ਰਾਬ ਪੀ ਕੇ ਦੰਗੇ ਕਰੂ, ਘਰੋਂ

ਭੱਜੂ, ਪੇਸ਼ ਕਰ ਕੇ ਕਰਦਾ ਹੈ। ਦੁਖੀ ਹੋਏ ਬੰਦੇ ਨੂੰ ਸਮਝੌਤੀਆਂ ਦੇ ਕੇ ਪਿੰਡ ਵੱਲ ਮੋੜਨ ਭਾਵ ਜਿਸ ਪਰੰਪਰਾ ਤੋਂ ਉਹ ਬਗਾਵਤ ਕਰ ਕੇ ਆਇਆ ਸੀ ਉਸ ਨਾਲ ਜੋੜਨ ਦੀ ਚਾਹਨਾ ਨੂੰ ਸਾਕਾਰ ਕਰ ਕੇ ਉਸ ਦਾ ਪ੍ਰਤੀਗਾਮੀ ਰੂਪ ਪੇਸ਼ ਕਰਦਾ ਹੈ। ਜਦੋਂ ਉਹ ਪਿੰਡ ਵਿਚਲੇ ਕਾਮਿਆਂ ਜਾਂ ਹਰੀਜਨਾਂ ਦੀ ਟੱਕਰ ਜੱਟਾਂ ਨਾਲ ਦਿਖਾਉਂਦਾ ਹੈ ਤਾਂ ਉਹ ਸਮੁੱਚੇ ਅਰਥਚਾਰੇ ਨੂੰ ਅੱਖੋਂ ਪਰੋਖੇ ਕਰ ਕੇ ਹਰੀਜਨਾਂ ਦੇ ਮਨਾਂ ਦੇ ਸਹਿਮ ਦੀ ਧੁਨੀ ਨੂੰ ਹੋਰ ਬੱਲ ਦਿੰਦਾ ਹੈ ਕਿ ਜੱਟ ਤੁਹਾਨੂੰ ਉਜਾੜ ਦੇਣਗੇ। ਪਿੰਡਾਂ ਦੀ ਕਿਰਸਾਣੀ ਅਤੇ ਹਰੀਜਨਾਂ ਵਿਚਲਾ ਇਹ ਪਾੜਾ ਇਥੋਂ ਤੀਕ ਕਿ ਇਹਨਾਂ ਵਿਚ ਘਿਰਣਾ ਅਤੇ ਡਰ ਦੀ ਭਾਵਨਾ ਨੂੰ ਸਮਝਣਾ ਅਤੇ ਉਸ ਦਾ ਹੱਲ ਲੱਭਣਾ ਏਨਾ ਸੌਖਾ ਨਹੀਂ ਜਿੰਨਾ ਗੁਰਦਿਆਲ ਸਿੰਘ ਸਮਝੀ ਬੈਠਾ ਹੈ। ਦੋਹਾਂ ਦੀ ਲੜਾਈ ਕਰਾ ਕੇ, ਇਕ ਦੂਜੇ ਦੇ ਸਿਰ ਪੜਵਾ ਕੇ ਇਹ ਮਸਲਾ ਹੱਲ ਨਹੀਂ ਹੋ ਸਕਦਾ। ਬਿਨਾਂ ਜਮਾਤੀ ਸੂਝ ਦੇ ਕੇਵਲ ਜੱਟ-ਹਰੀਜਨ ਦੀ ਲੜਾਈ ਨੂੰ ਆਦਰਸ਼ ਬਣਾਉਣਾ ਇਕ ਖ਼ਤਰਨਾਕ ਰੁਝਾਨ ਹੈ। ਇਹ ਗੱਲ ਵੱਖਰੀ ਹੈ ਕਿ ਗੁਰਦਿਆਲ ਸਿੰਘ ਇਹਨਾਂ ਹਰੀਜਨਾਂ ਨੂੰ ਕਿਸੇ ਲਈ 'ਪੱਕੀਆਂ ਵੋਟਾਂ' ਵਜੋਂ ਹਰੀਜਨ ਨਾਂ ਹੇਠ ਹੀ ਜਿਉਂ ਦਾ ਤਿਉਂ ਕਾਇਮ ਰਖਣਾ ਚਾਹੁੰਦਾ ਹੋਵੇ ਅਤੇ ਆਰਥਕ ਆਧਾਰ ਉਤੇ ਗਰੀਬ ਵਰਗ ਦੇ ਏਕੀਕਰਨ ਦਾ ਵਿਰੋਧੀ ਹੋਵੇ।

**ਆਥਣ** ਉਗਣ ਨਾਵਲ ਦੇ ਆਰੰਭ ਵਿਚ ਗੁਰਦਿਆਲ ਸਿੰਘ ਨੇ ਆਪਣੇ ਵਲੋਂ ਧੁਨੀ-ਪਛਾਣ ਦੇ ਸਿਰਲੇਖ ਹੇਠ ਪਾਠਕਾਂ ਨੂੰ ਆਪਣੇ ਨਾਵਲਾਂ ਵਿਚਲੀ ਧੁਨੀ ਪਛਾਣਨ ਦੀ ਸੇਧ ਦਿੱਤੀ ਹੈ। ਉਸ ਅਨੁਸਾਰ ਜਦੋਂ ਉਹ 'ਜਾ ਰਹੇ' ਸ਼ਬਦ ਦੀ ਥਾਂ 'ਆ ਰਹੇ' ਲਿਖਦਾ ਹੈ ਤਾਂ ਇਸ ਦਾ ਇਕ ਸੋਚਿਆ ਸਮਝਿਆ ਕਾਰਨ ਹੈ। ਉਹ ਕਬਜ਼ਾ ਲੈਣ 'ਜਾ ਰਹੇ' ਹਨ ਦੀ ਥਾਂ 'ਆ ਰਹੇ' ਹਨ ਲਿਖਣ ਕਾਰਨ ਉਸ ਦੀ ਹਮਦਰਦੀ ਢਹੇ ਹੋਏ ਕੋਠੇ ਵਾਲਿਆਂ ਨਾਲ ਹੋ ਜਾਂਦੀ ਹੈ। ਇਕ ਆਲੋਚਕ ਨੇ ਨਾਵਲਕਾਰ ਨੂੰ ਇਕ ਹੋਰ ਭੇਦ ਵਾਲੀ ਗੱਲ ਸਮਝਾਈ ਕਿ ਕੌਮਿਆਂ ਵਿਚ ਪਾਏ ਉਸ ਦੇ ਸ਼ਬਦਾਂ ਦੇ ਅਰਥ ਪ੍ਰਚਲਤ ਅਰਥ ਨਾ ਰਹਿ ਕੇ ਗੁਝੇ ਅਰਥਾਂ ਦਾ ਸੰਚਾਰਨ ਕਰਦੇ ਹਨ। ਉਪਰੋਕਤ ਕਥਨ ਅਨੁਸਾਰ ਗੁਰਦਿਆਲ ਸਿੰਘ ਆਪਣੇ ਨਾਵਲ ਦਾ ਇਕ ਇਕ ਅੱਖਰ ਬੜੇ ਵਿਉਂਤਬੱਧ ਤਰੀਕੇ ਨਾਲ ਆਪਣੀ ਪੂਰੀ ਸਮਝ ਅਨੁਸਾਰ ਲਿਖਦਾ ਹੈ। ਸਪਸ਼ਟ ਹੈ ਕਿ ਜੋ ਉਹ ਆਪਣੇ ਨਾਵਲਾਂ ਰਾਹੀਂ ਸੰਚਾਰ ਕਰਨਾ ਚਾਹੁੰਦਾ ਹੈ ਉਹ ਆਪਣੀ ਸ਼ੈਲੀ ਰਾਹੀਂ ਪੂਰਾ ਕਰਦਾ ਹੈ। ਮੈਂ 'ਆਥਣ ਉਗਣ' ਨਾਵਲ ਦਾ ਅਧਿਐਨ ਧੁਨੀ ਪਛਾਣ ਦੀ ਸੇਧ ਅਨੁਸਾਰ ਹੀ ਕੀਤਾ ਹੈ।

ਟਿੱਬੀ ਵਾਲੀ ਭੈਣੀ ਪਿੰਡ ਦੇ ਦੋ ਜੱਟ ਦਸੌਂਧਾ ਸਿੰਘ ਅਤੇ ਬੂਟਾ ਸਿੰਘ ਸਕੇ ਭਰਾ ਹਨ, ਜਿਨ੍ਹਾਂ ਨੂੰ ਸਾਢੇ ਗਿਆਰਾਂ ਗਿਆਰਾਂ ਕਿੱਲੇ ਜ਼ਮੀਨ ਵੰਡੀ ਆਈ ਹੈ। ਦਸੌਂਧਾ ਸਿੰਘ ਜਿਸ ਨੂੰ ਸੌਂਧੂ ਸੁੱਲਾ ਜਾਂ ਗੋਹਲੂ ਵੀ ਕਹਿੰਦੇ ਹੁੰਦੇ ਸੀ ਸੰਤੋਖੇ ਤੇ ਮਾਨੇ ਹੁਰਾਂ ਨਾਲ ਡੰਗਰ ਚਾਰਦਾ ਹੁੰਦਾ ਸੀ। ਬਾਪੂ ਦੀ ਵੱਢੂ ਖਾਊਂ ਅਤੇ ਬੂਟੇ ਦੀਆਂ ਪਰਾਣੀਆਂ ਦੀ ਕੁੱਟ ਤੋਂ ਡਰਦਾ ਉਹ ਪਿੰਡ ਦੇ ਬੇਲੇ ਗਰੰਥੀ ਨਾਲ ਘਾੱਂ ਭੱਜ ਗਿਆ। ਕਲਕੱਤੇ ਚੌਕੀਦਾਰੀ ਕੀਤੀ। ਫਿਰ ਬਰਮ੍ਹਾ ਵਿਚ ਸਿਪਾਹੀ, ਹੌਲਦਾਰ, ਸੂਬੇਦਾਰ ਅਤੇ ਅਖੀਰ ਠੇਕੇਦਾਰ ਬਣ ਗਿਆ। ਠੇਕਿਆਂ ਵਿਚ ਖੂਬ ਮਾਇਆ ਕਮਾਈ। 'ਪੰਡ ਰੁਪਿਆਂ ਦੀ' ਲੈ ਕੇ ਪਿੰਡ ਆ ਗਿਆ ਅਤੇ ਅਮਲੀਆਂ ਠਮਲੀਆਂ ਅਤੇ ਹੋਰ ਗਰਜ਼ਮੰਦਾਂ ਦੀ ਜ਼ਮੀਨ ਮੁੱਲ ਲੈ ਗਈ। ਇਨ੍ਹਾਂ ਵਿਚ ਹੀ ਮਾਹਲਾ ਅਮਲੀ, ਕੁੰਢੇ ਦਾ ਕੇਲਾ ਅਤੇ ਪਾਖਰ ਤੂੰਬੜ ਵਰਗੇ ਸ਼ਾਮਲ ਹਨ। ਫੇਰ ਵਾਪਸ ਬਰਮ੍ਹਾ ਚਲਿਆ ਗਿਆ। ਪਰ ਦੂਜੀ ਵੱਡੀ ਜੰਗ ਸਮੇਂ ਜਦੋਂ ਵਿਦੇਸ਼ੀਆਂ ਨੂੰ ਭਾਜੜਾਂ ਪਈਆਂ ਤਾਂ ਉਹ ਆਪਣੀ ਘਰ ਵਾਲੀ ਭਗਵਾਨ ਕੌਰ ਅਤੇ ਵੱਡੇ ਮੁੰਡੇ ਸਮੇਤ ਜਾਨ ਬਚਾ ਕੇ ਪਿੰਡ ਪਹੁੰਚਿਆ।



ਏਸ ਵਾਰ ਉਹ ਕੁਲ ਦੋ ਸੇਰ ਸੋਨਾ ਅਤੇ ਕੁਝ ਥੈਲੀਆਂ ਨੋਟਾਂ ਦੀਆਂ ਲਿਆ ਸਕਿਆ। ਹੁਣ ਦਸੌਂਧਾ ਸਿੰਘ 50 ਕਿਲੇ ਜ਼ਮੀਨ ਦਾ ਮਾਲਕ ਹੈ। ਉਸ ਦੇ ਦੋ ਪੁੱਤਰ ਹਨ। ਵੱਡਾ ਜਸਪਾਲ ਫ਼ੌਜ ਵਿਚ ਕਪਤਾਨ ਹੈ ਅਤੇ ਛੋਟਾ ਜਰਨੈਲ ਬਦਮਾਸ਼ੀਆਂ ਕਰਨ ਲੱਗ ਪਿਆ ਹੈ। ਦਸੌਂਧਾ ਸਿੰਘ ਜਰਨੈਲ ਦੀਆਂ ਕਾਲੀਆਂ ਕਰਤੂਤਾਂ ਤੋਂ ਬਹੁਤ ਤੰਗ ਹੈ। ਓਧਰ ਬੂਟਾ ਸਿੰਘ ਆਪਣੀ ਦਸਾਂ ਨੌਹਾਂ ਦੀ ਕਮਾਈ ਕਰਦਾ ਹੈ। ਉਸ ਦੇ ਤਿੰਨ ਪੁੱਤ ਮੋਦਨ, ਸੁੰਦਰ ਅਤੇ ਬਸੰਤਾ ਹਨ। ਉਹਨਾਂ ਨੂੰ ਗਿਲਾ ਹੈ ਕਿ ਬੂਟਾ ਸਿੰਘ ਤੋਂ ਆਪਣੀ ਕਮਾਈ ਵਿਚ ਸਾਢੇ 11 ਤੋਂ ਬਾਰਾਂ ਕਿੱਲੇ ਜ਼ਮੀਨ ਨਹੀਂ ਸੀ ਬਣੀ ਤੇ ਉਹਨਾਂ ਦੇ ਚਾਚੇ ਦਸੌਂਧੇ ਨੇ 50 ਕਿਲੇ ਬਣਾ ਲਈ ਸੀ।

ਮਾਹਲਾ ਦਸੌਂਧੇ ਨੂੰ ਗਾਲਾਂ ਕੱਢਦਾ ਕੱਢਦਾ, ਜ਼ਿੰਦਗੀ ਤੋਂ ਤੰਗ ਆ ਕੇ ਖੂਹ ਵਿਚ ਛਾਲ ਮਾਰ ਕੇ ਮਰ ਗਿਆ। ਮਾਹਲੇ ਦੇ ਪੰਜ ਮੁੰਡੇ ਗੋਲੀਆਂ ਜੂਆ ਖੇਡਦੇ ਹਨ ਅਤੇ ਘਰ ਦੀਆਂ ਕੌਲੀਆਂ ਬਾਟੀਆਂ ਵੇਚ ਰਹੇ ਹਨ। ਵਿਹੜੇ ਦੇ ਲੋਕਾਂ ਨੂੰ ਬਾਬਾ ਸਾਧੂ ਚਮਿਆਰ ਸਮਝਾ ਸਮਝਾ ਥੱਕ ਗਿਆ ਹੈ। ਬਘਦੂ ਜਿਸ ਦੇ ਬਾਪ ਨੂੰ ਬਚਨੇ ਨੰਬਰਦਾਰ ਨੇ ਮਰਵਾ ਦਿੱਤਾ ਸੀ ਹੁਣ ਸ਼ਹਿਰ ਵਿਚ ਮਜ਼ਦੂਰੀ ਕਰਦਾ ਹੈ, ਦਾਰੂ ਪੀਂਦਾ ਹੈ, ਚਿੱਟੇ ਕਪੜੇ ਪਾਉਂਦਾ ਹੈ, ਮੰਦਾ ਬੋਲਦਾ ਹੈ। ਬਹੁਤੀ ਵਾਰ ਗਰਮ 'ਚੱਕ ਦੂੰ ਫੱਟੇ' ਵਰਗੀਆਂ ਗੱਲਾਂ ਕਰਦਾ ਹੈ। ਬਚਨੇ ਨੰਬਰਦਾਰ ਨੇ ਬਘਦੂ ਦੇ ਬਾਪ ਨੂੰ 400/- ਰੁਪ ਦੇਣੇ ਕਰ ਕੇ ਇਕ ਖ਼ੂਨ ਵਿਚ ਸਾਥੀ ਬਣਾਇਆ ਸੀ। ਫਿਰ 400/- ਦੇਣ ਦੀ ਥਾਂ ਉਸੇ ਨੂੰ ਮਰਵਾ ਦਿੱਤਾ। ਬਘਦੂ ਦੀ ਮਾਂ 'ਫਿਟਣੀਆਂ ਦੀ ਫੇਟ' ਲੜਾਈ ਦੀ ਜੜ੍ਹ ਬਘਦੂ ਨੂੰ 'ਇਨ੍ਹਾਂ' ਕੰਮਾਂ ਤੋਂ ਰੋਕਦੀ ਨਹੀਂ ਸੀ। ਮੁੰਦਰ ਦੀ ਮਾਂ ਨੂੰ ਨਾਹਰੂ ਫ਼ੌਜੀ ਕੱਢ ਕੇ ਲੈ ਗਿਆ ਸੀ। ਪੰਜ ਮਹੀਨੇ ਬਾਅਦ ਵਾਪਸ ਆਈ ਤਾਂ ਮੁੰਦਰ ਦੇ ਬਾਪ ਨੇ ਰੋਂਦੀ ਕੁਰਲਾਂਦੀ, ਆਪਣੇ ਆਪ ਨੂੰ ਬੇਕਸੂਰ ਦਸਦੀ ਨੂੰ ਦਰਵਾਜ਼ੇ ਲਾ ਕੇ ਅੰਦਰ ਹੀ ਗਲ ਘੁਟ ਕੇ ਮਾਰ ਦਿੱਤਾ। ਫਿਰ ਉਹ ਵੀ ਬੀਮਾਰ ਪੈ ਕੇ ਮਰ ਗਿਆ। ਮੁੰਦਰ ਦਸੌਂਧੇ ਕਿਆਂ ਨਾਲ ਪਾਲੀ ਰਲ ਗਿਆ। ਦਸੌਂਧੇ ਦੀਆਂ ਗਾਲ੍ਹਾਂ ਅਤੇ ਜਰਨੈਲ ਦੀਆਂ ਕੁੱਟਾਂ ਉਸ ਤੋਂ ਝੱਲੀਆਂ ਨਾ ਗਈਆਂ। ਫੇਰ ਉਹ ਆਪਣੇ ਮਾਸੜ ਪਾਸ ਚਲਾ ਗਿਆ ਅਤੇ ਉਥੇ ਸਤ ਸਾਲ ਸੀਰ ਕਮਾਇਆ। ਉਸੇ ਪਿੰਡ ਦੀ ਇਕ ਕੁੜੀ ਰਤਨੀ ਨਾਲ ਉਸ ਦੀ ਯਾਰੀ ਲੱਗ ਗਈ, ਪਰ ਉਸ ਨੂੰ ਧੋਖਾ ਦੇ ਕੇ ਉਹ ਆਪਣੇ ਪਿੰਡ ਵਾਪਸ ਆ ਗਿਆ। ਰਤਨੀ ਵੀ ਇਸ ਪਿੰਡ ਵਿਚ ਅਮਲੀ ਘੋਰੀ ਮਾਹਲੂ ਮੋਚੀ ਦੀ ਬਹੂ ਬਣ ਕੇ ਆ ਗਈ। ਦੋ ਸੱਸ, ਨਿਆਣੇ ਸਹੁਰਾ, ਤੇ ਫੇਰ ਮਾਹਲੂ ਮੋਚੀ ਵੀ ਮਰ ਗਿਆ। ਮੁੰਦਰ ਤੋਂ ਬਦਲਾ ਲੈਣ ਲਈ ਉਹ ਪਿੰਡ ਦੀ ਲਚਰ ਔਰਤ ਬਣ ਗਈ। ਬਚਨਾ ਨੰਬਰਦਾਰ ਅਤੇ ਜਰਨੈਲ ਵਰਗੇ ਬਦਮਾਸ਼ਾਂ ਨਾਲ ਉਸ ਦੀ ਦੋਸਤੀ ਹੋ ਗਈ। ਉਹ ਜਦੋਂ ਚਾਹੁੰਦੇ, ਜਰਨੈਲ ਕੇ ਟਿਊਬਵੈਲ 'ਤੇ ਉਹਨਾਂ ਨਾਲ ਚਲੀ ਜਾਂਦੀ। ਮੁੰਦਰ ਤੇ ਬਘਦੂ ਉਤੇ ਇਕ ਦਿਨ ਜਰਨੈਲ ਨੇ ਗੋਲੀ ਚਲਾ ਦਿਤੀ। ਇਸ ਲੜਾਈ ਵਿਚ ਸ਼ਰਾਬੀ ਜਰਨੈਲ ਦਾ ਉਹ ਦੋਵੇਂ ਪਿਸਤੌਲ ਖੋਹ ਲਿਆਏ। ਵਿਹੜੇ ਦੇ ਲੋਕਾਂ ਨੂੰ ਇਕੱਠਾ ਕਰ ਕੇ ਉਹ ਦਸੌਂਧਾ ਸਿੰਘ ਪਾਸ ਗਏ ਅਤੇ ਅਗੋਂ ਦਸੌਂਧਾ ਸਿੰਘ ਨੇ ਆਪਣੇ ਹੀ ਪੁੱਤ ਨੂੰ ਗਾਲ੍ਹਾਂ ਕੱਢ ਕੇ ਉਹਨਾਂ ਨੂੰ ਠੰਢਾ ਕਰ ਦਿੱਤਾ ਅਤੇ ਆਪਣੇ ਆਪ ਨੂੰ ਬੇਬਸ ਦੱਸਿਆ। ਫੇਰ ਜਦੋਂ ਉਹ ਸਾਰੇ ਧਿਆਨਾ ਖੱਬਾ, ਸ਼ਿੰਦਰ ਧੂਸ, ਬਘਦੂ, ਮੁੰਦਰ, ਕੇਲੂ ਪੁਆਧੜ, ਸ਼ੇਰਾ ਚੌਂਦਾ ਆਦਿ ਦਸੌਂਧਾ ਸਿੰਘ ਨੂੰ ਤਾੜਨਾ ਕਰ ਕੇ ਮੁੜ ਰਹੇ ਸਨ ਤਾਂ ਬੂਟਾ ਸਿੰਘ ਨੇ 'ਬੋਟਾਂ ਆਲੇ ਪੱਕੇ ਚੌਧਰੀਆਂ' ਨੂੰ ਮਖੌਲ ਕੀਤਾ। ਪਿਆਰਾ ਸੰਧੂ ਆਪਣੀ ਤਰ੍ਹਾਂ ਹੀ ਰੱਤੀ ਕੰਜਰੀ ਨੂੰ ਸਿਧਾ ਕਰਨ ਨੂੰ ਫਿਰਦਾ ਹੈ। ਇਕ ਦਿਨ ਉਹ ਰਤਨੀ ਦੇ ਅੰਦਰ ਜਾ ਵੜਿਆ ਅਤੇ ਰਤਨੀ ਨੇ ਉਸ ਦੀਆਂ ਲੱਤਾਂ

ਬਾਹਾਂ ਤੋੜ ਕੇ ਬਾਹਰ ਬੀਹੀ ਵਿਚ ਸੁੱਟ ਦਿੱਤਾ । ਓਧਰ ਬਾਬੇ ਸਾਧੂ ਅਤੇ ਮੁੰਦਰ ਨੇ ਬਚਨੇ ਦੇ ਸੀਰੀ ਭੂੰਡੇ ਦੀ ਬਾਂਹ ਤੋੜ ਦਿੱਤੀ । ਦਸੌਂਧਾ ਸਿੰਘ ਉਦਾਸ ਆਪਣੇ ਘੋਰੇ ਵਿਚ ਪਿਆ ਰਹਿੰਦਾ ਹੈ ਅਤੇ ਜਰਨੈਲ ਨੂੰ ਗਾਲ੍ਹਾਂ ਕੱਢਦਾ ਰਹਿੰਦਾ ਹੈ । ਬੂਟਾ ਥੋਹੜਾ ਬਹੁਤ ਹੌਂਸਲਾ ਦਿੰਦਾ ਰਹਿੰਦਾ ਹੈ । ਜਰਨੈਲ ਅਤੇ ਬਚਨੇ ਨੇ ਇਕ ਦਿਨ ਥਾਣਾ ਚਾੜ੍ਹ ਲਿਆਂਦਾ । ਮੁਰਗੇ ਰਿਝੇ, ਸ਼ਰਾਬਾਂ ਉਡੀਆਂ ਤੇ ਸਾਰੀ ਰਾਤ ਮੁੰਦਰ, ਬਾਬੇ ਸਾਧੂ, ਸੰਤੂ ਮਝੇਰੂ ਨੂੰ ਕੁਟਾਪਾ ਚਾੜ੍ਹਿਆ । ਦੂਜੇ ਦਿਨ ਪੰਚਾਇਤ ਇਕੱਠੀ ਹੋਈ ਅਤੇ ਬਾਬੂ ਸਿੰਘ ਸਰਪੰਚ ਨੇ ਪਿੰਡ ਦੀ ਗੱਲ ਪਿੰਡ ਵਿਚ ਹੀ ਨਬੇੜਨ ਦੀ ਸਲਾਹ ਦੇ ਕੇ ਸਭ ਨੂੰ ਠੰਢਿਆਂ ਕਰ ਦਿੱਤਾ । ਬਘਦੂ ਅਤੇ ਮੁੰਦਰ ਸ਼ਰਾਬ ਪੀ ਕੇ ਆਪਣੀ ਜ਼ਿੰਦਗੀ ਦੀਆਂ ਗੱਲਾਂ ਇਕ ਦੂਜੇ ਨੂੰ ਦੱਸਦੇ ਹਨ । ਬਘਦੂ ਤੂਸ਼ ਉਡਾ ਦੇਣ ਦੀਆਂ ਗੱਲਾਂ ਕਰਦਾ ਹੈ ਅਤੇ ਮੁੰਦਰ ਆਪਣੀ ਬੇਬਸੀ ਦੀਆਂ । ਸ਼ਰਾਬ ਪੀਣ ਤੋਂ ਬਾਅਦ ਮੁੰਦਰ ਰਤਨੀ ਕੋਲ ਚਲਿਆ ਗਿਆ ਅਤੇ ਬਘਦੂ ਆਪਣੇ ਘਰ । ਦੂਸਰੇ ਦਿਨ ਸਵੇਰੇ ਜਰਨੈਲ ਨੂੰ ਕਿਸੇ ਨੇ ਕਤਲ ਕਰ ਦਿਤਾ ਦੀ ਖ਼ਬਰ ਪਿੰਡ ਵਿਚ ਫੈਲ ਗਈ । ਬਚਨਾ ਕਹਿ ਰਿਹਾ ਸੀ ਕਿ ਉਹ ਤੇ ਜਰਨੈਲ ਮੋਟਰ ਸਾਈਕਲ 'ਤੇ ਆ ਰਹੇ ਸੀ, ਜੋੜੇ ਪੁਲ ਉਤੇ ਤਿੰਨ ਜਣਿਆਂ ਨੇ ਘੇਰ ਕੇ ਜਰਨੈਲ ਨੂੰ ਗੋਲੀ ਮਾਰ ਦਿੱਤੀ । ਬਘਦੂ, ਮੁੰਦਰ ਅਤੇ ਮਾਹਲੇ ਦਾ ਵੱਡਾ ਮੁੰਡਾ ਕਤਲ ਦੇ ਕੇਸ ਵਿਚ ਫੜੇ ਗਏ । ਸਾਧੂ ਬਾਬਾ ਜਾਣਦਾ ਸੀ ਕਿ ਇਹ ਕਤਲ ਬਚਨੇ ਨੇ ਆਪ ਕਰਵਾਇਆ ਹੈ ਪਰ ਉਸ ਦੀ ਇਸ ਗੱਲ ਨੂੰ ਵਿਹੜੇ ਵਾਲੇ ਨਹੀਂ ਸੀ ਮੰਨਦੇ । ਜਸਪਾਲ ਵੀਹ ਕੁ ਦਿਨਾਂ ਦੀ ਛੁਟੀ ਆਇਆ । ਭੋਗ ਪਾ ਕੇ ਚਲਿਆ ਗਿਆ । ਬਚਨਾ ਵਕੀਲ ਕਰ ਕੇ ਦਸੌਂਧਾ ਸਿੰਘ ਤੋਂ ਪੈਸੇ ਬਟੋਰਦਾ ਰਿਹਾ । ਓਧਰ ਮਾਹਲੇ ਦੀ ਘਰ ਵਾਲੀ ਨੰਦੀ ਬਘਦੂ ਦੀ ਬੇਬੇ ਨਾਲ ਦੁਖ ਸੁਖ ਫੋਲਦੀ ਰਹੀ । ਦਸੌਂਧੇ ਨੂੰ ਫੇਰ ਸੰਤੋਖੇ ਬੂੜੇ ਅਤੇ ਬੂਟੇ ਨੇ ਹੌਂਸਲਾ ਦਿੱਤਾ । ਦਸੌਂਧਾ ਸਿੰਘ ਨੇ ਗੱਜਨ ਟੁੰਡੇ ਨੂੰ ਠੇਕੇ ਵਾਲੀ ਜ਼ਮੀਨ ਛੱਡਣ ਲਈ ਕਿਹਾ । ਪਰ ਉਸ ਨੇ ਜਰਨੈਲ ਕੰਨੀ ਚਾਰ ਪੰਜ ਹਜ਼ਾਰ ਰੁਪਿਆ ਕੱਢ ਦਿੱਤਾ । ਜਰਨੈਲ ਦੇ ਕਤਲ ਦਾ ਫ਼ੈਸਲਾ ਹੋ ਗਿਆ । ਬਘਦੂ ਤੇ ਮੁੰਦਰ ਨੂੰ ਸੱਤ ਸੱਤ ਸਾਲ ਕੈਦ ਹੋਈ ਤੇ ਮਾਹਲੇ ਦਾ ਵੱਡਾ ਮੁੰਡਾ ਬਰੀ । ਘੱਟ ਸਜ਼ਾ ਹੋਣ ਦਾ ਕਾਰਨ ਬਚਨੇ ਦਾ ਆਪ ਹੀ ਪੈਸੇ ਖਾ ਜਾਣਾ ਸੀ । ਬਘਦੂ ਦੀ ਮਾਂ ਦਾ ਦਿਮਾਗ ਹੱਲ ਗਿਆ ਸੀ । ਬਾਬਾ ਸਾਧੂ ਬੀਮਾਰ ਸੀ ਅਤੇ ਫੇਰ ਕੁਝ ਚਿਰ ਬਾਅਦ ਮਰ ਗਿਆ ਸੀ । ਪਿੰਡ ਵਿਚ ਵਿਹੜੇ ਵਾਲਿਆਂ ਨੂੰ ਤੰਗ ਕੀਤਾ ਜਾ ਰਿਹਾ ਸੀ । ਬਚਨਾ ਜਦੋਂ ਰੱਤੀ ਕੇ ਫਿਰ ਗਿਆ ਤਾਂ ਸੰਤੂ ਤੇ ਭੂੰਡੇ ਨੇ ਉਸ ਦੀ ਬਾਂਹ ਵੱਢ ਦਿੱਤੀ ਸੀ । ਭੂੰਡਾ ਥਾਣੇ ਹਾਜ਼ਰ ਹੋ ਗਿਆ ਅਤੇ ਫੇਰ ਰੱਬ ਜਾਣੇ ਭੂੰਡਾ ਹਸਪਤਾਲ ਵਿਚ ਖ਼ੂਨ ਦੀਆਂ ਟੱਟੀਆਂ ਨਾਲ ਮਰ ਗਿਆ । ਭੂੰਡੇ ਦੀ ਬਹੂ ਇਸ ਦਾ ਕਾਰਨ ਰੱਤੀ ਸੌਂਕਣ ਨੂੰ ਸਮਝਦੀ ਸੀ, ਜੋ ਪਿੰਡ ਦੇ ਕਿੰਨੇ ਹੀ ਜੀ ਖਾ ਗਈ ਸੀ । ਸੰਤੂ ਮੋਚੀ ਬਚਨੇ ਦੇ ਇਰਾਦਾ ਕਤਲ ਵਿਚ ਅੰਦਰ ਸੀ । ਪਾਕਿਸਤਾਨ ਤੇ ਹਿੰਦੁਸਤਾਨ ਦੀ ਲੜਾਈ ਛਿੜ ਪਈ । ਜਸਪਾਲ ਲੜਾਈ ਵਿਚ ਮਾਰਿਆ ਗਿਆ । ਦਸੌਂਧਾ ਸਿੰਘ ਬਹੁਤ ਦੁਖੀ ਸੀ । ਸਾਰੀ ਕਮਾਈ ਅਜਾਂਈ ਜਾਂਦੀ ਦਿਸਦੀ ਸੀ । ਬੂਟੇ ਦਾ ਚੂਲਾ ਲਹਿ ਗਿਆ ਸੀ ਅਤੇ ਮੰਜੇ 'ਤੇ ਪਿਆ ਸੀ । ਨੰਦੀ ਮਾਹਲੇ ਦੀ ਬਹੂ ਨਰਕ ਭੋਗ ਰਹੀ ਸੀ । ਬਘਦੂ ਦੀ ਮਾਂ ਪਾਗਲਾਂ ਦੀ ਤਰ੍ਹਾਂ ਚੀਕਾਂ ਮਾਰ ਰਹੀ ਸੀ । ਭੂੰਡੇ ਦੀ ਤੀਵੀਂ ਨੂੰ ਬਰੀਕ ਤਪ ਹੋ ਗਿਆ ਸੀ । ਮਾਨਾਂ ਦੇ ਮੁੰਡੇ ਜ਼ਿੰਦਰ ਨੇ ਦਾਤਣਾਂ ਲਾਹੁੰਦੇ ਪਿੰਡੂ ਨੂੰ ਗਾਲ੍ਹਾਂ ਕੱਢੀਆਂ । ਦਿਆਲੇ ਕੇ ਖੰਡੂ ਨੇ ਰੱਤੇ ਦੀ ਤੀਵੀਂ ਨੂੰ ਕੁੱਟ ਦਿਤਾ । ਮਾਹਲੇ ਦਾ ਵੱਡਾ ਮੁੰਡਾ ਪਿੰਡ ਵਿਚ ਲਲਕਾਰੇ ਮਾਰਦਾ ਫਿਰਦਾ ਸੀ । ਰੱਤੀ ਪਤਾ ਨਹੀਂ ਕਿੱਧਰ ਚਲੀ ਗਈ ਸੀ । ਸੁੰਨੇ ਢਾਰੇ ਵਿਚ ਫਾਚੜ ਕੁੱਤੀ ਉਚੀ ਮੂੰਹ ਕਰ ਕੇ ਰੋਈ ਜਾਂਦੀ ਸੀ । ਗੁਰਿੰਦਰ ਹੁਣ ਆਪਣੀ ਮਾਂ ਬਸੰਤ ਕੁਰ ਨੂੰ (ਸੰਤ ਕੁਲ) ਕਹਿਣ ਲੱਗ ਪਿਆ ਸੀ ।



ਖੇਤ ਗੇੜਾ ਮਾਰਦੇ ਦਸੌਂਧਾ ਸਿੰਘ ਦੀ ਖੂੰਡੀ ਤਿੜਕ ਕੇ ਟੁੱਟ ਗਈ ਸੀ ਤੇ ਉਹ ਆਪਣੇ ਪੋਤੇ ਗੁਰਿੰਦਰ ਨੂੰ ਆਪਣੀ ਜ਼ਮੀਨ ਸਮਝਾ ਰਿਹਾ ਸੀ ਜਿਵੇਂ ਜ਼ਿੰਮੇਵਾਰੀ ਸੰਭਾਲ ਰਿਹਾ ਹੋਵੇ ।

ਉਪਰੋਕਤ ਸਾਰੀ ਕੱਥ ਵਿਚ ਗੁਰਦਿਆਲ ਸਿੰਘ ਦੇ ਪਾਤਰਾਂ ਦੇ ਕਿਰਦਾਰ ਜੋ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ ਏਦਾਂ ਹਨ :—

ਮਾਹਲਾ : ਔਹ ਲੀਲੀ ਛਤਰੀ ਆਲਾ ਤਾਂ ਵਿੰਹਦੇ ਨਾ...ਬੱਸ ਫੇਰ ! ਜਦੋਂ ਉਹਦੀ ਚੌਹੀਂ ਪਾਸੀਂ ਨਿਗੇ ਤਾਂ ਅਨਸਾਫ਼ ਵੀ ਆਪੇ ਕਰੂੰ । ਲਾ ਜ਼ਰੂਰ ਕਰੂ ।

—ਸਾਰਾ ਨਗਰ ਖੇੜਾ ਸੁਣਦੇ, ਮੈਂ ਨੀ ਚਟਣਾ...ਫੇਰ ਆਖੋਗੇ ਮਾਹਲੇ ਨੇ ਮਾੜਾ ਕੰਮ ਕੀਤਾ—ਇਹਨੂੰ ਪੰਜੀ ਦਾ ਭੌਣ ਵਿਖਾਏ ਬਿਨਾਂ ਛਡਦਾ ਨੀ । ਅੜਾ ਦੂੰ ਪਰਛਾਂਡੇ ।

—ਇਹ ਸਭ ਥੇਹ ਬਣਨਗੇ । ਮਾਹਲੇ ਮਾਨ ਦੀ ਹਾਅ ਆਹਲੀ ਨੀ ਓਏ ਜਾਣੀ । ਕਦੌਂਤ ਨੀਂ ਜਾਣੀ । ਇਹ ਤਾਂ ਚਾਰ ਦਿਨਾਂ ਦਾ ਚਮਤਕਾਰ ਐ । ਸਭ ਲੇਖੇ ਹੋਣਗੇ । ਰਾਈ ਰਾਈ ਦਾ ਹਿਸਾਬ ਹੋਊ । ਕਰੇ ਕਰਾਏ ਆਪੇ ਆਪ, ਓ, ਆਪ ਕਰੂ, ਲਾ ਜ਼ਰੂਰ ਕਰੂ ।

ਨਾਵਲ ਵਿਚ ਇਹ ਟੱਕਰ ਵੱਡੇ ਜ਼ਿਮੀਂਦਾਰ ਦਸੌਂਧੇ ਅਤੇ ਮਾਹਲੇ ਜਿਸ ਦੀ ਜ਼ਮੀਨ ਦਸੌਂਧੇ ਨੇ ਲੈ ਲਈ ਹੈ, ਵਿਚ ਹੈ । ਮਾਹਲਾ ਇਸ ਸਾਰੀ ਟੱਕਰ ਵਿਚ 'ਲੀਲੀ ਛਤਰੀ ਆਲੇ' ਦੇ ਇਨਸਾਫ਼ ਦੀ ਆਸ ਕਰਨ ਜਾਂ ਆਪ ਹੀ ਰਿਸ਼ੀ ਮੁਨੀ ਬਣ ਕੇ "ਇਹ ਸਭ ਥੇਹ ਬਣਨਗੇ" ਦਾ ਸਰਾਪ ਦੇਣ ਜਾਂ ਨਿਜੀ ਪੱਧਰ 'ਤੇ "ਮਾੜਾ ਕੰਮ ਕਰਨ" ਦੀ ਧਮਕੀ ਦੇਣ ਤੋਂ ਸਿਵਾ ਜਮਾਤੀ ਪੱਧਰ 'ਤੇ ਕੋਈ ਟੱਕਰ ਨਹੀਂ ਉਸਾਰਦਾ । ਇਥੋਂ ਤੀਕ ਕਿ ਬੂਟੇ ਕੇ ਟੱਬਰ ਜਿਸ ਤੋਂ ਸਾਢੇ ਗਿਆਰਾਂ ਕਿਲੇ ਤੋਂ ਬਾਰਾਂ ਨਹੀਂ ਬਣੀ, ਵਰਗਿਆਂ ਦੀ ਲੋਕ ਰਾਇ ਵੀ ਆਪਣੇ ਨਾਲ ਨਹੀਂ ਬਣਾ ਸਕਿਆ । ਹਾਂ, ਗੁਰਦਿਆਲ ਸਿੰਘ ਆਪਣੇ ਸੋਚ ਸਮਝ ਕੇ ਲਿਖੇ ਵਾਰਤਾਲਾਪਾਂ ਨੂੰ ਅਮਲੀ ਰੂਪ ਦੇਣ ਲਈ ਮਾਹਲੇ ਦਾ ਸਰਾਪ ਜ਼ਰੂਰ ਸੱਚਾ ਕਰ ਦਿੰਦਾ ਹੈ । ਭਾਵੇਂ ਸਰਾਪ ਦੇਣ ਵਾਲਾ ਖੁਦ ਖੂਹ 'ਚ ਡੁੱਬ ਕੇ ਮਰ ਜਾਏ । ਪਰ ਉਪਰ 'ਲੀਲੀ ਛਤਰੀ ਆਲਾ' ਤਾਂ ਦੇਖਦੇ ਨਾ ਫਿਰ ।

**ਬਘਦੂ ਦੀ ਮਾਂ** : "ਚੰਗਾ ਉਹ ਤਾਂ ਉਤੇ ਵੇਖਦੈ...ਜੇ ਵੇਖਦਾ ਸੀ ਤਾਂ ਹੀ ਹਾਲੀਏਂ ਹੱਥਾਂ ਤੇ ਸਰੋਂ ਜਮਾਈ ਪਈ ਐ ਕਿ ਨਹੀਂ ? ਔਹ ਦੋ ਸੀ...ਦੋਏ ਸਿਖਰੋਂ ਧਰਤੀ ਨਾਲ ਪਟਕਾ ਤੇ...ਦੋਏ ਐਨ ਸਿਖਰੋਂ ਝੂਟਾ ਦੇ ਕੇ ਮਾਰੇ.. ਮਾਰੇ ਕਿ ਨੀਂ...ਤੇ ਔਹ ਬਚਨਾ ਫਿਰਦੈ ਕਿ ਨੀਂ ਦੂਜਿਆਂ ਤੋਂ ਟੁੱਕ ਦੀਆਂ ਬੁਰਕੀਆਂ ਮੂੰਹ 'ਚ ਪੁਐਣ ਜੋਗਾ ਹੋਇਆ...ਇਉਂ ਐ ਫੇਰ ।" ਬੱਸ ਗੁਰਦਿਆਲ ਸਿੰਘ ਨੇ ਦਸੌਂਧੇ ਨੂੰ ਸਜ਼ਾ ਦੇਣ ਲਈ ਉਸ ਦੇ ਦੋਵੇਂ ਪੁੱਤ ਮਰਵਾ ਦਿੱਤੇ । ਇਕ ਜਰਨੈਲ ਜੋੜੇ ਪੁੱਲਾਂ 'ਤੇ ਗੋਲੀ ਨਾਲ ਮਰ ਗਿਆ ਅਤੇ ਇਕ ਫ਼ੌਜ ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੀ ਜੰਗ ਵਿਚ ਸ਼ਹੀਦੀ ਪਾ ਗਿਆ । ਨਿਜੀ ਲਾਗ ਡਾਟ ਨੂੰ ਛੱਡ ਕੇ ਸਾਰੇ ਪਿੰਡ ਦੀ ਦਸੌਂਧੇ ਨਾਲ ਹਮਦਰਦੀ ਹੈ । ਵਿਹੜੇ ਵਿਚ ਸਾਰੀ ਬੀਮਾਰੀ ਦੀ ਜੜ੍ਹ ਰਤਨੀ ਹੈ । ਰਤਨੀ ਜਿਸ ਦੀ ਮਖ ਢੈਲੀ ਕਰਨ ਲਈ ਵਿਹੜੇ 'ਚ ਕੋਈ ਗਭਰੂ ਨਹੀਂ । ਇਕ ਪਿਆਰਾ ਸੰਧੂ ਆਸ਼ਕ ਨਿਕਲਿਆ ਪਰ ਉਸ ਨੇ ਵੀ ਰਤਨੀ ਤੋਂ ਜਾਤੂਆਂ ਨਾਲ ਟੰਗਾਂ ਤੁੜਵਾ ਲਈਆਂ, ਜਦੋਂ ਭੂੰਡੇ ਨੇ ਬਚਨੇ ਦੀ ਰਤਨੀ ਦੇ ਘਰੇ ਵੜਦੇ ਦੀ ਬਾਂਹ ਵੱਢ ਦਿੱਤੀ ਅਤੇ ਭੂੰਡਾ ਹਸਪਤਾਲ ਵਿਚ ਹੀ ਖ਼ੂਨ ਦੀਆਂ ਟੱਟੀਆਂ ਨਾਲ ਮਰ ਗਿਆ ਤਾਂ...

**ਭੂੰਡੇ ਦੀ ਬਹੂ** : "ਨੀਂ ਤੂੰ ਕਿਸੇ ਨੂੰ ਵਿਹੜੇ 'ਚ ਛੱਡੇਂਗੀ ਵੀ ਡੈਣੇ...ਇਕ ਘਰ ਤਾਂ ਡੈਣ ਵੀ ਛੱਡ ਦਿੰਦੀ ਐ । ਪਹਿਲਾਂ ਤੂੰ ਸਣੇ ਖਸਮ ਦੇ ਆਵਦਾ ਓੜਮਾ ਕੋੜਮਾ ਖਾਧਾ—ਸਪਣੀ ਆਂਗੂੰ ਆਪਣੇ ਜੰਮੇ ਵੀ ਖਾਗੀ । ਫੇਰ ਅਹੁ ਮਰਨ ਆਲਾ ਜੈਲਾ ਖਾਧਾ—ਫੇਰ ਮੁੰਦਰ ਤੇ ਬਘਦੂ ਨੂੰ ਅਗਲੀ ਦਰਗਾਹ

ਪੁਚਾਇਆ । ਸਾਡੇ ਪਿੱੜ ਵੀ ਨਾਹਲੀ । ਹਾਇ ਨੀ ਮੇਰੀਏ ਸੌਂਕਣੇ ਪੀ ਜਾਂ ਤੇਰਾ ਚੂਲੀਏ ਲਹੂ...'' ਭੂੰਡਾ ਕਿਸੇ ਨੇ ਮਾਰਤਾ ਜਾਂ ਮਰਵਾਤਾ ਦੇ ਸਵਾਲ ਦਾ ਹੱਲ ''ਰੱਬ ਦੀਆਂ ਰੱਬ ਜਾਣੇ'' ਹੈ । ਦਸੌਂਧੇ ਦੇ ਦੋਵੇਂ ਮੁੰਡੇ ਮਰ ਗਏ । 'ਅੱਛਾ—ਭਾਣਾ ਦਾਤੇ ਦਾ...ਹੋਣਹਾਰ ਨੂੰ ਕੌਣ ਟਾਲ ਸਕਦੈ'' ਦਾ ਸਬਰ । ਜਰਨੈਲ ਤਾਂ ਦਸੌਂਧਾ ਸਿੰਘ ਅਤੇ ਬਸੰਤ ਕੌਰ ਲਈ ਦੁਸ਼ਮਣ ਹੀ ਸੀ । ਦਸੌਂਧੇ ਦੀ ਨਿਗਾਹ ਵਿਚ ਤਾਂ ਉਹ 'ਮੁਸ਼ਟੰਡਾ ਜਰਨੈਲ', 'ਖੋਟਾ ਪੈਸਾ', 'ਕਪੁੱਤ, 'ਡਾਕੂ' ਹੀ ਸੀ । ਬੂਟੇ ਅਨੁਸਾਰ 'ਉਹਦੀ ਲਿਖਤਕਾਰ' ਏਦਾਂ ਹੀ ਸੀ । ਪਰ ਜਸਪਾਲ ਦੇਸ਼ ਲਈ ਸਰਹੱਦਾਂ ਤੇ ਸ਼ਹੀਦੀ ਪਾ ਗਿਆ ।

ਪਿੰਡ ਦੇ ਦੂਸਰੇ ਲੋਕ : ਸੰਤੋਖਾ : ''ਮਿਹਰ ਉਸ ਦਾਤੇ ਦੀ, ਬੰਦਾ ਕੌਣ ਵਿਚਾਰੇ, ਦਾਤਾ ਆਪੇ ਸਭ ਕੰਮ ਰਾਸ ਕਰੂ । ਤੂੰ ਫਿਕਰ ਨਾ ਕਰਿਆ ਕਰ ।''

**ਪਰਤਾਪੇ ਦਾ ਸੀਰੀ ਭੰਗਾ** : ''ਤੇਰੀਆਂ ਤੂੰ ਜਾਣੇ ਕਰਤਾਰ, ਤੇਰੀਆਂ ਤੂੰ ਜਾਣੇ ।''

**ਚੰਨਣ ਝਿਉਰ ਦਾ ਮੁੰਡਾ ਗਾਮਾ** : ''ਛੜਕਾਂ ਤੇ ਰੂੜ ਵੱਟਿਆ, ਰੋ ਰੋ ਕੇ ਅੱਖਾਂ ਗਾਲੀਆਂ ਏਸ ਜਾਰੀ ਤੋਂ ਕੀ ਖਟਿਆ ?''

ਉਪਰੋਕਤ ਸਾਰੀ ਅੰਤਰਮੁਖਤਾ ਦੀ ਆਤਮ ਸਾਧਨ ਪ੍ਰਕਿਰਿਆ ਵਿਚ ਪਿਆ ਇਹ ਪਿੰਡ ਦੁਖੀ ਹੈ । ਇਸ ਦੁਖ ਤੋਂ ਉਪਜੇ ਵਿਦਰੋਹ ਦੇ ਚਿੰਨ੍ਹਾਂ ਦੀ ਨਿਗੇਸ਼ਨ ਗੁਰਦਿਆਲ ਸਿੰਘ ਏਦਾਂ ਕਰਦਾ ਹੈ : ਬਘਦੂ ਮੁੰਦਰ ਕੋਲ ਸੀਂਦ ਦੀ ਲੱਭੀ ਸ਼ਰਾਬ ਦੀ ਬੋਤਲ ਲਿਆਉਂਦਾ ਹੈ । ਦੋਵੇਂ ਪੀਣ ਲੱਗ ਜਾਂਦੇ ਨੇ । ਪੀ ਕੇ ਬਘਦੂ ''ਤੂਸ਼ ਉਡਾ ਦੂੰ ਤੂਸ਼'' ਦੀ ਬੜ੍ਹਕ ਮਾਰਦਾ ਹੈ । ਮੁੰਦਰ ਪੀ ਕੇ 'ਗਿਆਨ ਦੀਆਂ ਬਾਤਾਂ' (ਬਘਦੂ ਲਈ ਕੋਕ ਸ਼ਾਸਤਰ) ਸੁਣਾਉਂਦਾ ਹੈ । ਬਘਦੂ ''ਇਕ ਇਕ ਠੂਠੀ ਹੋਰ ਪੀਲੀਏ, ਫੇਰ ਤੇਰੇ ਨਾਲ ਗੱਲਾਂ ਕਰੂੰ ਬੰਦਾ ਬਣ ਕੇ'' (ਮਾਘੀ ਤੇ ਬਿਸ਼ਨੇ ਦੀ ਰੂੜੀ ਦਾ ਪ੍ਰਯੋਗ), ਸ਼ਰਾਬ ਪੀ ਕੇ ਉਹ ਆਪਣੀ ਆਪਣੀ ਜੀਵਨ ਕਹਾਣੀ ਸੁਣਾਉਂਦੇ ਹਨ (ਮੇਲੂ ਤੇ ਦੂਲੇ ਦੀ ਅੰਨ੍ਹੇ ਘੋੜੇ ਦਾ ਦਾਨ ਵਾਲੀ ਰੂੜੀ ਦਾ ਪ੍ਰਯੋਗ) ਪੀ ਕੇ ''ਜਹੂਰਾ ਦਖੌਂ'' ਦਾ ਫ਼ੈਸਲਾ ਕਰ ਕੇ ਬਘਦੂ ਆਪਣੇ ਘਰ ਚਲਾ ਗਿਆ ਅਤੇ ਮੁੰਦਰ ਰਤਨੀ ਕੋਲ । ਸਵੇਰ ਨੂੰ ਜਰਨੈਲ ਮਾਰ ਦਿੱਤਾ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ । ਜਰਨੈਲ ਕਿਸ ਨੇ ਮਾਰਿਆ (ਦਾਤੇ ਦੀਆਂ ਦਾਤਾ ਜਾਣੇ) ਬਾਬੇ ਸਾਧੂ ਦੀ ਗੱਲ ਨੂੰ ਕੌਣ ਸੁਣਦਾ ਹੈ । ਫਸ ਗਏ ਬਘਦੂ, ਮੁੰਦਰ ਤੇ ਮਾਹਲੇ ਦਾ ਵੱਡਾ ਮੁੰਡਾ । ਬਘਦੂ ਦੀ ਮਾਂ ਚੀਕਾਂ ਮਾਰ ਰਹੀ ਹੈ, ਮਾਹਲੇ ਦੀ ਬਹੂ ਨੰਦੀ ਦੁਖੀ ਹੈ । ਬੂਟਾ ਚੂਲਾ ਉਤਰਾਈ ਮੰਜੇ 'ਤੇ ਪਿਆ ਹੈ । ਰਤਨੀ ਪਤਾ ਨਹੀਂ ਕਿਥੇ ਚਲੀ ਗਈ । ਬਚਨਾ ਟੁੰਡਾ ਹੋ ਗਿਆ । ਪਿੰਡ ਦੇ ਜੱਟਾਂ ਦੇ ਮੁੰਡੇ ਵਿਹੜੇ ਵਾਲਿਆਂ ਨੂੰ ਤੰਗ ਕਰ ਰਹੇ ਹਨ ।

ਇਸ ਸਾਰੀ ਸਥਿਤੀ ਵਿਚ ਗੁਰਦਿਆਲ ਸਿੰਘ ਜਿਸ ਧੁਨੀ ਦੀ ਪਛਾਣ ਕਰਾਉਂਦਾ ਹੈ ਉਹ ਹੈ ''ਅਕੇ ਭੋਗ ਲੈ ਮਨਾ ਚੁਪ ਕਰ ਕੇ ਲਿਖੀਆਂ ਲੇਖ ਦੀਆਂ'' । ਇਹ ਸਿਖਿਆ ਕੇਵਲ ਦਲਿਤ ਲੋਕਾਂ ਬਘਦੂ ਦੀ ਮਾਂ, ਨੰਦੀ, ਭੂੰਡੇ ਦੀ ਘਰ ਵਾਲੀ, ਦਾਤਣ ਵੇਚਣ ਵਾਲੇ ਪਿੰਡੂ, ਰੱਤੇ ਦੀ ਤੀਵੀਂ ਲਈ ਹੀ ਨਹੀਂ ਸਗੋਂ ਬਿਨਾਂ ਜਮਾਤੀ ਭੇਦ ਭਾਵ ਦੇ ਉਹਨਾਂ ਜਾਗੀਰਦਾਰਾਂ, ਜੱਟਾਂ, ਦਸੌਂਧਾ ਸਿੰਘ, ਬਸੰਤ ਕੌਰ, ਗੁਰਿੰਦਰ, ਬਚਨਾ ਨੰਬਰਦਾਰ, ਬੂਟਾ ਸਿੰਘ ਲਈ ਵੀ ਹੈ । ਮਨੁੱਖਤਾਵਾਦ ਦੇ ਧੁੰਦਲੇ ਸੰਕਲਪ ਅਨੁਸਾਰ ਗੁਰਦਿਆਲ ਸਿੰਘ ਲਈ ਕੋਈ ਖਲਨਾਇਕ ਨਹੀਂ । ਜੇ ਹੈ ਤਾਂ ਉਸ ਨੂੰ ''ਲੀਲੀ ਛਤਰੀ ਵਾਲਾ ਆਪੇ ਸਜ਼ਾ ਦੇਵੇਗਾ ।'' (ਉਦਾਹਰਣ ਦੱਸ ਦਿੱਤੀ ਹੈ) । ਫਿਰ ਜਦੋਂ ਖਲਨਾਇਕ ਹੈ ਹੀ ਨਹੀਂ ਤਾਂ ਨਾਇਕ ਦੀ ਜ਼ਰੂਰਤ ਹੀ ਕੀ ਹੈ ? ਇਸੀ ਧੁਨੀ ਦੀ ਪਛਾਣ ਮੈਂ ਸਾਰੇ ਨਾਵਲਾਂ ਵਿਚੋਂ ਕੀਤੀ ਹੈ ।



ਅੰਤ ਵਿਚ ਮੈਂ ਗੁਰਦਿਆਲ ਸਿੰਘ ਦੇ ਨਾਇਕ ਬਾਰੇ ਜੋ ਰੂੜੀਆਂ ਲੱਭ ਸਕਿਆ ਹਾਂ ਉਹ ਇਸ ਤਰ੍ਹਾਂ ਹਨ :— (1) **ਮੜ੍ਹੀ ਦਾ ਦੀਵਾ** : ਜੋ ਡਾਹਡੇ ਨੂੰ ਮਨਜ਼ੂਰ ਭਰਾਵਾ, ਸਾਡੇ ਕਰਮ ਈ ਖਬਰੈ ਏਵੇਂ ਲਿਖੇ ਸੀ । (2) **ਅਣਹੋਏ** : ਤੂੰ ਤਾਂ ਕਾਲੀਆ ਸਿਆਣੇ ਬੰਦੇ, ਮਨੁੱਖ ਦੀ ਤਮਾ ਕਿਉਂ ਨੀ ਮਰਦੀ ਸਾਰੀ ਉਮਰ । (3) **ਕੁਵੇਲਾ** : ਭਗਵਾਨ ਦਾ ਨਉਂ ਲਓ, ਉਸ ਦੀ ਰਜ਼ਾ 'ਚ ਰਹੋ, ਸਭ ਉਹ ਕਰਨ ਵਾਲੇ । (4) **ਰੇਤੇ ਦੀ ਇਕ ਮੁੱਠੀ** : ਇਹ ਸੰਸਾਰ ਮਾਇਆ ਦੀ ਖੇਡ ਹੈ । ਪੈਸਾ ਬੁਰਸ਼ ਘਸਾ ਕੇ ਨਹੀਂ, ਠੱਗੀ ਠੋਰੀ ਨਾਲ ਹੀ ਕਮਾਇਆ ਜਾ ਸਕਦੈ । (5) **ਅੱਧ ਚਾਨਣੀ ਰਾਤ** : ਕਰੇ ਕਰਾਵੇ ਆਪਿ ਆਪ, ਮਾਨਸ ਕੇ ਕਿਛੁ ਨਹੀਂ ਹਾਥਿ । (6) **ਆਥਣ ਉਗਣ** : ਅਕੇ ਭੋਗ ਲੈ ਮਨਾ ਚੁੱਪ ਕਰ ਕੇ ਲਿਖੀਆਂ ਲੇਖ ਦੀਆਂ । (7) **ਅੰਨ੍ਹੇ ਘੋੜੇ ਦਾ ਦਾਨ** : ਸਬਰ ਕਰੋ, ਸਬਰ ਕਰੋ, ਕੋਈ ਨੀਂ ਦਾਤਾ ਦੇਖਦੈ ।

ਉਪਰੋਕਤ ਰੂੜੀਆਂ ਦੇ ਫੈਲਾਅ ਵਿਚ ਹੀ ਗੁਰਦਿਆਲ ਸਿੰਘ ਬੜੇ ਸਲੀਕੇ ਨਾਲ ਆਪਣੇ ਨਾਵਲਾਂ ਵਿਚੋਂ ਪਹਿਲਾਂ ਖਲਨਾਇਕ ਨੂੰ ਨਗੇਟ ਕਰਦਾ ਹੈ ਅਤੇ ਫਿਰ ਨਾਇਕ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ, ਦੀ ਧਾਰਨਾ ਨੂੰ ਸਥਾਪਤ ਕਰਦਾ ਹੈ । (ਸਮਾਪਤ)

---

* ਸਫਾ 22 ਦੇ ਸੰਕੇਤ :—

1. **ਮੈਂ ਨਾਸਤਕ ਕਿਉਂ ਹਾਂ** : ਭਗਤ ਸਿੰਘ; ਸ਼ਹੀਦ ਭਗਤ ਸਿੰਘ ਖੋਜ ਕਮੇਟੀ; ਦੂਜਾ ਅੰਕ; ਪੰਨਾ 5, 2. ਉਪਰੋਕਤ, ਪੰਨਾ 9-10 3.4..6.7. **ਸਿਰਜਣਾ** (ਜਨਵਰੀ-ਮਾਰਚ) ਪੰਨਾ 40-41 5. ਮੈਂ ਨਾਸਤਕ ਕਿਉਂ ਹਾਂ, ਪੰਨਾ 15-16. 8. ਅਸੈਂਬਲੀ ਬੰਬ ਕੇਸ ਵਿਚ ਭਗਤ ਸਿੰਘ ਅਤੇ ਬੀ.ਕੇ.ਦੱਤ ਦਾ ਦਿਤਾ ਗਿਆ ਸਾਂਝਾ ਬਿਆਨ National Herald, 24.3.81, ਪੰਨਾ 7) 9. **ਭਗਤ ਸਿਘ ਨਾਲ ਮੇਰੀਆਂ ਮੁਲਾਕਾਤਾਂ**: ਸੋਹਨ ਸਿੰਘ ਜੋਸ਼; 1977, ਪੰਨੇ 37-39.
10 "If, therefore, one-time admirer of Bhagat Singh, has become 'hostile', some new facts might have come to his light. In this particular case the scholar has not brought forth any new data. What he has done is to give new interpretation to the old events." K.K.Khullar : "Bhagat Singh's Relevance Today", National Herald, Delhi, dt.24.3.81,p.7

---

* **ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ; ਮੁਲ : ਪੰਦਰਾਂ ਰੁਪੈ ।

ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਅਤੇ 1980 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫੀ ਫਾਈਲ ਪੰਝੀ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕ ਖ਼ਰਚ ਸਾਡਾ ਹੋਵੇਗਾ ।

## ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ

### ਬਚਨਜੀਤ ਵੇਰਕਾ

ਕੀਤਾ ਸ਼ਹਿਨਸ਼ਾ ਨੇ ਕੈਦ, ਸਾਡਾ ਸੀਖਾਂ 'ਚ ਸਵੇਰਾ ।
ਸਾਨੂੰ ਹੌਲੀ ਹੌਲੀ ਖਾ ਰਹੇ ਨੇ, 'ਚੁੱਪ' ਤੇ 'ਹਨੇਰਾ' ।

ਲੱਗੇ ਹੋਠਾਂ ਉੱਤੇ ਜਿੰਦੇ, ਦੁੱਖ ਕਹਿਣ ਵੀ ਨਾ ਦਿੰਦੇ,
ਸਾਡੇ ਅੰਦਰ ਜਿਉਂ ਹੋਣ ਲੱਖਾਂ ਵਿਲਕਦੇ ਪਰਿੰਦੇ,
ਵਾਂਗੂ ਗੂੰਗਿਆਂ ਦੇ ਜੀਣਾ, ਅੰਨੀ ਗੁਫ਼ਾ ਦਾ ਬਸੇਰਾ ।
ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ ।

ਲੰਘੇ ਉਮਰਾਂ ਦੇ ਸਾਉਣ, ਲੰਘੇ ਉਮਰਾਂ ਦੇ ਚੇਤ,
ਕਿੰਜ ਮੌਲਦੇ ਇਹ ਜ਼ਾਲਮਾਂ ਦੇ ਪਹਿਰਿਆਂ ਦੇ ਹੇਠ,
ਤੇਰੇ ਸਹਿੰਦਿਆਂ ਤਸੀਹੇ, ਯੁੱਗ ਬੀਤਿਆ ਬਥੇਰਾ ।
ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ ।

ਕਿਤੇ ਨਜ਼ਮਾਂ ਨੇ ਕੈਦ, ਕਿਤੇ ਜ਼ਿੰਦਗੀ ਹੈ ਕੈਦ,
ਕਿਤੇ ਰੰਗਾਂ ਉਤੇ ਪਹਿਰਾ ਕਿਤੇ ਰੌਸ਼ਨੀ ਹੈ ਕੈਦ,
ਫਾਹੀਆਂ ਖੰਜਰ ਆਜ਼ਾਦ ਕੇਹਾ ਰਾਜ ਆਇਆ ਤੇਰਾ ।
ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ ।

ਸਾਨੂੰ ਫੁੱਲ ਨੇ ਪਿਆਰੇ, ਤੈਨੂੰ ਘੋੜੇ ਨੇ ਪਸੰਦ,
ਤੇਰੇ ਘੋੜਿਆਂ ਦੇ ਪੈਰੀਂ, ਸਾਡੇ ਰੁਲੇ ਸਦਾ ਚੰਦ ।
ਇਕੋ ਛੱਤ ਹੇਠਾਂ ਦੱਸ, ਕਿਵੇਂ ਹੋਵੇਗਾ ਬਸੇਰਾ !
ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ ।

ਕਰ ਹੱਤਿਆ ਉਜਾੜੇਂ, ਖਾ ਕੇ ਹੋਣੀਆਂ ਦੇ ਪੁੱਤ,
ਫੇਰ ਲਾ ਦਏਂ ਚੌਰਾਹਿਆਂ ਵਿਚ ਸੋਹਣੇ ਸੋਹਣੇ ਬੁੱਤ,
ਇਹ ਕੀ ਦੱਸ ਇਨਸਾਫ਼ ਤੇਰੀ ਪਰਜਾ ਲਈ ਤੇਰਾ ?
ਸਾਨੂੰ ਹੌਲੀ ਹੌਲੀ ਖਾ ਰਹੇ ਨੇ, ਚੁੱਪ ਤੇ ਹਨੇਰਾ ।





## ਕੱਲਰ ਦੇ ਕੰਵਲ :
## ਇਕ ਆਲੋਚਨਾਤਮਕ ਅਧਿਐਨ

'ਕੱਲਰ ਦੇ ਕੰਵਲ' ਮਹਿੰਦਰ ਸਿੰਘ ਚਕਰ ਦਾ ਪਲੇਠਾ ਨਾਵਲ ਹੈ । ਨਾਵਲ ਦਾ ਵਿਸ਼ਾ ਸਿਆਸੀ ਹੈ ਅਤੇ ਐਸੇ ਵਿਸ਼ੇ ਉੱਪਰ ਲਿਖਣਾ ਇਕ ਦਲੇਰੀ-ਭਰਿਆ ਕਦਮ ਹੈ । ਨਾਵਲ ਲਿਖਣ ਦੇ ਪਿੱਛੇ ਸ਼ੌਕ ਨਾਲੋਂ ਮਕਸਦ ਵਧੇਰੇ ਹੈ । ਮਕਸਦ ਹੈ ਲੋਕ-ਹਿਤੈਸ਼ੀ ਸੂਰਬੀਰਾਂ ਦੀਆਂ ਆਸ਼ਾਵਾਂ, ਹੀਲੇ, ਪਹੁੰਚਾਂ, ਔਕੜਾਂ, ਕਮਜ਼ੋਰੀਆਂ, ਪ੍ਰਾਪਤੀਆਂ ਅਤੇ ਸੰਭਾਵਨਾਵਾਂ ਨੂੰ ਚਿਤਰ ਕੇ ਪਾਠਕਾਂ ਦੀ ਸੋਚ ਨੂੰ ਟੁੰਬਣਾ ਅਤੇ ਖੱਬੀ ਲਹਿਰ ਸਬੰਧੀ ਤੱਥ ਆਧਾਰਤ ਨਿੱਗਰ ਵਾਕਫ਼ੀਅਤ ਦੇਣੀ । ਇਹ ਮੰਤਵ ਨਿਸ਼ਚੇ ਹੀ 'ਕਲਾ ਕਲਾ ਲਈ' ਜਾਂ 'ਕਲਾ ਮਨੋਰੰਜਨ ਲਈ' ਵਾਲਾ ਨਹੀਂ ਹੈ, ਸਗੋਂ ਲੋਕ-ਪੱਖੀ ਹੈ ।

ਨਾਵਲ ਦੀ ਕਹਾਣੀ ਇਸ ਦੇ ਮੁਖ ਪਾਤਰ ਕੁਲਦੀਪ ਉਦਾਲੇ ਘੁੰਮਦੀ ਹੈ । ਕੈਰੋਂ ਸਰਕਾਰ ਦੇ ਸਮੇਂ ਸੀ.ਪੀ.ਆਈ. ਵਲੋਂ ਚਲਾਏ ਗਏ ਖ਼ੁਸ਼-ਹੈਸੀਅਤੀ ਟੈਕਸ ਦੇ ਵਿਰੋਧ ਵਾਲੇ ਮੋਰਚੇ ਵਿਚ ਸ਼ਾਮਲ ਹੋ ਕੇ ਕੁਲਦੀਪ ਜੇਲ੍ਹ ਜਾਂਦਾ ਹੈ । ਫਿਰ ਪਾਰਟੀ ਦੁਫੇੜ ਵੇਲੇ ਉਹ ਮਾਰਕਸੀ ਪਾਰਟੀ ਦੀ ਲਾਇਨ ਨੂੰ ਤਰਜੀਹ ਦੇਂਦਾ ਹੈ, ਪਰ ਬਾਅਦ ਵਿਚ ਜਦੋਂ ਮਾਰਕਸੀ ਪਾਰਟੀ ਦੀ ਕਾਰਗੁਜ਼ਾਰੀ ਵੀ ਉਸਨੂੰ ਨਿਰਾਸ਼ ਕਰ ਦੇਂਦੀ ਹੈ ਤਾਂ ਉਹ ਨਕਸਲੀ ਬਣ ਜਾਂਦਾ ਹੈ । ਗੱਲ ਇਥੇ ਮੁਕਦੀ ਨਹੀਂ । ਜਦੋਂ ਬਹੁਤ ਸਾਰੇ ਨਿਰਾਸ਼ ਨਕਸਲੀਆਂ ਵਿਚ ਨਿੱਜੀ ਕਮਜ਼ੋਰੀਆਂ ਵੇਖਦਾ ਹੈ ਅਤੇ ਨਕਸਲਬਾੜੀ ਆਪ ਕਈ ਧੜਿਆਂ ਵਿਚ ਵੰਡੇ ਜਾਂਦੇ ਹਨ ਤਾਂ ਉਹ (ਲੇਖਕ ਅਨੁਸਾਰ) ਆਪਣੀ ਗ਼ਲਤੀ ਨੂੰ ਸੋਧ ਕੇ ਮੁੜ ਮਾਰਕਸੀ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ ।

ਤੇਲੂ ਮੰਦਰ ਵਿਚੋਂ ਚਾਂਦੀ ਦੀ ਬੰਸਰੀ ਚੋਰੀ ਕਰਦਾ ਪਕੜਿਆ ਜਾਂਦਾ ਹੈ । ਪਿੰਡ ਦੇ ਘੜੰਮ ਚੌਧਰੀਆਂ ਸਮੇਤ ਪੰਡਤ ਅਤੇ ਭਾਈ ਜੀ ਉਸ ਨੂੰ ਕੁੱਟਦੇ ਮਾਰਦੇ ਅਤੇ ਕਾਲਾ ਮੂੰਹ ਕਰ ਕੇ ਖੋਤੇ 'ਤੇ ਚਾੜ੍ਹਨ ਦੀ ਗੱਲ ਕਰਦੇ ਹਨ । ਪਰ ਕੁਲਦੀਪ ਤੇਲੂ ਨੂੰ ਛੁਡਵਾ ਕੇ ਲੈ ਜਾਂਦਾ ਹੈ । ਤੇਲੂ ਦਾ ਟੱਬਰ ਜਦੋਂ ਤਿੰਨ ਤਿੰਨ ਡੰਗ ਭੁਖਾ ਭਾਣਾ ਬੈਠਾ ਰਹੇ, ਕਦੇ ਕਦਾਈਂ ਮਿਲੇ ਦਿਹਾੜੀ-ਟੱਪੇ ਦੇ ਪੈਸਿਆਂ ਨਾਲ ਕੁੱਲੀ ਗੁੱਲੀ ਤੇ ਜੁੱਲੀ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਰਹੇ, ਕਿਸੇ ਪਾਸੋਂ ਉਧਾਰ ਸੁਧਾਰ ਵੀ ਨਾ ਮਿਲ ਸਕੇ, ਠੰਢ ਤੇ ਬੀਮਾਰੀ ਨਾਲ ਜੁਆਕ ਮਰ ਰਹੇ ਹੋਣ ਤਾਂ ਉਹ ਚੋਰੀ ਨਾ ਕਰੇ ਤਾਂ ਹੋਰ ਕੀ ਕਰੇ ? ਤੇਲੂ ਨਾਲ ਕੁਲਦੀਪ ਹਮਦਰਦੀ ਜਤਲਾਉਂਦਾ ਹੈ ਤੇ ਫਿਰ ਤੇਲੂ ਕੁਲਦੀਪ ਨੂੰ ਸੰਬੋਧਤ ਹੁੰਦਾ ਹੈ : "ਜੇ ਕਿਸ਼ਨ ਭਗਵਾਨ ਵਿਚ ਸ਼ਕਤੀ ਹੈ ਤਾਂ ਆਪ ਕਰੇ ਜਿਹੜਾ ਕੁਸ਼ ਕਰਨਾ । ਇਹ ਕਾਹਤੋਂ ਮਾਰਨ ਪੈਗੇ...ਨਾਲੇ ਇਹ ਮੂਰਤੀ ਕਿਹੜਾ ਆਕਾਸ਼ੋਂ ਉੱਤਰੀ

ਏ। ਕਿਸੇ ਤਖਾਣ ਨੇ ਪੱਥਰ ਘੜ ਕੇ ਬਣਾਈ। ਮੰਦਰ ਵਿਚ ਰੱਖ ਦਿਤੀ ਤਾਂ ਭਗਵਾਨ ਬਣ ਗਿਆ। ਨਾਲੇ ਤਖਾਣ ਨੇ ਕਿਹੜਾ ਮੁਫ਼ਤ ਬਣਾ ਕੇ ਦਿੱਤੀ ਹੋਊ।''

ਸ਼ਰਾਬ ਤੇ ਹਮਦਰਦੀ ਨਾਲ ਤੇਲੂ ਵਿਚਲਾ ਮਨੁੱਖ, ਉਹ ਮਨੁੱਖ ਜਿਸ ਨੂੰ ਸਮਾਜ ਨਾਲ ਸਖ਼ਤ ਰੰਜਸ਼ ਹੈ, ਸਿਰ ਉਠਾਂਦਾ ਹੈ। ਤੇਲੂ ਤੋਂ ਅਜਿਹੀਆਂ ਦਲੀਲਾਂ ਦਿਵਾ ਕੇ ਲੇਖਕ ਨੇ ਇਥੇ ਸੰਕੇਤ ਦਿਤਾ ਹੈ ਕਿ ਸੇਧ ਮਿਲਣ 'ਤੇ ਉਹ ਕੁਛ ਬਣ ਸਕਦਾ ਹੈ। ਇਹੀ ਤੇਲੂ ਪਿਛੋਂ ਜਾ ਕੇ ਕੁਲਦੀਪ ਦੇ ਨਾਲ ਪਾਰਟੀ 'ਚ ਕੰਮ ਕਰਦਾ, ਇਸ਼ਤਿਹਾਰ ਲਾਉਂਦਾ, ਪਰਚੇ ਵੰਡਦਾ ਤੇ ਮਿੱਲ ਮਜ਼ਦੂਰਾਂ ਦੇ ਜਲੂਸ ਦੇ ਅੱਗੇ ਲੱਗਦਾ ਹੈ। ਤੇਲੂ ਦੇ ਸੁਭਾਅ ਚਿਤਰਣ ਸਮੇਂ ਲੇਖਕ ਨੇ ਸੁਭਾਵਕਤਾ ਅਪਣਾਈ ਹੈ। ਜਦੋਂ ਕੁਲਦੀਪ ਉਸ ਨੂੰ ਗ਼ਰੀਬੀ ਅਮੀਰੀ ਵਿਚਲੇ ਪਾੜੇ ਉੱਪਰ ਚਾਨਣਾ ਪਾ ਕੇ, ਸਾਰੇ ਭੁੱਖੇ ਨੰਗੇ ਮਿਲ ਕੇ ਸਰਕਾਰ ਉਲਟਾਉਣ ਅਤੇ ਆਪਣੀ ਸਰਕਾਰ ਬਨਾਉਣ ਦੀ ਗੱਲ ਆਖਦਾ ਹੈ ਤਾਂ ਸਿਧੇ ਸਾਦੇ ਤੇ ਅਨਪੜ੍ਹ ਤੇਲੂ ਦਾ ਏਹੋ ਆਖਣਾ ਬਣਦਾ ਸੀ : ''ਸਾਡੀ ਸਰਕਾਰ ? ਉਹ ਕਿਵੇਂ ਬਣਜੂ ? ਅਖੇ ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ। ਕਾਮਰੇਟ, 'ਸਮਾਨ ਨੂੰ ਟਾਕੀ ਲਾਉਣ ਆਲੀ ਗੱਲ ਕਰਦੈਂ।'!

ਸਮਾਜ ਵਿਚਲੀ ਆਰਥਕ ਨਾਬਰਾਬਰੀ, ਸਰਮਾਏਦਾਰਾਂ ਵਲੋਂ ਕਾਮਿਆਂ ਦਾ ਨੰਗਾ ਚਿੱਟਾ ਸੋਸ਼ਣ, ਸਰਕਾਰ ਤੇ ਪੁਲਸ ਅਫਸਰਸ਼ਾਹੀ ਦਾ ਸਰਮਾਏਦਾਰਾਂ ਨਾਲ ਗਾਂਢਾ ਸਾਂਢਾ—ਇਸ ਉਤੇ ਲੇਖਕ ਨੇ ਰੋਸ਼ਨੀ ਪਾ ਕੇ ਪਾਜ ਉਧੇੜੇ ਹਨ ਕਿਉਂਕਿ ਲੇਖਕ ਨੂੰ ਭਲੀ ਭਾਂਤ ਸਪਸ਼ਟ ਹੈ ਉਨ੍ਹਾਂ ਦੇ ਹਿੱਤ ਸਾਂਝੇ ਹਨ, ਜਮਾਤ ਇਕੋ ਹੈ। ਮਜ਼ਦੂਰਾਂ ਨੂੰ ਦਬਾ ਕੇ ਰੱਖਣ ਲਈ ਮਿੱਲ ਮਾਲਕਾਂ ਵਲੋਂ ਗੁੰਡੇ ਪਾਲਣੇ, ਅਖਾਉਤੀ ਫਾਰਵਰਡ ਯੂਨੀਅਨਾਂ ਬਨਾਉਣ ਦੀ ਗੱਲ, ਮਿੱਲ ਮਾਲਕਾਂ ਦੀ ਸ਼ਹਿ 'ਤੇ ਜ਼ਬਰੀ ਚੰਦਾ ਇਕੱਠਾ ਕਰ ਕੇ ਸ਼ਰਾਬ ਉਡਾਣ ਅਤੇ ਗ਼ਰੀਬਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਦੀ ਗੱਲ ਅਤੇ ਫਿਰ ਜਾਇਜ਼ ਮੰਗਾਂ ਲਈ ਕੱਢੇ ਜਾ ਰਹੇ ਸ਼ਾਂਤਮਈ ਜਲੂਸ ਉੱਪਰ ਅੰਧਾਧੁੰਦ ਪੁਲਸ ਅਤਿਆਚਾਰ ਦੀ ਗੱਲ ਪੇਸ਼ ਕਰ ਕੇ ਲੇਖਕ ਨੇ ਅਗਾਂਹਵਧੂ ਤੇ ਯਥਾਰਥਕ ਪੇਸ਼ਕਾਰੀ ਕੀਤੀ ਹੈ। ਫਿਰ ਵੇਖੋ ਪ੍ਰੈਸ ਦੀ 'ਨਿਰਪੱਖਤਾ !' ਸ਼ਾਂਤਮਈ ਜਲੂਸ ਉੱਪਰ ਪੁਲਸ ਤਸ਼ੱਦਦ ਦੀ ਖ਼ਬਰ ਨੂੰ ਮਜ਼ਦੂਰ ਪੱਖੀ ਅਖ਼ਬਾਰ ਤਾਂ 'ਵਹਿਸ਼ੀਆਨਾ ਤਸ਼ੱਦਦ' ਪਰ ਸਰਮਾਏਦਾਰ ਅਖ਼ਬਾਰ 'ਹਿੰਸਕ ਭੀੜ ਉਤੇ ਪੁਲਸ ਲਾਠੀਚਾਰਜ' ਦੀ ਸੁਰਖ਼ੀ ਲਗਾਉਂਦੇ ਹਨ।

ਨਾਵਲ ਦਾ ਗਹਿਣਾ ਹੈ ਲੇਖਕ ਦੀ ਵਿਅੰਗਮਈ ਸ਼ੈਲੀ। ਮੱਤਭੇਦਾਂ 'ਤੇ ਚੋਟ ਕਰਦਿਆਂ ਇਕ ਪਾਤਰ ਛੋਟੂ ਰਾਹੀਂ ਲੇਖਕ ਆਖਦਾ ਹੈ : ''ਇਨਕਲਾਬਾਂ ਦੀ ਸਮਝ ਨਹੀਂ ਆਉਂਦੀ। ਪਹਿਲਾਂ ਲਾਲ ਪਾਰਟੀ ਦਾ ਜ਼ਰਈ ਇਨਕਲਾਬ, ਫੇਰ ਸੱਜੂਆਂ ਦਾ ਕੌਮੀ ਜਮਹੂਰੀ ਇਨਕਲਾਬ ਤੇ ਖੱਬੂਆਂ ਦਾ ਲੋਕ ਜਮਹੂਰੀ ਇਨਕਲਾਬ। ਉਸ ਤੋਂ ਪਿਛੋਂ ਨਾਗੀ ਰੈਡੀ ਦਾ ਹਥਿਆਰਬੰਦ ਇਨਕਲਾਬ ਤੇ ਚਾਰੂਮਾਜ਼ੂਮਦਾਰ ਦਾ ਗੁਰੀਲਾ ਐਕਸ਼ਨ ਅਤੇ ਹੁਣ ਤੁਸੀਂ ਆਹ ਨਵਾਂ ਹੀ ਕੱਢ ਮਾਰਿਆ ਨਵ ਜਮਹੂਰੀ ਇਨਕਲਾਬ। ਇਹ ਇਨਕਲਾਬ ਹਨ ਕਿ ਪਤੌੜਾਂ ਦੀਆਂ ਰੇੜ੍ਹੀਆਂ...''

ਇਸੇ ਤਰ੍ਹਾਂ ਜੇਲ੍ਹ-ਪ੍ਰਬੰਧ ਦੀ ਗੱਲ ਕਰਦਿਆਂ ਲੇਖਕ ਇਕ ਥਾਂ ਕਹਿੰਦਾ ਹੈ : ''ਬੈਰਕ ਵਿਚ ਪਿਆ ਕੈਦੀ ਭਾਵੇਂ 107 ਡਿਗਰੀ ਦੇ ਬੁਖਾਰ ਨਾਲ ਮਰ ਰਿਹਾ ਹੋਵੇ, ਭਾਵੇਂ ਪੇਟ ਦਰਦ ਨਾਲ ਚੀਕਾਂ ਮਾਰ ਰਿਹਾ ਹੋਵੇ, ਭਾਵੇਂ ਦਮੇ ਦੇ ਰੋਗੀ ਦਾ ਸਾਹ ਉਲਟ ਰਿਹਾ ਹੋਵੇ...ਪਰ 'ਸਭ ਅੱਛਾ' ਦੀ ਆਵਾਜ਼ ਰਾਜ ਕਰਦੇ ਹਾਕਮਾਂ ਨੂੰ ਸੁਣਾਉਣ ਲਈ ਕਾਨੂੰਨ ਬਣ ਚੁੱਕੀ ਏ।.. ਸ਼ਾਇਦ ਇਸ ਲਈ ਕਿ ਘੂਕ ਸੁੱਤੇ ਹਾਕਮ ਕਿਸੇ ਦੀ ਕੁਰਲਾਹਟ ਸੁਣ ਕੇ ਜਾਗ ਨਾ ਪੈਣ।''



'ਗ਼ਰੀਬਾਂ, ਲੋੜਵੰਦਾਂ, ਤੇ ਰੋਗੀਆਂ ਦੀ ਸਹਾਇਕ' ਦੇ ਬਾਹਰੀ ਦੰਦਾਂ ਵਾਲੀਆਂ ਸ਼ਹਿਰੀ ਕਲੱਬਾਂ ਦਾ ਅਸਲ ਚਿਹਰਾ ਮੋਹਰਾ ਦਿਖਾ ਕੇ ਲੇਖਕ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਇਸੇ ਤਰ੍ਹਾਂ ਖੱਬੀਆਂ ਪਾਰਟੀਆਂ ਦੇ ਕਈ ਮੌਕਾਪ੍ਰਸਤ ਲੀਡਰਾਂ ਦਾ ਐਸ਼ ਦੀ ਜ਼ਿੰਦਗੀ ਜੀਊਣ, ਬੱਚੇ ਬਦੇਸ਼ਾਂ ਵਿਚ ਪੜ੍ਹਾਉਣ ਅਤੇ ਪੁਸਤਕਾਂ ਅਨੁਵਾਦ ਕਰ ਕੇ, ਕਰਵਾ ਕੇ ਪੈਸੇ ਬਟੋਰਨ ਜਿਹੇ ਪੱਖਾਂ ਉਤੇ ਵੀ ਸੁਹਣਾ ਚਾਨਣਾ ਪਾਇਆ ਹੈ। ਕੁਝ ਮਾਅਰਕੇਬਾਜ਼ ਨਕਸਲੀਆਂ ਦੀ ਤਬਾਹਕੁਨ ਸੋਚ ਵੀ ਲੇਖਕ ਦੀ ਕਲਮ ਦੇ ਵਾਰ ਤੋਂ ਬਚ ਨਹੀਂ ਸਕੀ। ਅਖੇ 'ਟਾਊਟ, ਥਾਣੇਦਾਰ ਤੇ ਜੱਜ ਨੂੰ ਮਾਰ ਕੇ ਫਿਰ ਰਾਹ ਸਾਫ।' ਜਮਾਤੀ ਦੁਸ਼ਮਣਾਂ ਦੇ ਸਫਾਏ ਲਈ ਬਣਾਈਆਂ ਟੁਕੜੀਆਂ ਦੀਆਂ ਉਲਾਰ ਸਕੀਮਾਂ, ਇਨਕਲਾਬ ਬੂਹੇ 'ਤੇ ਆਉਣ ਦੀਆਂ ਫੜ੍ਹਾਂ, ਭਾਸ਼ਣਾਂ ਰਾਹੀਂ ਹਵਾਈ ਕਿਲ੍ਹੇ ਉਸਾਰਨ ਅਤੇ ਇਕ ਦੂਸਰੇ ਦੇ ਕੀੜੇ ਕੱਢਣ ਜਿਹੀਆਂ ਗੱਲਾਂ ਵਾਸਤਵਿਕ ਪੇਸ਼ਕਾਰੀ ਦਾ ਨਮੂਨਾ ਹਨ।

ਵਿਆਹ ਦੀ ਪ੍ਰਥਾ ਦੇ ਸਬੰਧ ਵਿਚ ਲੇਖਕ ਲੜਕੀਆਂ ਦੀ ਸਲਾਹ ਲਏ ਜਾਣ ਦੇ ਰੁਝਾਨ ਦਾ ਹਾਮੀ ਹੈ ਕਿਉਂਕਿ ਲੜਕੀ ਕੋਈ ਮੱਝ ਗਾਂ ਨਹੀਂ ਕਿ ਸੰਗਲ ਖੋਲ੍ਹਿਆ ਤੇ ਕਿਸੇ ਦੇ ਹੱਥ ਫੜਾ ਦਿੱਤਾ। ਇਸੇ ਤਰ੍ਹਾਂ ਸਰੀਰ ਦੀ ਪਾਕੀਜ਼ਗੀ ਨਾਲੋਂ ਉਸ ਨੂੰ ਰੂਹ ਦੀ ਪਾਕੀਜ਼ਗੀ ਦੀ ਵਧੇਰੇ ਕਦਰ ਹੈ। ਗੁੰਡਿਆਂ ਦੁਆਰਾ ਜਬਰ ਜਿਨਾਹ ਦਾ ਸ਼ਿਕਾਰ ਹੋਈ ਚੰਪਾ ਪ੍ਰਤੀ ਹਮਦਰਦੀ ਤੇ ਪਿਆਰ ਦਾ ਇਜ਼ਹਾਰ ਕਰਦਿਆਂ ਕੁਲਦੀਪ ਆਖਦਾ ਹੈ : ''ਚੰਪਾ, ਇਹ ਪੁਰਾਣੇ ਵਿਚਾਰ ਹਨ ਕਿ ਸੁੱਚੇ ਜਿਸਮਾਂ ਨਾਲ ਹੀ ਸੁੱਚਾ ਪਿਆਰ ਹੋ ਸਕਦਾ ਹੈ।...ਜਿਹੜੀ ਗੱਲ ਤੇਰੀ ਰਜ਼ਾ ਦੇ ਉਲਟ ਵਾਪਰੀ ਏ ਉਸ ਵਿਚ ਤੇਰਾ ਕੋਈ ਗੁਨਾਹ ਨਹੀਂ।'' ਕੁਲਦੀਪ ਨੂੰ ਚੰਪਾ ਨਾਲ ਪਿਆਰ ਤਾਂ ਸੁਭਾਵਿਕ ਹੋ ਗਿਆ ਹੈ ਪਰ ਉਸ ਨੂੰ ਪਤਨੀ ਵਜੋਂ ਅਪਨਾਉਣ ਲਈ ਉਹ ਤਦ ਤਿਆਰ ਹੈ ਜੇਕਰ ਚੰਪਾ ਉਸ ਨੂੰ ਉਸ ਦੇ ਆਦਰਸ਼ ਤੋਂ ਨਾ ਹੋੜੇ। ਸਗੋਂ ਪਾਰਟੀ ਕੰਮਾਂ ਵਿਚ ਉਸ ਦੇ ਮੋਢੇ ਨਾਲ ਮੋਢਾ ਜੋੜੇ। ਕੁਲਦੀਪ ਰੁਮਾਂਸ ਵਿਚ ਉਲਝ ਕੇ ਆਪਣੇ ਮਨੋਰਥ ਨੂੰ ਨਹੀਂ ਭੁੱਲਦਾ ਕਿਉਂਕਿ ਰੁਮਾਂਸ ਸ਼ੁਗਲ ਨਹੀਂ ਸਗੋਂ ਜੀਵਨ ਦੀ ਇਕ ਲੋੜ ਹੈ।

ਲੇਖਕ ਦਾ ਵਿਚਾਰ ਹੈ ਕਿ ਲੋਕ ਬੁਰੇ ਨਹੀਂ, ਭੋਲੇ ਹੁੰਦੇ ਹਨ। ਪਾਰਟੀਆਂ ਦੀ ਵੰਡ ਸਮੇਂ 'ਕਈ ਕਾਮਰੇਡ ਸੂਝ ਨਾਲੋਂ ਵਧੇਰੇ ਜ਼ਾਤੀ ਸਬੰਧ ਹੋਣ ਕਰਕੇ ਧੜਿਆਂ ਵਿਚ ਵੰਡੇ ਗਏ।' ਇਹ ਕਹਿਣ ਵਿਚ ਉਸ ਰੱਤੀ ਝੂਠ ਨਹੀਂ ਬੋਲਿਆ।

ਪਰ ਨਾਵਲ ਵਿਚ ਬਹੁਤ ਸਾਰੇ ਹਾਂ-ਪੱਖੀ ਗੁਣਾਂ ਦੇ ਹੁੰਦਿਆਂ ਵੀ ਲੇਖਕ ਵਿਚ ਅਨੁਭਵ ਦੀ ਘਾਟ ਅਤੇ ਉਸ ਦੀ ਪੱਖਪਾਤੀ ਪਹੁੰਚ ਕਲਾਤਮਕਤਾ ਦਾ ਸਮੁੱਚਾ ਪ੍ਰਭਾਵ ਨਹੀਂ ਛੱਡਦੀ। ਵਿਸ਼ਾ ਕਿੰਨਾਂ ਵੀ ਅਗਾਂਹਵਧੂ ਚੁਣਿਆ ਗਿਆ ਹੋਵੇ, ਜੇਕਰ ਨਿਭਾਅ ਕਲਾਮਈ ਨਾ ਹੋਵੇ ਅਤੇ ਲੇਖਕ ਤੱਥਾਂ ਨੂੰ ਸਹੀ ਪ੍ਰਸੰਗ ਵਿਚ ਸਮਝਣ ਤੇ ਨਿਖੇੜਨ ਸਮੇਂ ਉਲਝ ਕੇ ਰਹਿ ਜਾਵੇ ਤਾਂ ਰਚਨਾ ਸਾਧਾਰਨ ਜਿਹੀ ਹੋ ਕੇ ਰਹਿ ਜਾਂਦੀ ਹੈ। ਗਲਪ ਰੂਪ ਵਿਚ ਇਹ ਸ਼ਾਇਦ ਪਹਿਲਾ ਯਤਨ ਹੋਵੇ ਜਿਸ ਵਿਚ ਸੀ.ਪੀ.ਆਈ., ਸੀ.ਪੀ.ਐਮ. ਦੇ ਦੁਫੇੜ ਦੇ ਮੁਖ ਕਾਰਨ, ਸੀ.ਪੀ.ਐਮ ਤੇ ਨਕਸਲੀਆਂ ਵਿਚਕਾਰ ਵਿਚਾਰਧਾਰਕ ਮੱਤਭੇਦ, ਸੰਸਾਰ ਦੀਆਂ ਮੁਖ ਵਿਰੋਧਤਾਈਆਂ ਜਿਹੇ ਪੱਖਾਂ ਨੂੰ ਪਾਠਕਾਂ ਤੱਕ ਪੁਚਾਣ ਦਾ ਯਤਨ ਕੀਤਾ ਗਿਆ ਹੋਵੇ ਪਰ ਅਜਿਹਾ ਕਰਦੇ ਸਮੇਂ ਪਾਰਟੀ ਦਸਤਾਵੇਜ਼ਾਂ ਦੀ ਹੂ ਬ ਹੂ ਨਕਲ ਉਤਾਰ ਕੇ ਅਤੇ ਕਈ ਸਿਆਸੀ ਮਸਲਿਆਂ ਪ੍ਰਤੀ ਸੱਤਹੀ ਤੇ ਕਚਘਰੜ ਪਹੁੰਚ ਅਪਣਾ ਕੇ ਲੇਖਕ ਨੇ ਕੱਚਪੁਣੇ ਦਾ ਸਬੂਤ ਦਿੱਤਾ ਹੈ। (ਨਹੀਂ ਤਾਂ ਇਹ ਨਾਵਲ ਇਕ ਇਤਿਹਾਸਕ ਦਸਤਾਵੇਜ਼ ਹੋ ਸਕਣ ਦੀ ਸਮਰੱਥਾ ਰੱਖਦਾ ਸੀ)। ਮਿਸਾਲ ਵਜੋਂ, ਸੀ.ਪੀ.ਆਈ. ਤੇ ਸੀ.ਪੀ.ਐਮ. ਦੇ ਬੁਨਿਆਦੀ

ਮਤਭੇਦ ਦੱਸਣ ਸਮੇਂ ਸੀ.ਪੀ.ਐਮ. ਨੂੰ ਚੀਨੀ ਕਮਿਊਨਿਸਟ ਪਾਰਟੀ ਦੀ ਸਮਝ ਦੀ ਝੰਡਾਬਰਦਾਰ ਦਸਿਆ ਗਿਆ ਹੈ ਜਦ ਕਿ ਤੱਥ ਇਹ ਹਨ ਕਿ 1964 'ਚ ਹੋਂਦ ਵਿਚ ਆਉਣ ਸਮੇਂ ਸੀ.ਪੀ. ਐਮ. ਨੇ ਅੰਤ੍ਰਰਾਸ਼ਟ੍ਰੀ ਬਹਿਸ ਦਾ ਹਿੱਸਾ ਬਣੇ ਵਿਚਾਰਧਾਰਕ ਮਸਲਿਆਂ (ਸੰਸਾਰ ਦੀਆਂ ਮੁਖ ਵਿਰੋਧਤਾਈਆਂ, ਸ਼ਾਂਤੀਪੂਰਨ ਤੇ ਹਥਿਆਰਬੰਦ ਇਨਕਲਾਬ ਆਦਿ) ਪ੍ਰਤੀ ਕੋਈ ਸਪੱਸ਼ਟ ਨਿਰਣਾ ਨਹੀਂ ਸੀ ਲਿਆ। ਇਹ ਵਿਸ਼ਾ ਬਹਿਸ ਲਈ ਰੱਖ ਲਿਆ ਗਿਆ ਸੀ। ਇਸ ਉਤੇ ਅੰਤਮ ਨਿਰਣਾ 1968 ਵਿਚ ਲਿਆ ਗਿਆ ਜੋ ਕਿ ਕੇਂਦਰਵਾਦੀ ਪੁਜ਼ੀਸ਼ਨ ਬਣਦੀ ਸੀ। ਇਸੇ ਤਰ੍ਹਾਂ ਦੁਫਾੜ ਹੋਣ ਸਮੇਂ ਅਲਾਈਨਮੈਂਟ ਤੇ ਪੋਲਰਾਈਜ਼ੇਸ਼ਨ ਏਨੀ ਸਪੱਸ਼ਟ ਤੇ ਨਿਤਾਰਵੀਂ ਨਹੀਂ ਸੀ ਭਾਵੇਂ ਕਿ ਸਫ਼ਾਂ ਦੇ ਵੱਡੇ ਹਿੱਸੇ ਦਾ ਰੌਂਅ ਰੂਸੀ ਸਮਝ ਦੇ ਖਿਲਾਫ ਸੀ ਤੇ ਉਸ ਨੂੰ ਸੋਧਵਾਦ ਸਮਝਦਾ ਸੀ।

ਨਕਸਲੀਆਂ ਦੇ ਪਰੋਗਰਾਮ ਤੇ ਕੰਮ ਢੰਗ ਪੇਸ਼ ਕਰਦੇ ਵਕਤ ਲੇਖਕ ਵਿਚਲਾ 'ਮਾਰਕਸੀ ਪਾਰਟੀ ਦਾ ਮੈਂਬਰ' ਉਸ ਦੀ ਸੋਚ ਨੂੰ ਉਲਾਰ ਤੇ ਪੱਖਪਾਤੀ ਬਣ ਗਿਆ ਹੈ। (ਵੈਸੇ, ਸੀ. ਪੀ. ਐਮ. ਦਾ ਮੈਂਬਰ ਹੋਣਾ ਕੋਈ ਗੁਨਾਹ ਨਹੀਂ) ਉਦਾਹਰਣ ਵਜੋਂ, ਇਹ ਇਕ-ਪਾਸੜ ਗੱਲ ਹੈ ਕਿ ਬੰਗਾਲ ਵਿਚ ਸੈਂਕੜੇ ਮਾਰਕਸੀ ਪਾਰਟੀ ਦੇ ਵਰਕਰ ਨਕਸਲਬਾੜੀਆਂ ਹੱਥੋਂ ਮਾਰੇ ਗਏ, ਜਦ ਕਿ ਤੱਥ ਇਹ ਹਨ ਕਿ ਦੋਹਾਂ ਧਿਰਾਂ ਨੇ ਹੀ ਇਕ ਦੂਸਰੇ ਦੇ ਸਮਰਥਕ ਕਤਲ ਕੀਤੇ। ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਵਿਚੋਂ ਉਠੀ ਕਿਸਾਨ ਲਹਿਰ ਨੂੰ "ਕੇਂਦਰ ਨੇ ਦਖ਼ਲ ਦੇ ਕੇ ਤਹਿਸ-ਨਹਿਸ ਕਰ ਦਿੱਤਾ" ਆਖਣਾ ਵੀ ਗ਼ਲਤ-ਬਿਆਨੀ ਹੈ ਕਿਉਂਕਿ ਇਹ ਕੰਮ ਸੂਬੇ ਦੀ ਖੱਬੇ ਫ਼ਰੰਟ ਵਾਲੀ ਸਰਕਾਰ ਨੇ, ਜਿਸ ਵਿਚ ਸੀ. ਪੀ. ਐਮ. ਭਾਰੂ ਸੀ, ਖੁਦ ਕੀਤਾ ਸੀ। (ਕੇਂਦਰ ਨੇ ਬੜਾ ਪਿਛੋਂ ਜਾ ਕੇ ਦਖ਼ਲ ਦਿੱਤਾ ਸੀ)। ਧਨ ਇਕੱਠਾ ਕਰਨ ਲਈ ਅਮੀਰਾਂ ਦੇ ਦਰਵਾਜ਼ਿਆਂ ਉਤੇ ਧਮਕੀ-ਭਰੇ ਇਸ਼ਤਿਹਾਰ ਲਗਾਉਣ ਦਾ ਦੋਸ਼ੀ ਠਹਿਰਾਉਣ ਸਮੇਂ ਲੇਖਕ ਪੁਲਸ (ਸਰਕਾਰ) ਦੇ ਗੁਮਰਾਹਕਰੂ ਤੇ ਝੂਠੇ ਪਰਚਾਰ ਤੋਂ ਪਰਭਾਵਤ ਹੋ ਗਿਆ ਹੈ। ਨਕਸਲੀਆਂ ਨੂੰ ਬਦਨਾਮ ਕਰਨ ਲਈ ਇਕ ਗਿਣੇ ਮਿੱਥੇ ਢੰਗ ਨਾਲ ਜਾਂ ਤੇ ਇਹ ਕੰਮ ਪੁਲਸ (ਸਰਕਾਰ) ਨੇ ਖੁਦ ਕੀਤਾ ਸੀ ਅਤੇ ਜਾਂ ਫਿਰ ਉਨ੍ਹਾਂ ਦੀ ਦਹਿਸ਼ਤ ਦਾ ਫਾਇਦਾ ਉਠਾ ਕੇ ਕੁਝ ਗੁੰਡਿਆਂ ਨੇ।

ਸੀ. ਪੀ. ਆਈ. ਦੇ ਵੱਡੇ ਜਾਣ ਦੇ ਕਾਰਨ ਲੇਖਕ ਨੇ ਕੁਲਦੀਪ ਦੀ ਭੈਣ ਚਰਨੋਂ ਤੋਂ ਅਖਵਾਏ ਹਨ। ਇਥੇ ਅਸੁਭਾਵਕਤਾ ਪ੍ਰਵੇਸ਼ ਕਰ ਗਈ ਹੈ ਕਿਉਂਕਿ ਕੁਲਦੀਪ ਤਾਂ ਪੜ੍ਹਿਆ ਲਿਖਿਆ ਤੇ ਹੰਢਿਆ ਵਰਤਿਆ ਪਾਰਟੀ ਵਰਕਰ ਹੈ ਜਦ ਕਿ ਚਰਨੋਂ ਇਕ ਸਾਧਾਰਨ ਕੁੜੀ। ਮਾਂ ਦੀ ਮੌਤ ਤੋਂ ਬਾਅਦ ਇਕ ਘਰ ਵਿਚ ਸਿਰਫ਼ ਉਹਨਾਂ ਦੋਨਾਂ ਦੇ ਰਹਿ ਜਾਣ ਸਦਕਾ ਇਹ ਅਸੰਭਵ ਹੈ ਕਿ ਚਰਨੋਂ ਦੀਆਂ ਕਾਰਗੁਜ਼ਾਰੀਆਂ ਆਮ ਕਰਕੇ ਅਤੇ ਸਿਧਾਂਤਕ ਮੱਤਭੇਦ ਖਾਸ ਕਰਕੇ ਕੁਲਦੀਪ ਤੋਂ ਛੁਪੇ ਰਹਿਣ ਤੇ ਚਰਨੋਂ ਜਾਣਦੀ ਹੋਵੇ। ਇਸੇ ਤਰ੍ਹਾਂ ਅਨਪੜ੍ਹ ਤੇ ਸਿਧੇ ਸਾਦੇ ਤੇਲੂ ਦਾ, ਜੋ ਕਿ ਕੁਲਦੀਪ ਦੇ ਬਹੁਤ ਪ੍ਰਭਾਵ ਹੇਠਾਂ ਹੈ, ਕੁਲਦੀਪ ਤੋਂ ਪਹਿਲਾਂ ਹੀ ਸੀ. ਪੀ. ਐਮ. ਵਿਚ ਚਲੇ ਜਾਣਾ ਜਚਦਾ ਨਹੀਂ।

ਟੀ. ਨਾਗੀ ਰੈਡੀ ਨੂੰ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੀ ਕਿਸਾਨ ਕਮੇਟੀ ਦਾ ਮੈਂਬਰ ਅਤੇ ਮਾਰਕਸੀ ਪਾਰਟੀ ਦੀ ਸੈਂਟਰਲ ਕਮੇਟੀ ਦਾ ਮੈਂਬਰ ਦੱਸਣਾ [ਨਾਗੀ ਰੈਡੀ ਆਂਧਰਾ ਪ੍ਰਦੇਸ਼ ਦਾ ਆਗੂ ਸੀ ਅਤੇ ਨਕਸਲੀਆਂ ਨਾਲ ਜਾਣ ਵਾਲਿਆਂ ਵਿਚੋਂ ਆਂਧਰਾ ਦੀ ਸੈਂਟਰਲ ਕਮੇਟੀ ਦਾ ਮੈਂਬਰ ਸੀ-ਡੀ. ਵੀ. ਰਾਓ] ਨਕਸਲੀਆਂ ਨਾਲ ਸਬੰਧਤ ਪੰਜਾਬ ਵਿਚ ਸਭ ਤੋਂ ਪਹਿਲਾਂ ਪੰਜਾਬ-ਹਿਮਾਚਲ ਤਾਲਮੇਲ ਕਮੇਟੀ ਬੱਝੀ ਦੱਸਣਾ, ਪਰਚੇ 'ਲੋਕ-ਯੁਧ' ਨੂੰ ਹਫਤਾਵਾਰ ਦੱਸਣਾ, ਕਿਸ ਕਿਸ ਜਮਾਤੀ



ਦੁਸ਼ਮਣ ਨੂੰ ਕਿੰਨ੍ਹਾਂ ਕਿੰਨ੍ਹਾਂ ਇਨਕਲਾਬੀਆਂ ਨੇ ਕਿਸ ਕਿਸ ਤਰੀਕੇ ਨਾਲ ਕਤਲ ਕੀਤਾ ਆਦਿ ਸਬੰਧੀ ਲੋਕ-ਯੁੱਧ ਵਿਚ ਹਰ ਤਰ੍ਹਾਂ ਦੀ ਜਾਣਕਾਰੀ ਲਿਖੀ ਹੋਣ ਦਾ ਦਾਅਵਾ ਕਟਨਾ...ਇਹ ਗੱਲਾਂ ਪ੍ਰਭਾਵ ਦੇਂਦੀਆਂ ਹਨ ਕਿ ਤਥਾਂ ਨੂੰ ਖੋਜਣ ਵਿਚ ਲੇਖਕ ਨੇ ਮਿਹਨਤ ਨਹੀਂ ਕੀਤੀ। ਇਸੇ ਤਰ੍ਹਾਂ ਸੀ. ਪੀ. ਆਈ. (ਐਮ. ਐਲ) ਦੀ ਸੂਬਾ ਕਮੇਟੀ ਪੰਜਾਬ ਨੂੰ ਤਾਂ ਲੇਖਕ ਨਾਗੀਰੈਂਡੀ ਨਾਲ ਸਬੰਧਤ ਦੱਸਦਾ ਹੈ ਜਦ ਕਿ ਇਹ ਚਾਰੂ ਮਜ਼ੂਮਦਾਰ ਨਾਲ ਸਬੰਧਤ ਸੀ ਅਤੇ ਪੰਜਾਬ ਕਮਿਊਨਿਸਟ ਇਨਕਲਾਬੀ ਕਮੇਟੀ ਨੂੰ ਉਹ ਚਾਰੂ ਮਾਜ਼ੂਮਦਾਰ ਨਾਲ ਸਬੰਧਤ ਦੱਸਦਾ ਹੈ ਜਦ ਕਿ ਇਹ ਨਾਗੀ ਰੈਡੀ ਨਾਲ ਸਬੰਧਤ ਸੀ। ਹੋਰ ਤਾਂ ਹੋਰ, ਗੁਰੂ ਨਾਨਕ ਦੀ ਕਵਿਤਾ ਦੀਆਂ ਸਤਰਾਂ "ਜਉ ਤਉ ਪ੍ਰੇਮ ਖੇਲਨ ਕਾ ਚਾਉ..." ਨੂੰ ਲੇਖਕ ਗੁਰੂ ਗੋਬਿੰਦ ਸਿੰਘ ਦੀ ਕਵਿਤਾ ਨਾਲ ਰਲਗੱਡ ਕਰਦਾ ਹੈ [ਇਨ੍ਹਾਂ ਸਤਰਾਂ ਦਾ ਭਾਵ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੋਣ ਸਦਕਾ, ਐਸਾ ਭੁਲੇਖਾ ਬੜੇ ਸੱਜਣਾਂ ਨੂੰ ਪੈਂਦਾ ਹੈ]।

ਪਾਤਰਾਂ ਦੇ ਵਾਰਤਾਲਾਪਾਂ ਵਿਚ ਅਤੇ ਕਹਾਣੀ ਨੂੰ ਅੱਗੇ ਤੋਰਨ ਲਈ ਲੇਖਕ ਨੇ ਭਾਸ਼ਣਾਂ ਦੀ ਲੋੜੋਂ ਵਧ ਵਰਤੋਂ ਕੀਤੀ ਹੈ। ਬਹੁਤ ਸਾਰੇ ਪਾਤਰਾਂ ਦਾ ਸੁਭਾਅ-ਚਿਤਰਣ ਐਸਾ ਧੁੰਦਲਾ ਹੈ ਕਿ ਉਨ੍ਹਾਂ ਦੀਆਂ ਮਨੋਭਾਵਨਾਵਾਂ ਤੇ ਮੁਹਾਂਦਰਾ ਸਪਸ਼ਟ ਸਾਹਮਣੇ ਨਹੀਂ ਆਉਂਦੇ। ਕੁਲਦੀਪ ਤੋਂ ਬਗੈਰ ਬਾਕੀ ਤਕਰੀਬਨ ਸਾਰੇ ਪਾਤਰ ਹੀ ਉਲਾਰ ਰੁਚੀਆਂ ਦੇ ਸ਼ਿਕਾਰ ਦਿਖਾਏ ਹਨ। ਕਾਮਰੇਡ ਜਿਓਤੀ ਬਾਸੂ ਨੂੰ ਇਨਕਲਾਬ ਦਾ ਮਹਾਂਰਥੀ ਪੇਸ਼ ਕਰ ਕੇ ਲੇਖਕ ਨੇ ਅਸੁਭਾਵਕ ਤੇ ਪੱਖਪਾਤੀ ਦ੍ਰਿਸ਼ਟੀਕੋਣ ਅਪਣਾਇਆ ਹੈ। ਉਪਰੰਤ ਪ੍ਰਵੇਸ਼ਕਾ ਵਿਚ ਕਲਾ ਨੂੰ ਕਿਸੇ ਨਾ ਕਿਸੇ ਜਮਾਤ ਦੇ ਹਿੱਤਾਂ ਵਿਚ ਜਾਣ ਵਾਲੀ ਆਖਣ ਦੀ ਥਾਂ 'ਤੇ ਕਿਸੇ ਨਾ ਕਿਸੇ ਪਾਰਟੀ ਦੇ ਹਿੱਤਾਂ ਵਿਚ ਜਾਣ ਵਾਲੀ ਆਖ ਕੇ ਲੇਖਕ ਨੇ ਪ੍ਰਤੀਬੱਧਤਾ ਦੇ ਅਰਥਾਂ ਨਾਲ ਅਨਰਥ ਕੀਤਾ ਹੈ। —**ਦਰਸ਼ਨ ਸਿੰਘ ਗਿੱਲ**

---

**Jagjit Singh**

**THE SIKH REVOLUTION**

**A book tracing the logical development of the Sikh movement, that made the solution of political problem an integral part of its programme...**

**A book of absorbing interest to all students of Indian history about a movement that was qualitatively different from all other Indian religious movements...**

**An analytical study, well authenticated**

**Hardbound, Pages 300, Price : Rs. 110/-**

**Order your copy to SEDH, A-42, Defence Colony, New Delhi-24.**

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਮਿਤੀ ਪ: 21.7.73 ਅਨੁਸਾਰ **ਸੋਧ** ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

## ਲੇਖਕ/ਪਾਠਕ ਕਹਿੰਦੇ ਹਨ

*** ਪੰਜਾਬੀ ਬੋਲੀ ਲਈ 'ਪ੍ਰਤੀਬਧਤਾ' :** ਸੇਧ ਦੇ ਅਪ੍ਰੈਲ ਅੰਕ ਵਿਚ ਹਰਜੀਤ ਸਿੰਘ ਨਾਗਰਾ ਨੇ ਪੰਜਾਬੀ ਬੋਲੀ ਦੀ 'ਵਫਾਦਾਰੀ' ਸਿਰਲੇਖ ਹੇਠ ਇਹ ਰੋਸ ਪ੍ਰਗਟ ਕੀਤਾ ਹੈ ਕਿ ਹਿੰਮਤ ਸਿੰਘ ਸੋਢੀ ਪੰਜਾਬੀ ਭਾਸ਼ਾ ਵਿਚ ਔਖੇ ਤੇ ਓਪਰੇ ਸ਼ਬਦ ਵਰਤਨ ਦੀ ਵਿਰੋਧਤਾ ਕਰਦਾ ਹੋਇਆ ਆਪ ਵੀ ਉਰਦੂ ਦੇ ਔਖੇ ਸ਼ਬਦ ਵਰਤ ਜਾਂਦਾ ਹੈ। ਸਿਰਲੇਖ ਵਿਚ 'ਵਫਾਦਾਰੀ' ਸ਼ਬਦ ਨੂੰ ਕਾਮਿਆਂ ਅੰਦਰ ਵਰਤਣ ਦਾ ਮਤਲਬ ਵੀ ਇਹ ਹੈ ਕਿ ਹਰਜੀਤ ਸਿੰਘ ਨਾਗਰਾ ਨੂੰ 'ਵਫਾਦਾਰੀ' ਸ਼ਬਦ ਵੀ ਪੰਜਾਬੀ ਲਈ ਜ਼ਰੂਰ ਓਪਰਾ ਲਗਦਾ ਹੋਵੇਗਾ ਅਤੇ ਇਸ ਦੀ ਥਾਂ ਆਪ ਉਹ ਸ਼ਾਇਦ 'ਪ੍ਰਤੀਬਧਤਾ' ਹੀ ਵਰਤਦੇ। ਉਹਨਾਂ ਨੇ ਸੇਧ (ਨਵੰਬਰ 1980) ਵਿਚ ਛਪੇ ਮੇਰੇ ਲੇਖ ਵਿਚੋਂ ਕੁਝ ਅਜਿਹੇ ਸ਼ਬਦ ਪਾਠਕਾਂ ਦੇ ਨਜ਼ਰ-ਗੋਚਰ ਕੀਤੇ ਹਨ ਜੋ ਉਹਨਾਂ ਅਨੁਸਾਰ ਪੰਜਾਬੀ ਭਾਸ਼ਾ ਲਈ ਓਪਰੇ ਜਾਂ ਕਠਨ ਸ਼ਬਦ ਹਨ। ਉਹ ਸ਼ਬਦ ਹਨ : ਅਦੀਬ, ਮੁਫਾਦ-ਪ੍ਰਸਤ, ਤਲਾਫੀ, ਸ਼ਦੀਦ, ਸਨਾਤਨਤਾ, ਅਲਮ-ਬਰਦਾਰ, ਅਖਤਿਆਰੀ, ਆਈਨ, ਰਾਤਬਾ, ਸੂਅਬੇ, ਲੁਗਾਤ, ਵਜੂਦ, ਖਾਤਰਖਾਹ, ਐਡੀਸ਼ਨਲ।''

ਨਾਗਰਾ ਜੀ ਤੇ ਪਾਠਕਾਂ ਦੀ ਜਾਣਕਾਰੀ ਲਈ ਮੈਂ ਇਹ ਪਹਿਲਾਂ ਹੀ ਦਸ ਦਿਆਂ ਕਿ ਉਪਰੋਕਤ ਪਰਚਾ ਮੈਂ ਸਤੰਬਰ 1980 ਵਿਚ ਸ੍ਰੀ ਨਗਰ ਵਿਖੇ ਹੋਈ ਜੰਮੂ-ਕਸ਼ਮੀਰ ਪੰਜਾਬੀ ਸਾਹਿਤ ਕਾਨਫਰੰਸ ਲਈ ਲਿਖਿਆ ਸੀ ਅਤੇ ਜਾਣ ਕੇ ਹੀ ਉਰਦੂ-ਫਾਰਸੀ ਦੇ ਅਜਿਹੇ ਸ਼ਬਦ ਉਸ ਵਿਚ ਵਰਤੇ ਸਨ ਕਿਉਂਕਿ ਜੰਮੂ-ਕਸ਼ਮੀਰ ਦੇ ਪੰਜਾਬੀ ਲੋਕ ਹਿੰਦੀ ਸ਼ਬਦਾਂ ਨਾਲੋਂ ਉਰਦੂ-ਫਾਰਸੀ ਦੇ ਇਹੀ ਸ਼ਬਦ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਨ। ਨਾਗਰਾ ਦੇ ਕਥਤ ਇਹਨਾਂ ਸ਼ਬਦਾਂ ਵਿਚੋਂ ਬਹੁਤੇ ਅੱਜ ਵੀ ਪੰਜਾਬੀ ਦੇ ਹਾਜ਼ਮੇ ਦੇ ਮੁਆਫਕ ਹੀ ਹਨ, ਭਾਵੇਂ ਪਿਛਲੇ ਦਸ-ਵੀਹ ਸਾਲਾਂ ਤੋਂ ਹਿੰਦੀ ਦੇ ਪ੍ਰਭਾਵ ਅਧੀਨ ਹਰਜੀਤ ਸਿੰਘ ਨਾਗਰਾ ਜਿਹੇ ਠੇਠ ਭਾਸ਼ਾ ਦੇ ਪ੍ਰੇਮੀ ਆਪ ਵੀ ਅਜਿਹੇ ਹਿੰਦੀ ਪ੍ਰਭਾਵ ਵਾਲੇ ਸ਼ਬਦ ਵਰਤ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਨਿਤਾ-ਪ੍ਰਤੀ ਉਹਨਾਂ ਦੇ ਪੜ੍ਹਨ ਸੁਣਨ ਵਿਚ ਆਉਂਦੀ ਹੈ, ਜਿਵੇਂ ਨਾਗਰਾ ਜੀ ਨੇ ਆਪ ਵੀ 'ਸੌ ਪ੍ਰਤੀਸ਼ਤ', 'ਰਾਸ਼ਟਰੀ ਬੋਲੀ' ਤੇ 'ਪੁਸ਼ਟੀ' ਜਿਹੇ ਹਿੰਦੀ ਪ੍ਰਭਾਵ ਵਾਲੇ ਅਤੇ 'ਮੌਜੂਦਾ' 'ਤਕਰੀਬਨ-ਤਕਰੀਬਨ' 'ਮਾਹਿਰਾਂ' ਜਿਹੇ ਫਾਰਸੀ ਪੁਠ ਵਾਲੇ ਸ਼ਬਦ ਵਰਤੇ ਹਨ। ਇਹਨਾਂ ਦੀ ਥਾਂ ਉਹ ਠੇਠ ਸ਼ਬਦ ਵੀ ਵਰਤ ਸਕਦੇ ਸਨ, ਜਿਵੇਂ ਸੋਲਾਂ ਆਨੇ ਜਾਂ ਵੀਹ ਵਿਸਵੇ (ਸੌ ਪ੍ਰਤੀਸ਼ਤ) ਕੌਮੀ ਬੋਲੀ (ਰਾਸ਼ਟਰੀ ਬੋਲੀ) ਤਸਦੀਕ ਜਾਂ ਪ੍ਰੋੜਤਾ (ਪੁਸ਼ਟੀ), ਅਜੋਕੇ (ਮੌਜੂਦਾ) ਲਗ-ਭਗ (ਤਕਰੀਬਨ ਤਕਰੀਬਨ) ਵਿਸ਼ੇਸ਼ਗਾਂ ਜਾਂ ਸਿਆਣਿਆਂ (ਮਾਹਿਰਾਂ) ਦੀ ਵਰਤੋਂ ਕਰ ਸਕਦੇ ਸਨ। ਪਰ ਕਿਉਂਕਿ ਪਿਛਲੇ ਤੀਹ ਸਾਲਾਂ ਵਿਚ ਸਾਡੇ ਉਤੇ ਹਿੰਦੀ ਦਾ ਪ੍ਰਭਾਵ ਅਣਗੌਲੇ



ਤੌਰ 'ਤੇ ਵੀ ਪੈ ਗਿਆ ਹੈ ਅਤੇ ਏਸੇ ਤਰ੍ਹਾਂ ਪਾਕਿਸਤਾਨੀ ਪੰਜਾਬੀ ਉਤੇ ਉਰਦੂ ਸ਼ਬਦਾਵਲੀ ਦਾ ਅਸਰ ਪਿਆ ਹੈ, ਇਸ ਕਰ ਕੇ ਏਧਰ ਦੀ ਪੰਜਾਬੀ ਵਿਚ ਸਾਹਿਤਕਾਰ, ਸਵਾਰਥੀ, ਖਤੀ-ਪੂਰਤੀ, ਤੀਬਰ, ਸਨਾਤਨਤਾ, ਵਿਧਾਨ, ਸਬੰਧ, ਵਿਭਾਗ, ਸ਼ਬਦ ਕੋਸ਼, ਅਸਤਿਤਵ ਜਿਹੇ ਹਿੰਦੀ ਪ੍ਰਭਾਵ ਵਾਲੇ ਅਤੇ ਓਧਰ ਦੀ ਪੰਜਾਬੀ ਵਿਚ ਇਹਨਾਂ ਦੀ ਥਾਂ ਅਦੀਬ, ਮੁਫਾਦ-ਪ੍ਰਸਤ, ਤਲਾਫੀ, ਸ਼ਦੀਦ, ਕਦਾਮਤ, ਆਈਨ, ਰਾਬਤਾ, ਸੂਅਬਾ, ਲੁਗਾਤ, ਵਜੂਦ ਜਿਹੇ ਫਾਰਸੀ-ਅਰਬੀ ਸ਼ਬਦ ਵਰਤੇ ਜਾਣ ਲਗੇ ਹਨ। ਸੋ ਜੇ ਨਾਗਰਾ ਜੀ ਆਪ ਵੀ ਸੋਲਾਂ ਆਨੇ ਦੀ ਥਾਂ 'ਸੌ ਪ੍ਰਤੀਸ਼ਤ' ਵਰਤਨ ਲਗ ਪਏ ਹਨ, ਜਾਂ ਪਿਛਲੀ ਪੀੜ੍ਹੀ ਦਾ ਉਰਦੂ-ਪ੍ਰਭਾਵਤ ਬੰਦਾ 'ਸੌ ਫੀਸਦੀ' ਕਹਿੰਦਾ ਹੈ ਤਾਂ ਇਹ ਵਧੇਰੇ ਚਿੰਤਾ-ਜਨਕ ਗੱਲ ਨਹੀਂ ਹੈ। ਚਿੰਤਾ-ਜਨਕ ਗੱਲਾਂ ਹੋਰ ਹੀ ਹਨ, ਜਿਵੇਂ ਸੰਸਕ੍ਰਿਤ-ਭਾਰੂ ਹਿੰਦੀ ਦੇ ਸ਼ਬਦਾਂ, ਵਾਕ-ਅੰਸ਼ਾਂ ਤੇ ਵਾਕ-ਬਣਤਰ ਦੀ ਪੰਜਾਬੀ ਵਿਚ ਅੰਨ੍ਹੇ-ਵਾਹ ਵਰਤੋਂ, ਖਾਸ ਕਰ ਕੇ ਸਮਾਲੋਚਨਾ ਦੀ ਬੋਲੀ ਵਿਚ। ਪਿਛਲੇ ਕੁਝ ਸਾਲਾਂ ਵਿਚ ਹੀ ਪ੍ਰਸੰਗ ਦੀ ਥਾਂ 'ਸੰਦਰਭ', ਦੁਖਾਂਤ ਦੀ ਥਾਂ 'ਤ੍ਰਾਸਦੀ', ਵਚਨ-ਬਧਤਾ ਦੀ ਥਾਂ 'ਪ੍ਰਤੀਬਧਤਾ', ਹੋਂਦ ਦੀ ਥਾਂ 'ਅਸਤਿਤਵ', ਬਰਾਬਰੀ ਜਾਂ ਸਮਾਨਤਾ ਦੀ ਥਾਂ 'ਸਮਤਾ' ਵਰਤੇ ਜਾਣ ਲੱਗੇ ਹਨ। ਜੇ ਇਹ ਮੁਹਾਨ ਜਾਰੀ ਰਿਹਾ ਤਾਂ ਨਾਗਰਾ ਦੇ ਡਰ ਅਨੁਸਾਰ ਕੁਝ ਸਾਲਾਂ ਵਿਚ ਹੀ ਪੰਜਾਬੀ ਦਾ ਭੋਗ ਤਾਂ ਨਹੀਂ ਪਏਗਾ ਪਰ ਸਾਡੇ ਪੰਜਾਬੀ ਪਾਠਕਾਂ ਦਾ 1950 ਤੋਂ ਪਹਿਲਾਂ ਦੇ ਰਚੇ ਪੰਜਾਬੀ ਸਾਹਿਤ ਨਾਲ ਰਿਸ਼ਤਾ ਟੁੱਟ ਜਾਏਗਾ।

ਮੈਨੂੰ ਯਾਦ ਹੈ ਕਿ 1950 ਤੋਂ ਬਾਅਦ ਜਦ ਰੇਡੀਓ ਰਾਹੀਂ ਵਿਧਾਨ, ਸਨਸਦ, ਪੁਸ਼ਟੀ, ਵਿਭਾਗ, ਮੰਤਰੀ, ਵਿਧਾਨ ਸਭਾ, ਵਿਸ਼ੇਸ਼ੱਗ, ਵਿਦਿਆਰਥੀ, ਮਹਾਂ-ਵਿਦਿਆਲਾ ਜਿਹੇ ਲਫਜ਼ (ਸ਼ਬਦ) ਸੁਣੇ ਜਾਣ ਲਗੇ, ਤਾਂ ਬੜੇ ਓਪਰੇ ਓਪਰੇ ਲਗਦੇ ਸਨ ਅਤੇ ਜਲਦੀ ਸਮਝ ਵਿਚ ਨਹੀਂ ਸਨ ਆਉਂਦੇ, ਕਿਉਂਕਿ ਪੰਜਾਬ ਵਿਚ ਪਹਿਲੀ ਜ਼ਬਾਨ (ਭਾਸ਼ਾ) ਉਰਦੂ ਹੋਣ ਕਰ ਕੇ ਇਹਨਾਂ ਦੀ ਥਾਂ ਸਾਨੂੰ ਆਈਨ, ਪਾਰਲੀਮੈਂਟ, ਤਸਦੀਕ, ਮਹਿਕਮਾ, ਵਜ਼ੀਰ, ਕਾਨੂੰਨ-ਸਾਜ਼ ਅਸੈਂਬਲੀ, ਮਾਹਿਰ, ਪਾੜ੍ਹਾ ਜਾਂ ਤਾਲਬ-ਇਲਮ, ਕਾਲਜ ਜਿਹੇ ਲਫਜ਼ ਵਧੇਰੇ ਚੰਗੀ ਤਰ੍ਹਾਂ ਸਮਝ ਵਿਚ ਆਉਂਦੇ ਸਨ। ਪਰ ਦੇਖਦਿਆਂ ਹੀ ਦੇਖਦਿਆਂ ਇਕ ਅਜਿਹਾ ਮੁਹਾਨ ਸ਼ੁਰੂ ਹੋਇਆ ਕਿ ਅੱਜ ਇਹੀ ਸ਼ਬਦ ਹਰਜੀਤ ਸਿੰਘ ਨਾਗਰਾ ਦੀ ਪੀੜ੍ਹੀ ਨੂੰ ਬੜੇ ਓਪਰੇ ਲਗਦੇ ਹਨ। ਮੈਂ ਪਿਛਲੇ ਪੰਝੀ ਸਾਲਾਂ ਤੋਂ ਪੰਜਾਬੀ ਪੜ੍ਹਾ ਰਿਹਾ ਹਾਂ ਅਤੇ ਕੋਸ਼ਿਸ਼ ਇਹ ਹੈ ਕਿ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਤਾਂ ਬੋਲ-ਚਾਲ ਵਿਚ ਕਿਤਾਬ, ਇਮਤਿਹਾਨ, ਮਿੱਤਰ, ਭੈਣ, ਹਾਜ਼ਰੀ, ਰਿਸ਼ਤਾ, ਰਉਂ, ਨਾਸ਼ਤਾ ਜਿਹੇ ਸ਼ਬਦ ਵਰਤਨੇ ਚਾਹੀਦੇ ਹਨ, ਪਰ ਉਹ ਇਹਨਾਂ ਦੀ ਥਾਂ ਬੁੱਕ, ਅਗਜ਼ਾਮ, ਫ਼੍ਰੈਂਡ, ਸਿਸਟਰ, ਰੋਲ-ਕਾਲ, ਰੀਲੇਸ਼ਨ, ਮੂਡ, ਬ੍ਰੇਕ-ਫਾਸਟ ਹੀ ਵਰਤਦੇ ਹਨ ਅਤੇ ਅਜਿਹੇ ਬੇ-ਸ਼ੁਮਾਰ ਅੰਗ੍ਰੇਜ਼ੀ ਤੇ ਹਿੰਦੀ ਦੇ ਸ਼ਬਦ ਉਹਨਾਂ ਦੀ ਬੋਲ-ਚਾਲ ਦਾ ਅਨਿਖੜਵਾਂ ਅੰਗ ਬਣ ਚੁਕੇ ਹਨ। ਸ਼ਹਿਰਾਂ ਵਿਚ ਜੰਮੀ-ਪਲੀ ਨਵੀਂ ਪੀੜ੍ਹੀ ਦੀ ਸ਼ਬਦਾਵਲੀ ਵਿਚ ਠੇਠ-ਸ਼ਬਦਾਂ ਤੇ ਮੁਹਾਵਰੇ ਦੀ ਬਿਲਕੁਲ ਅਨਹੋਂਦ ਸਾਫ ਰੜਕਦੀ ਹੈ। ਪੰਜਾਬ ਤੋਂ ਬਾਹਰ ਹਰਿਆਣੇ, ਚੰਡੀਗੜ੍ਹ ਤੇ ਦਿੱਲੀ ਰਹਿਣ ਵਾਲੇ ਕਈ ਪੰਜਾਬੀ-ਪ੍ਰੇਮੀ ਅਜਿਹੇ ਵੀ ਹਨ ਜੋ ਆਪਣੇ ਘਰਾਂ ਵਿਚ ਆਪਣੇ ਬਚਿਆਂ ਨਾਲ ਹਿੰਦੀ ਵਿਚ ਹੀ ਗੱਲ ਕਰਦੇ ਹਨ, ਕਿਉਂਕਿ ਉਹਨਾਂ ਦੇ ਬਚਿਆਂ ਨੂੰ ਸਕੂਲਾਂ-ਕਾਲਜਾਂ ਵਿਚ ਹਿੰਦੀ ਬੋਲਣ ਦੀ ਆਦਤ ਪੈ ਗਈ ਹੈ ਤੇ ਉਹ ਘਰਾਂ ਵਿਚ ਵੀ ਹਿੰਦੀ ਬੋਲਦੇ ਹਨ, ਜਦ ਕਿ ਇਹਨਾਂ ਦੀਆਂ ਦਾਦੀਆਂ (ਪੰਜਾਬੀ ਪ੍ਰੇਮੀਆਂ ਦੀਆਂ ਮਾਵਾਂ ਅਤੇ ਹਿੰਦੀ ਪ੍ਰੇਮੀਆਂ ਦੀਆਂ ਦਾਦੀਆਂ) ਅਜੇ ਵੀ ਹਰੇਕ ਨਾਲ ਪੰਜਾਬੀ ਬੋਲ ਕੇ ਅਭੋਲ ਹੀ ਮਾਂ-ਬੋਲੀ ਦੀ ਸੇਵਾ ਕਰੀ ਜਾ ਰਹੀਆਂ ਹਨ।

ਫੇਰ ਵੀ ਇਹ ਆਸ ਜ਼ਰੂਰ ਰਖੀ ਜਾ ਸਕਦੀ ਹੈ ਕਿ ਜਿੰਨਾਂ ਚਿਰ ਪੰਜਾਬ ਪਿੰਡਾਂ ਵਿਚ ਵਸਦਾ ਹੈ, ਲੋਕ-ਗੀਤਾਂ, ਸੂਫੀ ਕਾਵਿ ਤੇ ਕਿੱਸਾ-ਕਾਵਿ ਦਾ ਪਠਨ-ਪਰਸਾਰਨ ਚਲਦਾ ਹੈ, ਪੰਜਾਬੀ ਕਵਿਤਾ ਧੂਹ ਪਾਉਂਦੀ ਹੈ, ਪੰਜਾਬੀ ਦਾ ਕੀਰਤਨ ਸੋਹਲਾ ਪੜ੍ਹੇ ਜਾਣ ਦਾ ਤੌਖਲਾ ਨਹੀਂ ਹੈ। ਪੰਜਾਬੀ ਕਵਿਤਾ, ਕਹਾਣੀ, ਨਾਵਲ, ਨਾਟਕ ਦੀ ਬੋਲੀ ਠੀਕ ਹੀ ਹੈ। ਪਰ ਕੁਝ ਮਾਨਸਿਕ ਉਲਝਣਾਂ ਵਾਲੇ ਕਵੀਆਂ ਅਤੇ ਬਾਹਲੇ ਆਲੋਚਨਾ ਦੇ ਪੰਡਤਾਂ ਨੇ ਗੱਲ ਖਰਾਬ ਕੀਤੀ ਹੈ, ਇਸੇ ਕਰਕੇ ਉਹ ਹਿੰਦੁਸਤਾਨ ਦੇ ਨਕਸ਼ੇ ਵਿਚ ਸ੍ਰੀ ਲੰਕਾ ਦੇ ਟਾਪੂ ਵਾਂਗ ਬਿਲਕੁਲ ਵੱਖਰੇ ਤੇ ਓਪਰੇ ਹੀ ਪਰਤੀਤ ਹੁੰਦੇ ਹਨ। ਨਾ ਉਹਨਾਂ ਦੀ ਕਵਿਤਾ ਵਿਚ ਕੋਈ ਜਾਨ ਹੈ, ਨਾ ਆਲੋਚਨਾ 'ਚ ਕੋਈ ਗੱਲ। ਪਰ ਏਧਰ ਨਾਗਰਾ ਜੀ ਨੇ ਤਾਂ ਅਭੋਲ ਹੀ ਆਪਣੇ ਇਕ ਮੁਦੱਈ ਨੂੰ ਗਲਤ ਸਮਝ ਕੇ ਨਿਆਣਿਆਂ ਵਾਲੀ ਉਹ ਬਾਤ ਜਿਹੀ ਪਾ ਦਿੱਤੀ : "ਅੱਗ ਲਗੀ ਜਗਰਾਵੀਂ, ਧੂਆਂ ਉਠਿਆ ਬਪਰਾਵੀਂ।" —**ਹਿੰਮਤ ਸਿੰਘ ਸੋਢੀ**

*** ਅਗਾਂਹਵਧੂ ਵਿਚਾਰਧਾਰਾ ਤੇ ਨੌਜਵਾਨ ਮੁਲਖੱਈਏ ਦੀ ਕਾਮ-ਪੂਰਤੀ ਦਾ ਮਸਲਾ :** 'ਸੇਧ' ਦੇ ਅਪਰੈਲ ਅੰਕ ਵਿਚ ਨਛੱਤਰ ਜੀਤ ਸੇਮਾਂ ਦੀ 'ਸੇਧ ਵੀ ਉਕ ਗਿਆ...' ਦੇ ਨਾਂ ਹੇਠ ਇਕ ਟਿੱਪਣੀ ਛਪੀ ਹੈ। ਇਸ ਟਿੱਪਣੀ ਵਿਚ ਕਿਧਰੇ ਵੀ ਇਸ ਵਿਚਾਰ ਦਾ ਵਿਸਥਾਰ ਸਹਿਤ ਵਰਣਨ ਨਹੀਂ ਕੀਤਾ ਗਿਆ ਕਿ ਆਖਰ ਕਰਨ ਵਾਲੀ ਉਹ ਕਿਹੜੀ ਅਤਿਅੰਤ ਜ਼ਰੂਰੀ ਗੱਲ ਸੀ ਜਿਸ ਤੋਂ ਸੇਧ ਵੀ ਉਕ ਗਿਆ ਹੈ। ਪਰ ਤਾਂ ਵੀ ਮੈਨੂੰ ਇਹ ਟਿੱਪਣੀ ਬਾਰ ਬਾਰ ਪੜ੍ਹਨ 'ਤੇ ਇਹ ਮਹਿਸੂਸ ਜ਼ਰੂਰ ਹੋਇਆ ਹੈ ਕਿ ਇਹ ਸੱਜਣ ਕਿਸੇ ਮਹੱਤਵਪੂਰਨ ਵਿਸ਼ੇ ਦਾ ਜ਼ਿਕਰ ਕਰ ਰਹੇ ਹਨ, ਭਾਵੇਂ ਇਸ਼ਾਰੇ ਜਾਂ ਸੈਨਤ ਨਾਲ ਹੀ ਸਹੀ। ਸੋ ਉਨ੍ਹਾਂ ਦੇ ਇਨ੍ਹਾਂ ਵਿਚਾਰਾਂ ਵਿਚੋਂ ਜੋ ਮੈਨੂੰ ਸਮਝ ਆਇਆ ਹੈ, ਉਹ ਮੈਂ ਇਕ ਸਵਾਲ ਦੇ ਰੂਪ ਵਿਚ ਸਪਸ਼ਟ ਕਰਨ ਦੀ ਕੋਸ਼ਿਸ਼ ਕਰਾਂਗਾ। ਜੇਕਰ ਸੇਮਾਂ ਤੇ ਹੋਰ ਪਾਠਕਾਂ ਨੂੰ ਇਹ ਗ਼ਲਤ ਲੱਗੇ ਤਾਂ ਉਹ ਜੋ ਕਹਿਣਾ ਚਾਹੁੰਦੇ ਹੋਣ ਉਸ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਨ। ਜੇਕਰ ਉਨ੍ਹਾਂ ਦੀ ਸਹਿਮਤੀ ਮੇਰੇ ਨਾਲ ਹੋਵੇ ਤਾਂ ਗੱਲ ਨੂੰ ਹੋਰ ਪੱਖਾਂ ਤੋਂ ਅੱਗੇ ਤੋਰਨ।

ਸੇਮਾਂ ਦੀ ਟਿੱਪਣੀ ਦਾ ਕੇਂਦਰੀ ਨੁਕਤਾ ਇਹ ਲੱਗਦਾ ਹੈ : "ਪੰਜਾਬੀ ਵਿਚ ਲਿਖਿਆ ਜਾ ਰਿਹਾ (ਜਾਂ ਲਿਖ ਲਿਖ ਛੌਰੀਆਂ ਲਾਈਆਂ ਜਾ ਰਹੀਆਂ) ਸਾਹਿਤ ਕਿਹੜੇ ਸਭਿਆਚਾਰ ਦੀ ਗੱਲ ਕਰਦੈ ? ਕਿਹੜੇ ਲੋਕਾਂ ਦੀ ਗੱਲ ਕਰਦੈ ? ਜੇ ਇਸ ਨੂੰ ਇਕ ਦਮ ਬੰਦ ਕਰ ਦਿਉ, ਕੋਈ ਕਹਾਣੀ ਨਾ ਲਿਖੇ, ਕੋਈ ਨਾਵਲ ਨਾ ਲਿਖੇ, ਕੋਈ ਕਵਿਤਾ ਨਾ ਲਿਖੇ, ਕੀ ਫਰਕ ਪੈ ਜਾਊ ਮੁਲਖੱਈਏ ਨੂੰ ? ਕੁਝ ਵੀ ਨਹੀਂ। ਇਸ ਦੇ ਉਲਟ ਚਿਉਂਦੇ ਚਿਉਂਦੇ ਗੀਤ ਅਤੇ ਕਾਮ ਉਕਸਾਊ ਰਚਨਾਵਾਂ ਬੰਦ ਕਰ ਕੇ ਵੇਖੋ ਤਾਂ ਰਾਤੋ ਰਾਤ ਬਲੈਕਾਂ ਸ਼ੁਰੂ। ਜਿਥੇ ਵੀ ਕੋਈ ਰੀਕਾਰਡ ਜਾਂ ਲੱਚਰ ਕਿਤਾਬ ਮਿਲੇਗੀ, ਲੋਕ ਲਾਈਨਾਂ ਬਣਾ ਲੈਣਗੇ। ਮੈਂ ਸ਼ਰਤ ਧਰਦਾਂ, ਜੇ ਕਾਰਡ ਬਣਾਉਣੇ ਪਏ ਤਾਂ 'ਦਿਲ-ਪਰਚਾਊ ਕਾਰਡ' ਵੀ ਬਣਨਗੇ। ਫ਼ੇਰ ਕੀ ਕਰੂਗੀ ਇਥੇ ਥੋਡੀ ਦੁਹਾਈ ?"

ਇਸ ਪੈਰੇ ਵਿਚ ਜਿਸ ਮਹੱਤਵਪੂਰਨ ਦਵੰਦ ਵਲ ਧਿਆਨ ਦਵਾਇਆ ਗਿਆ ਹੈ—ਉਹ ਹੈ ਮੁਲਖੱਈਏ ਦੀਆਂ ਮਾਨਸਕ ਲੋੜਾਂ, ਕਾਮਕ ਲੋੜਾਂ, ਜਿਨ੍ਹਾਂ ਦੀ ਪੂਰਤੀ ਲਈ ਚਿਉਂਦੇ ਚਿਉਂਦੇ ਗੀਤ ਤੇ ਕਾਮ-ਉਕਸਾਊ ਰਚਨਾਵਾਂ ਦੀ ਮੰਗ ਪੈਦਾ ਹੁੰਦੀ ਹੈ। ਸਪਸ਼ਟ ਹੈ ਅੱਜ ਕਲ ਪੰਜਾਬ ਦੇ ਪਿੰਡਾਂ ਵਿਚ, ਖਾਸ ਕਰ ਨੌਜਵਾਨਾਂ ਵਿਚ, ਕਾਮ-ਪੂਰਤੀ ਇਕ ਐਡਾ ਵੱਡਾ ਮਸਲਾ ਹੈ ਜਿਹੜਾ ਕਿਸੇ ਡੂੰਘੇ ਆਰਥਕ ਮਸਲੇ ਤੋਂ ਘੱਟ ਨਹੀਂ। ਸੇਮਾਂ ਅਨੁਸਾਰ ਉਸ ਦੀ ਪੂਰਤੀ ਲਈ ਲਾਇਨਾਂ ਉਂਜ ਹੀ



ਲਗਣਗੀਆਂ ਜਿਵੇਂ ਡੀਜ਼ਲ ਦੀ ਘਾਟ ਵੇਲੇ ਟਰੈਕਟਰਾਂ ਤੇ ਇੰਜਨ ਵਾਲਿਆਂ ਦੀਆਂ ਪੈਟਰੋਲ ਪੰਪਾਂ ਉਪਰ ਲਾਈਨਾਂ ਲੱਗੀਆਂ ਸਨ।

ਪਰ ਸੱਚਾਈ ਇਹ ਹੈ ਕਿ ਅਜੋਕੀ ਪੰਜਾਬੀ ਸਭਿਆਚਾਰਕ ਪੈਦਾਵਾਰ (ਕਹਾਣੀ, ਨਾਵਲ, ਕਵਿਤਾ) ਇਸ ਸਮਾਜਕ ਲੋੜ ਦੀ ਪੂਰਤੀ ਕਰਨ ਤੋਂ ਅਸਮਰੱਥ ਹੈ ਜਾਂ ਇੰਜ ਕਹੋ ਕਿ ਅਜਿਹੀ ਲੋੜ ਦੀ ਪੂਰਤੀ ਕਹਾਣੀ, ਨਾਵਲ ਜਾਂ ਕਵਿਤਾ ਦਾ ਉਦੇਸ਼ ਨਹੀਂ। ਪਰ ਜੇ ਲੋੜ ਐਨੀ ਮਹੱਤਵਪੂਰਨ ਹੈ ਤਾਂ ਉਸ ਦੀ ਪੂਰਤੀ ਕਿਵੇਂ ਹੋਵੇ ? ਪੰਜਾਬੀ ਦੇ ਅਗਾਂਹ-ਵਧੂ ਲੇਖਕਾਂ/ਪਤਰਕਾਰਾਂ ਨੇ ਜੇਕਰ ਅੱਜ ਤਕ ਇਸ ਗੱਲ ਉਪਰ ਸੋਚ ਵਿਚਾਰ ਨਹੀਂ ਕੀਤੀ ਤਾਂ ਸਪੱਸ਼ਟ ਹੈ ਕਿ ਉਹ ਇਸ ਲੋੜ ਦੀ ਡੂੰਘਾਈ ਤੇ ਵਿਸ਼ਾਲਤਾ ਤੋਂ ਹੀ ਮੁਨਕਰ ਹਨ। ਇਸ ਮਸਲੇ ਨੂੰ ਮਸਲਾ ਸਮਝ ਕੇ ਸਮਝਣ-ਸਮਝਾਉਣ ਦੀ ਗੱਲ ਤਾਂ ਛੱਡੋ, ਉਹਨਾਂ ਵਲੋਂ ਇਸ ਨੂੰ 'ਮਨੁੱਖ ਦੀ ਪਸ਼ੂ-ਵਾਸ਼ਨਾ' ਕਹਿ ਕੇ ਛੁਟਿਆਇਆ ਜਾਂਦਾ ਹੈ ਅਤੇ ਇਹ ਕਹਿ ਕੇ ਕਿ ਇਸ ਲੋੜ ਨੂੰ ਸਰਮਾਏਦਾਰੀ ਕਦਰਾਂ ਭੜਕਾਉਂਦੀਆਂ ਹਨ, ਇਸ ਨੂੰ ਛੁਪਾਉਣ ਦੀ ਕੋਸ਼ਿਸ਼ ਲਗਾਤਾਰ ਹੁੰਦੀ ਹੈ। ਕਹਿਣ ਦਾ ਭਾਵ ਇਹ ਕਿ ਇਸ ਲੋੜ ਨੂੰ ਮੁਲਖੱਈਏ ਦੀ ਲੋੜ ਹੀ ਨਹੀਂ ਸਮਝਿਆ ਜਾਂਦਾ ਸਗੋਂ ਇਸ ਵਰਤਾਰੇ ਨੂੰ ਫਿਲਮਾਂ, ਗੰਦੇ ਰੀਕਾਰਡਾਂ ਅਤੇ ਅਸ਼ਲੀਲ ਸਾਹਿਤ ਦੀ ਬੁਰਜਵਾ ਵਿਚਾਰਧਾਰਾ ਦਾ ਮੁਲਖੱਈਏ ਦੀ ਪਵਿੱਤਰ ਮਾਨਸਕਤਾ ਨੂੰ ਗੰਧਲਾ ਕਰਨ ਦਾ ਕਾਮਯਾਬ ਯਤਨ ਸਮਝਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅਗਾਂਹ ਵਧੂ ਸਾਹਿਤਕਾਰ/ਪਤਰਕਾਰ ਅਜਿਹੀਆਂ ਸਭਿਆਚਾਰਕ ਕਿਰਤਾਂ ਨੂੰ 'ਲੱਚਰ ਸਾਹਿਤ' ਕਹਿ ਕੇ ਧਰਤੀ 'ਚ ਗੱਡ ਕੇ ਕੁੱਤਿਆਂ ਤੋਂ ਪੜਵਾਉਣਾ ਚਾਹੁੰਦਾ ਹੈ ? ਪਰ ਉਸ ਦੀ ਨਿਰਾਸ਼ਾ ਦਿਨੋ ਦਿਨ ਵਧਦੀ ਜਾਂਦੀ ਹੈ ਕਿਉਂਕਿ ਉਸ ਦੀਆਂ ਪੇਤਲੀਆਂ ਦਲੀਲਾਂ ਦੀ ਸੁਣਵਾਈ ਕਿਧਰੇ ਵੀ ਨਹੀਂ ਹੁੰਦੀ।

ਅਜਿਹਾ ਅਗਾਂਹ ਵਧੂ ਸਾਹਿਤਕਾਰ/ਪਤਰਕਾਰ 'ਅਸ਼ਲੀਲ ਜਾਂ ਲੱਚਰ ਸਾਹਿਤ' ਦੇ ਖਿਲਾਫ਼ ਖੂਬ ਡੰਡਾ ਖੜਕਾਉਂਦਾ ਹੈ। ਵੇਲੇ-ਕੁਵੇਲੇ ਇਸ ਪੱਖੋਂ ਬਲਵੰਤ ਗਾਰਗੀ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਇਸ ਪਿੜ ਵਿਚ 'ਪਿਛਾਂਹ-ਖਿਚੂ' ਰੁੱਚੀਆਂ ਦਾ ਵੀ ਖੰਡਨ ਕਰਦਾ ਹੈ। ਪਰ...ਇਸ ਵਰਤਾਰੇ ਨੂੰ ਸਮਝਣ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਕਾਰਨ ? ਇਕ ਕਾਰਨ ਸ਼ਾਇਦ ਇਹ ਕਿ ਜਿਹੜਾ ਮਾਰਕਸਵਾਦ ਉਸ ਨੇ ਪੜ੍ਹਿਆ ਹੈ ਜਾਂ ਜਿਹੜਾ ਮਾਰਕਸਵਾਦ ਉਸ ਨੂੰ ਪਾਰਟੀ ਨੇ ਪੜ੍ਹਾਇਆ ਹੈ ਉਸ ਵਿਚ 'ਮਨੁੱਖੀ ਲੋੜਾਂ ਦਾ ਸੰਕਲਪ' ਬਹੁਤ ਪੇਤਲਾ ਹੈ। ਇਸ ਦਾ ਭਾਵ ਮੁੱਖ ਰੂਪ ਵਿਚ ਆਰਥਕ ਲੋੜਾਂ, ਭਾਵ ਕੁੱਲੀ, ਗੁੱਲੀ, ਜੁੱਲੀ ਤੋਂ ਲਿਆ ਜਾਂਦਾ ਹੈ। ਭਾਵੇਂ ਉਹ ਕਦੇ ਕਦੇ ਮੂੰਹ ਜ਼ਬਾਨੀ ਮਨੁੱਖ ਦੀਆਂ ਮਾਨਸਕ ਲੋੜਾਂ ਦੀ ਗੱਲ ਵੀ ਕਰਦਾ ਹੈ ਪਰ ਇਸ ਲੋੜ ਦੇ ਅਸਲ ਕੇਂਦਰੀ ਨੁਕਤੇ 'ਕਾਮ-ਪੂਰਤੀ' ਨੂੰ ਉਹ ਉਹ ਮਹੱਤਤਾ ਨਹੀਂ ਦਿੰਦਾ ਜੋ ਰੋਜ਼ਾਨਾ ਜੀਵਨ ਵਿਚ ਇਸ ਦੀ ਹੈ।

ਪਰ ਜਦ ਉਹ ਰੋਜ਼ਾਨਾ-ਜ਼ਿੰਦਗੀ ਵਿਚ ਇਹ ਵਰਤਾਰਾ ਵੇਖਦਾ ਹੈ ਕਿ ਖਾਸ ਕਰ ਨੌਜਵਾਨ ਮੁਲਖੱਈਏ ਦੇ ਜੀਵਨ ਵਿਚ 'ਕਾਮ-ਪੂਰਤੀ' ਦੀ ਲੋੜ ਕਿੰਨੀ ਮਹੱਤਵਪੂਰਨ ਹੈ ਤਾਂ ਉਹ ਇਸ ਲੋੜ ਨੂੰ ਹੀ ਝੂਠੀ ਤੌਰ 'ਤੇ ਪੈਦਾ ਕੀਤੀ ਹੋਈ ਲੋੜ ਵਜੋਂ ਪੇਸ਼ ਕਰਦਾ ਹੈ। ਉਸ ਅਨੁਸਾਰ : "ਠੀਕ ਹੈ ਇਹ ਮਨੁੱਖੀ ਲੋੜ ਹੈ, ਪਰ ਐਨੀ ਮਹੱਤਵਪੂਰਨ ਨਹੀਂ। ਇਸ ਨੂੰ ਐਨਾ ਮਹੱਤਵਪੂਰਨ ਬਨਾਉਣਾ ਬੁਰਜਵਾ ਮਾਧਿਅਮ ਦੀ ਚਾਲ ਹੈ ਤਾਕਿ ਲੋਕਾਂ ਦੀ ਅਸਲੀ ਲੋੜ 'ਕੁੱਲੀ, ਗੁੱਲੀ, ਜੁੱਲੀ' ਧੁੰਦਲੀ ਹੋ ਜਾਵੇ ਤੇ ਇੰਜ ਇਨਕਲਾਬ ਦਾ ਮਸਲਾ ਹੀ ਫਿੱਕਾ ਪੈ ਜਾਵੇ। ਇਹ ਸਭ ਉਲਟ-ਇਨਕਲਾਬੀ ਵਿਚਾਰਧਾਰਾ ਹੈ ਤੇ ਪੱਛਮ ਵਿਚ ਇਸ ਦਾ ਅੱਜ ਬੁਰਜੁਆਜ਼ੀ ਨੇ ਬੋਲ ਬਾਲਾ ਕਰ ਰਖਿਆ ਹੈ। ਸਭ ਕਦਰਾਂ ਦੀ ਮਿੱਟੀ ਪਲੀਤ ਕਰ ਦਿੱਤੀ ਹੈ।" ਅਗਾਂਹ ਵਧੂ ਲੇਖਕ/ਪਤਰਕਾਰ ਦੇ ਦ੍ਰਿਸ਼ਟੀਕੋਨ

ਦਾ ਇਹ ਸਾਰ ਅੰਸ਼ ਹੈ।

ਮਨੁੱਖੀ ਲੋੜਾਂ ਮਨੁੱਖਾਂ ਦੇ ਦਿਲਾਂ-ਦਿਮਾਗਾਂ ਵਿਚ ਕਿਵੇਂ ਪੈਦਾ ਹੁੰਦੀਆਂ ਹਨ ? ਉਨ੍ਹਾਂ ਵਿਚੋਂ ਕਿਹੜੀਆਂ ਮਹੱਤਵਪੂਰਨ ਹਨ ਤੇ ਕਿਉਂ ? ਮਨੁੱਖ ਇਨ੍ਹਾਂ ਲੋੜਾਂ ਦੀ ਪੂਰਤੀ ਸਮੇਂ ਸਮਾਜ ਵਿਚ ਆਪਣੇ ਸਾਹਮਣੇ ਪੇਸ਼ ਔਕੜਾਂ ਨੂੰ ਕਿਵੇਂ ਪਛਾਣਦੇ ਹਨ ? ਤੇ ਕਿਵੇਂ ਉਨ੍ਹਾਂ ਦਾ ਵਿਅਕਤੀਗਤ ਉਪਾਅ ਸੋਚਦੇ ਹਨ ? ਇਕੋ ਹੀ ਜਮਾਤ (ਫਰਜ਼ ਕਰੋ ਮਜ਼ਦੂਰ ਜਮਾਤ) ਦੇ ਵੱਖ ਵੱਖ ਉਮਰਾਂ ਦੇ ਲੋਕਾਂ ਲਈ ਇਨ੍ਹਾਂ ਲੋੜਾਂ ਦੀ ਪਹਿਲ, ਦੂਜ ਜਾਂ ਬਰਾਬਰਤਾ ਕਿਵੇਂ ਨਿਰਧਾਰਤ ਹੁੰਦੀ ਹੈ ? ਕੀ ਉਹ ਲੋੜ ਜਿਸ ਦੀ ਪੂਰਤੀ ਬਿਨਾਂ ਇਕ ਹਫਤਾ ਜਿਊਂਦਾ ਨਾ ਰਿਹਾ ਜਾ ਸਕਦਾ ਹੋਵੇ ਜ਼ਰੂਰੀ ਤੌਰ 'ਤੇ ਪਹਿਲੇ ਦਰਜੇ ਦੀ ਲੋੜ ਅਖਵਾਉਣ ਦੀ ਹੱਕਦਾਰ ਹੋ ਜਾਂਦੀ ਹੈ ? ਕੀ ਘੱਟ-ਘੱਟ ਜਿਊਂਦੇ ਰਹਿਣ ਦੀ ਲੋੜ ਦੀ ਪੂਰਤੀ ਪਸ਼ੂ ਦੇ ਪੱਧਰ ਦੀ ਲੋੜ ਹੈ ਜਾਂ ਮਨੁੱਖ ਦੇ ਪੱਧਰ ਦੀ ਲੋੜ ?

ਇਨ੍ਹਾਂ ਮਸਲਿਆਂ ਦੇ ਚਿੰਤਨ ਨੂੰ ਪੰਜਾਬੀ ਅਗਾਂਹਵਧੂ ਲੇਖਕ/ਪਤਰਕਾਰ ਜਾਂ ਤਾਂ ਫਜ਼ੂਲ ਸਮਝਦਾ ਹੈ ਤੇ ਜਾਂ ਉਸ ਦਾ ਆਪਣਾ ਹੀ ਬੌਧਿਕ/ਸਭਿਆਚਾਰਕ ਪੱਧਰ ਐਨਾ ਪੱਛੜਿਆ ਹੋਇਆ ਹੈ ਕਿ ਉਸ ਨੂੰ ਇਨ੍ਹਾਂ ਮਸਲਿਆਂ ਦੀ ਸੂਝ-ਬੂਝ ਹੀ ਨਹੀਂ। ਤੇ ਜਾਂ ਫਿਰ ਇਹ ਕਿਹਾ ਜਾਵੇ ਕਿ ਉਹ 'ਜਾਨ ਕਰ ਅਨਜਾਨ' ਹੈ।

ਜੋ ਮਹੱਤਵਪੂਰਨ ਸਵਾਲ ਅਸੀਂ ਉਠਾਉਣਾ ਚਾਹੁੰਦੇ ਹਾਂ ਉਹ ਇਹ ਹੈ; ਇਸ ਵਰਤਾਰੇ ਦਾ ਸਿਆਸਤ, ਖੱਬੇ-ਪੱਖੀ ਸਿਆਸਤ ਨਾਲ ਕੀ ਸਬੰਧ ਹੈ ? ਅਗਾਂਹ ਵਧੂ ਵਿਚਾਰਧਾਰਾ ਦੇ ਮੁਲਖੱਈਏ ਵਲੋਂ ਗ੍ਰਹਿਣ ਕੀਤੇ ਜਾਣ ਜਾਂ ਨਾ ਕੀਤੇ ਜਾਣ ਨਾਲ ਕੀ ਸਬੰਧ ਹੈ ? ਸਵਾਲ ਨੂੰ ਇੰਜ ਵੀ ਪੇਸ਼ ਕੀਤਾ ਜਾ ਸਕਦਾ ਹੈ : ਕੀ ਕਾਰਨ ਹੈ ਕਿ ਮੁਲਖੱਈਆ (ਖਾਸ ਕਰ ਪੜ੍ਹੇ ਲਿਖੇ, ਬੇ-ਰੁਜ਼ਗਾਰ ਤੇ ਦੁਖੀ ਨੌਜਵਾਨ) ਮਾਰਕਸਵਾਦ ਦੀ ਵਿਚਾਰਧਾਰਾ ਨੂੰ, ਜਿਹੜੀ ਉਸ ਦੇ ਹਿੱਤਾਂ ਦੀ ਵਿਚਾਰਧਾਰਾ ਹੈ, ਲੱਖ ਯਤਨ ਕਰਨ, ਸਮਝਣ-ਸਮਝਾਉਣ ਦੇ ਬਾਵਜੂਦ, ਕਮਿਊਨਿਸਟ ਪਾਰਟੀਆਂ ਦੇ ਪ੍ਰਾਪੇਗੰਡੇ ਦੇ ਬਾਵਜੂਦ ਵੀ ਗ੍ਰਹਿਣ ਕਿਉਂ ਨਹੀਂ ਕਰਦਾ ? ਕੀ ਲੋਕ ਖਾਸ ਕਰ ਆਰਥਕ ਤੇ ਸਮਾਜਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ ਦੇ ਪੜ੍ਹੇ-ਲਿਖੇ ਨੌਜਵਾਨ, ਐਨੇ ਹੀ ਮੂਰਖ, ਉੱਜਡ ਤੇ ਲੱਲੂ ਹਨ ਕਿ ਉਨ੍ਹਾਂ ਨੂੰ ਸਮਝਾਉਣ 'ਤੇ ਵੀ ਇਹ ਪਤਾ ਨਹੀਂ ਲੱਗਦਾ ਕਿ ਕਿਹੜੀ ਵਿਚਾਰਧਾਰਾ ਉਨ੍ਹਾਂ ਦੇ ਅਸਲੀ ਹਿੱਤਾਂ ਦੀ ਪੂਰਤੀ ਕਰਦੀ ਹੈ ? ਇਹ ਸਾਡੇ ਸਵਾਲ ਦਾ ਇਕ ਜਵਾਬ ਹੈ ਤੇ ਸਮਝ ਆਉਣ ਵਾਲਾ ਜਵਾਬ ਹੈ। ਜਿਸ ਵਿਚਾਰਵਾਨ ਬੰਦੇ ਦੀ ਤਸੱਲੀ ਇਸ ਜਵਾਬ ਨਾਲ ਹੋ ਜਾਂਦੀ ਹੈ, ਉਸ ਨੂੰ ਹੋਰ ਅਗਾਂਹ ਜਾਣ ਦੀ ਲੋੜ ਨਹੀਂ। ਪਰ ਜੇਕਰ ਜਵਾਬ ਇਹ ਨਹੀਂ ਤਾਂ ਨੌਜਵਾਨਾਂ ਵਲੋਂ ਮਾਰਕਸਵਾਦ ਦੇ ਨਾ ਸਵੀਕਾਰੇ ਜਾਣ ਦੇ ਕਾਰਨਾਂ ਦਾ ਮਾਨਸਕ ਆਧਾਰ ਕੀ ਹੈ ?

ਜਿਸ ਵਿਚਾਰਧਾਰਾ ਨੂੰ (ਭਾਵੇਂ ਉਹ ਆਪਣੇ ਆਪ ਨੂੰ ਕਿੰਨੀ ਵੀ ਅਗਾਂਹ ਵਧੂ ਅਖਵਾਏ) ਲੋਕ (ਨੌਜਵਾਨ) ਆਪਣੀਆਂ ਲੋੜਾਂ ਦੀ ਪੂਰਤੀ ਦੇ ਤਜਰਬੇ ਨਾਲ ਨਹੀਂ ਜੋੜ ਸਕਦੇ, ਉਸ ਤੋਂ ਆਸ ਤੇ ਸਪਸ਼ਟਤਾ ਗ੍ਰਹਿਣ ਨਹੀਂ ਕਰ ਸਕਦੇ, ਉਹ ਵਿਚਾਰਧਾਰਾ ਕਦੇ ਵੀ ਉਹਨਾਂ ਦੇ ਦਿਲਾਂ ਦਿਮਾਗਾਂ ਵਿਚ ਨਹੀਂ ਵੱਸ ਸਕਦੀ। ਤਾਂ ਫੇਰ ਸੇਧ ਕਿਥੇ ਉਕ ਗਿਆ ਹੈ ? ਇਥੇ ਹੀ...ਇਹ ਮਾਰਕਸਵਾਦ ਨੂੰ ਪੰਜਾਬ ਦੇ ਨੌਜਵਾਨਾਂ ਦੀਆਂ ਲੋੜਾਂ ਦੀ ਪੂਰਤੀ ਦੇ ਮਸਲਿਆਂ ਨਾਲ ਜੋੜਨ ਤੋਂ ਅਸਮਰਥ ਹੈ, ਇਹ ਅਗਾਂਹਵਧੂ, ਸਭਿਆਚਾਰ ਤੇ ਸਿਧਾਂਤਾਂ ਦਾ ਅਮੂਰਤ ਪ੍ਰਚਾਰ ਕਰਦਾ ਹੈ। ਇਸ ਨੂੰ ਨੌਜਵਾਨ ਪੜ੍ਹਣਗੇ ਪਰ ਤਾਂ ਵੀ ਉਨ੍ਹਾਂ ਦੀ ਮਾਨਸਕਤਾ ਚਿਉਂਦੇ ਚਿਉਂਦੇ ਗੀਤਾਂ ਲਈ ਤਰਸਦੀ ਰਹੇਗੀ; ਪੋਰਨੋਗ੍ਰਾਫਿਕ (ਨੰਗੇ ਜਿਨਸੀ ਵਰਣਨ ਤੇ ਤਸਵੀਰਾਂ ਆਦਿ) ਰਚਨਾਵਾਂ ਦੇ ਮਜ਼ੇ ਲਈ



ਉਕੱਸਦੀ ਰਹੇਗੀ। ਲੰਮੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਅਜਿਹਾ ਅਮੂਰਤ ਮਾਰਕਸਵਾਦ ਪੰਜ, ਦੱਸ ਜਾਂ ਸੌ ਨੌਜਵਾਨਾਂ ਨੂੰ ਤਾਂ ਦਿਲ-ਦਿਮਾਗ ਦੀ ਪੱਧਰ 'ਤੇ ਪਰਭਾਵਿਤ ਕਰ ਸਕਦਾ ਹੈ, ਪਰ ਇਸ ਤੋਂ ਅਗਾਂਹ ਇਹ ਨੌਜਵਾਨਾਂ ਦੀ ਸਮਾਜਿਕ ਲਹਿਰ ਨਹੀਂ ਬਣ ਸਕਦਾ। —'ਇਕ ਬੁੜ੍ਹੀ ਦਾ ਪੁੱਤ'

[ਅਪ੍ਰੈਲ ਅੰਕ ਵਿਚ ਨਛੱਤਰਜੀਤ ਸੇਮਾਂ ਦੀ "ਸੇਧ ਵੀ ਉੱਕ ਗਿਐ" ਦੇ ਸਿਰਲੇਖ ਹੇਠ (ਸਫ਼ੇ 60-61) ਚਾਲੂ ਸਾਹਿਤ ਅਤੇ ਲੱਚਰ ਸਾਹਿਤ ਬਾਰੇ ਟਿਪਣੀ ਛਪੀ ਸੀ। ਸੇਮਾਂ ਨੇ ਆਪਣੀ ਗੱਲ "ਕਿਸੇ ਬੁੜ੍ਹੀ ਦੇ ਪੁੱਤ ਨੂੰ ਗੱਲ ਰੜਕੀ, ਤਾਂ ਗੱਲ ਅਗੇ ਤੋਰਾਂਗੇ" ਨਾਲ ਖਤਮ ਕੀਤੀ ਸੀ। ਇਸ ਹਥਲੇ ਅੰਕ ਵਿਚ "ਇਕ ਬੁੜ੍ਹੀ ਦੇ ਪੁੱਤ" ਨੇ ਗਲ ਅਗੇ ਤੋਰੀ ਹੈ। ਮਰਦ ਔਰਤ ਦੇ ਲਿੰਗ-ਸਬੰਧਾਂ ਦਾ ਵਿਸ਼ਾ ਅਤੇ ਇਸ ਬਾਰੇ ਲਿਖਿਆ / ਛਾਪਿਆ ਜਾ ਰਿਹਾ ਸਾਹਿਤ.. ਮਸਲਾ ਗੰਭੀਰ ਵੀ ਹੈ, ਨਾਜ਼ੁਕ ਵੀ ਹੈ ਅਤੇ ਦਿਲਚਸਪ ਵੀ। ਇਸ ਮਸਲੇ 'ਤੇ ਕਈ ਪਰਚੇ ਵਿਚਾਰ ਪੇਸ਼ ਕਰਦੇ ਹਨ ਆਪਣੀ ਵਲੋਂ ਤਾਂ ਵਿਗਿਆਨਕ ਢੰਗ ਨਾਲ, ਮਨੁਖੀ ਹਿਤਾਂ ਦੇ ਪਖੋਂ ਅਤੇ ਕਈ ਵਾਰ ਅਗਾਂਹਵਧੂ ਕੋਨ ਤੋਂ...ਪਰ ਅਖੀਰ ਕੇਵਲ ਸਿੱਟਾ ਨਿਕਲਦਾ ਹੈ—ਲਿੰਗ-ਉਤੇਜਨਾ ਕਰ / ਕਰਵਾ ਕੇ ਪਰਚੇ ਦੀ ਅਸ਼ਾਇਤ ਵਿਚ ਵਾਧਾ ! ਸੇਧ ਅਜਿਹੀ ਤਿਲਕਣ-ਬਾਜ਼ੀ ਤੋਂ ਬਚਣਾ ਚਾਹੇਗਾ।

ਸੇਮਾਂ ਨੇ ਗੱਲ ਲੱਚਰ ਸਾਹਿਤ ਦੀ ਲੋਕ-ਪ੍ਰੀਅਤਾ ਤੋਂ ਸ਼ੁਰੂ ਕੀਤੀ ਹੈ। ਵੈਸੇ ਤਾਂ ਲੱਚਰ-ਸਾਹਿਤ ਸ਼ਬਦ ਵਿਚ ਆਪਾ-ਵਿਰੋਧ ਹੈ। ਰਾਜਿੰਦਰ ਸਿੰਘ ਬੇਦੀ ਨੇ ਕਿਤੇ ਕਿਹਾ ਹੈ ਕਿ ਅਦਬ ਬੇਅਦਬ ਨਹੀਂ ਹੋ ਸਕਦਾ। ਮਤਲਬ ਸਾਹਿਤ (ਜੇ ਉਹ ਸਾਹਿਤ ਹੈ) ਲੱਚਰ ਨਹੀਂ ਹੋ ਸਕਦਾ। ਹਰ ਲਿਖਤ ਸਾਹਿਤ ਨਹੀਂ ਹੁੰਦੀ, ਹਰ ਰਚਨਾ ਕਲਾ ਨਹੀਂ ਹੁੰਦੀ। (ਲੱਚਰ ਲਿਖਤਾਂ ਲਿਖੀ ਜਾਣ ਵਾਲੇ ਭਾਵੇਂ ਉਹਨਾਂ ਨੂੰ ਸਾਹਿਤ ਕੇ ਕਲਾ ਅਤੇ ਆਪਣੇ ਆਪ ਨੂੰ ਭਾਵੇਂ ਮਹਾਨ, ਆਧੁਨਿਕ, ਜੈੱਟ ਏਜ ਦੇ ਸਾਹਿਤਕਾਰ ਕਹੀ ਜਾਣ...)

ਅਜ ਦੇ ਕਮਰਸ਼ਲ ਸੰਸਾਰ ਵਿਚ, ਜਿਥੇ ਹਰ ਵਸਤ, ਸਣੇ ਆਰਟ, ਕਲਾ, ਸਾਹਿਤ, ਸੰਗੀਤ ਦੇ, ਮੰਡੀ ਦਾ ਮਾਲ ਹੈ, ਵਿਕਾਊ ਹੈ, ਟੀਚਾ ਮੁਨਾਫ਼ਾ (ਪੈਸਾ) ਹੈ, ਉਥੇ ਹਰ ਵਸਤ ਨੂੰ ਲੋਕ-ਪ੍ਰਿਅ ਬਣਾ ਕੇ ਹੀ ਉਸ ਦੀ ਵਿਕਰੀ ਵਧਾਈ ਜਾ ਸਕਦੀ ਹੈ। ਉਦੇਸ਼ ਹੈ ਸਾਹਮਣੇ...ਵਿਕਰੀ, ਹੋਰ ਵਿਕਰੀ, ਵਧੇਰੀ ਵਿਕਰੀ, ਕਿਉਂਕਿ ਵਿਕਰੀ ਨਾਲ ਹੀ ਮੁਖ ਉਦੇਸ਼—ਪੈਸਾ ਕਮਾਉਣਾ—ਦੀ ਪੂਰਤੀ ਹੋ ਸਕਦੀ ਹੈ। ਸੁ, ਇਥੇ ਟਾਇਰ ਵੀ ਵਿਕਦੇ ਹਨ ਦੋ ਖ਼ੂਬਸੂਰਤ ਲਤਾਂ ਦੀ ਨੁਮਾਇਸ਼ ਨਾਲ, ਤਾਲੇ ਜਿੰਦੇ ਵਿਕਦੇ ਹਨ ਸੁੰਦਰ ਚਿਹਰੇ ਦੀ ਮੁਸਕ੍ਰਾਹਟ ਨਾਲ, ਸਾਹਿਤ ਵਿਕਦਾ ਹੈ—ਲਿੰਗ ਉਤੇਜਤ ਕਰਨ ਵਾਲੀਆਂ ਕੁਤਕੁਤਾਰੀਆਂ ਨਾਲ, ਲਿੰਗ ਅੰਗਾਂ ਦੀ ਪ੍ਰਦਰਸ਼ਨੀ ਨਾਲ। ਸੁ, ਲੱਚਰ ਸਾਹਿਤ ਦੀ ਗੱਲ ਇਸ ਕਮਰਸ਼ਲ ਸੰਸਾਰ—ਸਰਮਾਏਦਾਰੀ ਸਿਸਟਮ ਦੀ ਸਿਖਰ—ਦੀਆਂ ਲੋੜਾਂ ਅਤੇ ਉਦੇਸ਼ਾਂ ਦੇ ਪ੍ਰਸੰਗ ਵਿਚ, ਇਸ ਦੇ ਤਣਾਉ ਦੇ ਸਬੰਧ ਵਿਚ ਹੀ ਕੀਤੀ ਜਾ ਸਕਦੀ ਹੈ। ਪਾਠਕਾਂ / ਲੇਖਕਾਂ ਦੇ ਵਿਚਾਰਾਂ ਦੀ ਸਾਨੂੰ ਉਡੀਕ ਰਹੇਗੀ।

ਰਹੀ ਮਰਦ ਔਰਤ ਦੇ ਜਿਨਸੀ ਸਬੰਧਾਂ ਦੀ ਗੱਲ (ਜਿਸ ਦਾ ਜ਼ਿਕਰ "ਇਕ ਬੁੜ੍ਹੀ ਦੇ ਪੁੱਤ" ਨੇ ਹਥਲੇ ਅੰਕ ਵਿਚ ਕੀਤਾ ਹੈ)—ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਵਿਚ ਵੀ ਸਧ ਨੂੰ ਕੋਈ ਹਿਚਕਚਾਹਟ ਨਹੀਂ ਹੈ। ਜੇ ਇਹ ਸੰਸਾਰ ਹੈ ਤਾਂ ਇਸ ਵਿਚ ਮਰਦ ਵੀ ਹੋਣਗੇ, ਔਰਤਾਂ ਵੀ ਹੋਣਗੀਆਂ ਅਤੇ ਉਹਨਾਂ ਦੋਹਾਂ ਦੇ ਜਿਨਸੀ (ਲਿੰਗ) ਸਬੰਧ ਵੀ ਹੋਣਗੇ। ਇਉਂ ਵੀ ਕਹਿ ਸਕਦੇ ਹਾਂ ਕਿ ਮਰਦ ਔਰਤ ਦੇ ਜੇ ਜਿਨਸੀ ਸਬੰਧ ਹੋਣਗੇ, ਤਾਂ ਹੀ ਇਸ ਸੰਸਾਰ ਵਿਚ ਇਨਸਾਨ ਦੀ

ਜਾਤ ਹੋਵੇਗੀ, ਤਾਂ ਹੀ ਇਹ ਸੰਸਾਰ ਹੋਵੇਗਾ। ਬਿਨਾਂ ਇਨਸਾਨ ਦੇ ਕੋਈ ਧਰਤੀ ਤਾਂ ਹੋ ਸਕਦੀ ਹੈ ਪਰ ਸੰਸਾਰ ਨਹੀਂ।

ਜਿਵੇਂ ਅਦਬ ਬੇਅਦਬ ਨਹੀਂ ਹੋ ਸਕਦਾ, ਸਾਹਿਤ ਲੱਚਰ ਨਹੀਂ ਹੋ ਸਕਦਾ ਤਿਵੇਂ ਮਰਦ-ਔਰਤ ਦੇ ਜਿਨਸੀ-ਸਬੰਧ ਗੰਦੇ, ਨਾਪਾਕ ਨਹੀਂ ਹੋ ਸਕਦੇ। ਇਹ ਉਵੇਂ ਹੀ ਕੁਦਰਤੀ, ਪਵਿੱਤਰ, ਖ਼ੂਬਸੂਰਤ ਅਤੇ ਲਾਜ਼ਮੀ ਹਨ ਜਿਵੇਂ ਜੀਊਂਦੇ ਬੰਦੇ ਨੂੰ ਭੁਖ ਲਗਣੀ ਜਾਂ ਉਸ ਦਾ ਸਾਹ ਲੈਣਾ। ਇਸ ਕੁਦਰਤੀ, ਲਾਜ਼ਮੀ, ਰੱਬੀ ਰਿਸ਼ਤੇ ਨੂੰ ਗੰਦਾ ਕੌਣ ਕਰਦਾ ਹੈ? ਕਿਉ ਕਰਦਾ ਹੈ? ਇਸ ਵਿਸ਼ੇ ਨੂੰ 'ਗੰਦਾ ਵਿਸ਼ਾ' ਕਿਉਂ ਕਿਹਾ ਜਾਂਦਾ ਹੈ?...ਇਸ ਬਾਰੇ ਵਿਚਾਰ ਪੇਸ਼ ਕੀਤੇ ਜਾ ਸਕਦੇ ਹਨ, ਵਿਚਾਰ-ਵਟਾਂਦਰਾ ਹੋ ਸਕਦਾ ਹੈ। ਆਸ ਹੈ ਸੂਝਵਾਨ ਤੇ ਸੁਹਿਰਦ "ਬੁੜ੍ਹੀ ਦੇ ਪੁੱਤ" ਇਸ ਵਿਸ਼ੇ ਨੂੰ ਸੁਚੱਜੀ ਤਰ੍ਹਾਂ ਹੱਥ ਪਾਉਣਗੇ।

ਇਥੇ ਹੀ ਨਾਲ ਲਗਦੀ ਇਕ ਹੋਰ ਗੱਲ ਵੀ ਸਾਫ਼ ਕਰ ਦੇਈਏ। ਪਛਮੀ ਦੇਸ਼ਾਂ ਵਿਚ ਪਿਛਲੇ ਚਾਲ੍ਹੀਆਂ ਕੁ ਸਾਲਾਂ ਤੋਂ, ਲਿੰਗਾਂ ਦੀ ਅਤੇ ਲਿੰਗ-ਸਬੰਧਾਂ ਦੀ ਚਰਚਾ ਅਤੇ ਨੁਮਾਇਸ਼ ਬਹੁਤ ਹੋ ਰਹੀ ਹੈ। ਲਿੰਗ ਵੇਚੇ ਖਰੀਦੇ ਜਾ ਰਹੇ ਹਨ, ਲਿੰਗ 'ਪਲੇਟਾਂ 'ਚ ਸਰਵ ਕੀਤੇ ਜਾ ਰਹੇ ਹਨ।' ਲਿੰਗ ਭੋਗ ਨੂੰ ਅਸਮਾਣੇ ਚੜ੍ਹਾਇਆ ਜਾ ਰਿਹਾ ਹੈ। ਇਸ ਨੂੰ ਲਿੰਗ ਇਨਕਲਾਬ (sex revolution) ਦਾ ਨਾਂ ਦਿਤਾ ਜਾ ਰਿਹਾ ਹੈ। ਸਮਾਂ ਬਦਲਣ ਨਾਲ ਚਾਤੁਰ ਲੋਕ ਚੰਗਿਆਂ ਸੰਕਲਪਾਂ, ਸ਼ਬਦਾਂ, ਖਾਸੀਅਤਾਂ ਵਿਚ ਵਿਗਾੜ ਪਾ ਕੇ ਉਹਨਾਂ ਨੂੰ ਆਪਣੇ ਅਸਲੇ ਨਾਲੋਂ ਕਟ ਕੇ ਉਹਨਾਂ ਨੂੰ ਤਬਾਹ ਕਰ ਦੇਂਦੇ ਹਨ। ਗਲਤ ਵਰਤੋਂ ਕਰ ਕਰ ਕੇ ਉਹਨਾਂ ਸੰਕਲਪਾਂ, ਸ਼ਬਦਾਂ, ਖਾਸੀਅਤਾਂ ਦੇ ਪੱਲੇ ਕੱਖ ਨਹੀਂ ਰਹਿਣ ਦੇਂਦੇ। ਉਹਨਾਂ ਦੀ ਵਰਤੋਂ ਬੇਮਤਲਬ ਅਤੇ ਬੇਅਸਰ ਹੋ ਜਾਂਦੀ ਹੈ। ਇੰਜ ਹੀ ਸ਼ਬਦ ਇਨਕਲਾਬ ਨਾਲ ਹੋਇਆ ਹੈ। ਇਨਕਲਾਬ ਤਾਂ ਇਨਕਲਾਬ ਹੁੰਦਾ ਹੈ—ਹੇਠਲੀ ਉਪਰ, ਸਮੁੱਚੀ ਤਬਦੀਲੀ, ਮੁਕੰਮਲ ਪ੍ਰੀਵਰਤਣ...ਪੁਰਾਣੇ ਦਾ ਖਾਤਮਾਂ, ਨਵੇਂ ਦਾ ਮੁੱਢ, ਆਰੰਭ...ਪਰ ਇਥੇ ਹਰਾ ਇਨਕਲਾਬ (ਫ਼ਸਲਾਂ ਦੀ ਵਧੀ ਉਪਜ), ਚਿੱਟਾ ਇਨਕਲਾਬ (ਗਾਵਾਂ, ਮੱਝਾਂ ਦੀ ਵਧੀਆ ਨਸਲ) ਅਤੇ ਲਿੰਗ-ਇਨਕਲਾਬ (ਲਿੰਗ ਸਬੰਧਾਂ ਦੀ ਖੁਲ੍ਹੀ ਸ਼ਰ੍ਹੇ-ਆਮ ਪ੍ਰਦਰਸ਼ਨੀ) ਅਤੇ ਹਰ ਸਮਾਜਕ-ਮਨੁਖੀ ਦੁਖ / ਸਮਸਿਆ ਦਾ ਇਲਾਜ—ਵਧ ਤੋਂ ਵਧ ਲਿੰਗਾਂ ਦੀ ਰਗੜਾਈ...!!!...ਇਹ ਨੁਸਖ਼ਾ ਪਰਚਾਰਿਆ ਜਾ ਰਿਹਾ ਹੈ। ਇੰਜ ਹੀ ਮਨੁਖੀ ਸਬੰਧਾਂ ਦੇ ਇਕ ਸੁਚੱਜੇ ਸ਼ਬਦ 'ਕਾਮਰੇਡ' ਨਾਲ ਹੋਇਆ ਹੈ। ਜਦ ਕਾਮਰੇਡ ਪਰਧਾਨ ਮੰਤਰੀ, ਕਾਮਰੇਡ ਚੇਅਰਮੈਨ ਅਤੇ ਕਾਮਰੇਡ ਜੇਲ੍ਹਰ ਵਰਤੋਂ ਵਿਚ ਆਉਣ ਲਗ ਪੈਣ ਤਾਂ ਗੱਲ ਨਾ ਸਿਰਫ਼ ਹਾਸੋਹੀਣੀ ਹੀ ਲਗਦੀ ਹੈ, ਬਲਕਿ ਸ਼ਬਦ ਵਿਚੋਂ ਇਨਸਾਨੀ-ਰਿਸ਼ਤੇ ਦੀ ਗਿਰੀ ਵੀ ਜ਼ਾਇਲ ਹੋ ਜਾਂਦੀ ਹੈ। ਕਾਮਰੇਡ ਰਾਜਾ ਭੋਜ ਅਤੇ ਕਾਮਰੇਡ ਗੰਗੂ ਤੇਲੀ ਵਿਚ ਸ੍ਰੇਣੀ-ਪਾੜਾ ਤਾਂ ਕਾਇਮ ਦਾ ਕਾਇਮ ਰਹਿੰਦਾ ਹੈ। ਸੁ, ਕਾਮਰੇਡ ਸ਼ਬਦ ਬੇਮਤਲਬ ਹੋ ਜਾਂਦਾ ਹੈ। ਇੰਜ ਹੀ 'ਗੁਰਮੁਖ' ਸ਼ਬਦ ਵਿਚ ਸਿੱਖ ਮਿਸਲਾਂ ਦੇ ਵਕਤ ਤੋਂ ਲੈ ਕੇ ਅੰਗਰੇਜ਼ੀ ਰਾਜ ਤਕ ਵਿਗਾੜ ਪੈਂਦਾ ਆਇਆ ਹੈ। (ਅਜ ਤਾਂ ਸ਼ਾਇਦ ਇਸ ਦੀ ਵਰਤੋਂ ਕਰਨਾ ਹੀ ਲੋਕ ਭੁਲ ਭੁਲਾ ਗਏ ਹਨ) ਜੇ ਮਹਾਰਾਜਾ ਰਣਜੀਤ ਸਿੰਘ ਗੁਰਮੁਖ ਕਿਹਾ ਜਾ ਸਕਦਾ ਹੈ, ਹਰ ਟੁਟੇ ਭੱਜੇ ਸਿੱਖ ਰਜਵਾੜੇ ਨਾਲ ਗੁਰਮੁਖ ਸ਼ਬਦ ਟਾਂਕਿਆ ਜਾ ਸਕਦਾ ਹੈ, ਅੰਗਰੇਜ਼ਾਂ ਦੀ ਨੌਕਰੀ ਕਰਦੇ, ਉਹਨਾਂ ਦੇ ਅਗੇ ਪਿਛੇ ਪੂਛ ਹਿਲਾਉਂਦੇ ਹਰ ਚਿੱਟ-ਕਪੜੀਏ ਸਰਦਾਰ ਨਾਲ ਗੁਰਮੁਖ ਜੋੜਿਆ ਜਾ ਸਕਦਾ ਹੈ ਤਾਂ ਇਸ ਸ਼ਬਦ ਦਾ ਉਸ ਗੁਰਮੁਖ ਨਾਲ ਕੀ ਰਿਸ਼ਤਾ ਰਹਿ ਗਿਆ ਜਿਸ ਗੁਰਮੁਖ ਦਾ ਜ਼ਿਕਰ ਬਾਰ ਬਾਰ ਗੁਰਬਾਣੀ ਵਿਚ ਆਉਂਦਾ ਹੈ? ਇਸ ਨੂੰ ਕਿਸੇ ਕੁੱਤੇ ਬਿੱਲੇ ਨਾਲ ਵੀ ਫਿਟ



ਕਰ ਦਿਉ, ਕੀ ਫਰਕ ਪੈਂਦਾ ਹੈ?!

ਸੁ, ਭਰਾਵੋ ਜੇ ਜਿਨਸੀ ਸਬੰਧਾਂ ਦੇ ਮਸਲੇ ਬਾਰੇ ਤੁਸਾਂ, ਮਾਰਕਸਵਾਦੀ ਇਨਕਲਾਬੀ ਹੋਣ ਦੇ ਨਾਤੇ, ਗੱਲ ਕਰਨੀ ਹੈ ਤਾਂ ਚਾਲੂ ਕਿਸਮ ਦੇ ਪਰਚਾਰੇ ਜਾ ਰਹੇ 'ਲਿੰਗ-ਇਨਕਲਾਬ' ਨੂੰ ਕਟ ਕੇ, ਇਸ ਨੂੰ ਵਿਸ਼ੇ ਨਾਲੋਂ ਲਾਂਭੇ ਕਰ ਕੇ ਹੀ ਗੱਲ ਅਗਾਂਹ ਤੋਰੀ ਜਾ ਸਕਦੀ ਹੈ। ਹਰ ਸਾਰਥਕ ਵਿਚਾਰ-ਵਟਾਂਦਰੇ ਲਈ **ਸੇਧ** ਦੇ ਸਫ਼ੇ ਤੁਹਾਡੇ ਲਈ ਹਾਜ਼ਿਰ ਨੇ] —ਪੰਨੂੰ

*** ਨਾਵਲਾਂ ਵਿਚ ਨਾਇਕ :** ਪ੍ਰੋ: ਤੇਜਵੰਤ ਮਾਨ ਨੇ ਸਾਰਾ ਜ਼ੋਰ ਇਹ ਗੱਲ ਸਿੱਧ ਕਰਨ 'ਤੇ ਲਾਇਆ ਹੈ ਕਿ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪੇਸ਼ 'ਨਾਇਕ' (ਜਗਸੀਰ ਤੇ ਬਿਸ਼ਨਾ) ਨੈਗੇਟਿਵ ਪਾਤਰ ਹਨ। ਮਾਨ ਸਾਹਿਬ ਦੇ ਨਾਇਕ ਦੇ ਸੰਕਲਪ ਅਨੁਸਾਰ ਜੇ ਉਹ ਨਾਇਕ ਨਹੀਂ; ਤਾਂ ਉਹ ਨੈਗੇਟਿਵ ਪਾਤਰ ਵੀ ਨਹੀਂ।

ਮਾਨ ਸਾਹਿਬ ਅਨੁਸਾਰ "ਵਾਸਤਵਿਕ ਵਿਚ ਬੇਸ਼ਕ ਨਾਇਕ ਹਾਰ ਜਾਵੇ ਤੇ ਖ਼ਲਨਾਇਕ ਦੀ ਜਿੱਤ ਹੋ ਜਾਵੇ ਪਰ ਸਾਹਿਤ ਦਾ ਨਾਇਕ ਕਦੇ ਨਹੀਂ ਹਾਰਦਾ।" ਸੁਆਲ ਇਹ ਹੈ ਕਿ ਨਾਇਕ ਹਾਰ ਕੇ ਵੀ ਕਿਹੜਾ ਇਮੇਜ ਛਡਦਾ ਹੈ? ਨਾਇਕ ਵੀ ਖ਼ਾਸ ਸਮਾਜਕ ਪਰਿਸਥਿਤੀਆਂ ਵਿਚੋਂ ਜਨਮ ਲੈਂਦਾ ਹੈ। ਕਈ ਵੇਰ ਇਤਿਹਾਸਕ ਵੇਗ ਕੁਝ ਇਸ ਤਰ੍ਹਾਂ ਹੁੰਦਾ ਹੈ ਕਿ ਨਾਇਕਤਵ ਤੱਤ 'ਤੇ ਖਲਨਾਇਕਤਵ ਤੱਤ ਹਾਵੀ ਹੋ ਜਾਂਦਾ ਹੈ। ਸਾਡੇ ਸਮਾਜ ਦੀ ਸਥਿਤੀ ਕੁਝ ਇਸ ਤਰ੍ਹਾਂ ਬਣੀ ਕਿ ਬੁਰਜੁਆਜ਼ੀ ਕਾਬਜ਼ ਜਮਾਤ ਬਣ ਗਈ। ਸਾਡੇ ਕੋਈ ਵੀ ਅਜਿਹਾ 'ਨਾਇਕ' ਪੈਦਾ ਨਹੀਂ ਹੋਇਆ ਜਿਹੜਾ ਸਮੇਂ ਦੇ ਅੱਥਰੇ ਘੋੜੇ ਨੂੰ ਲੋਕ-ਹਿਤ ਦੇ ਰਾਹ ਤੋਰ ਲੈਂਦਾ। ਸਮਾਜਕ ਸਥਿਤੀ ਹੀ ਅਜਿਹੀ ਨਹੀਂ ਬਣੀ ਜਿਹੜੀ ਬੁਰਜੁਆਜ਼ੀ ਨੂੰ ਪਟੜੇ ਪਰਨੇ ਮਾਰਦੀ। ਜਿਸ ਨੇ ਜਦੋਂ ਵੀ ਬੁਰਜੁਆਜ਼ੀ ਦਾ ਵਿਰੋਧ ਕੀਤਾ, ਦਬਾ ਦਿੱਤਾ ਗਿਆ।

ਬੁਰਜੁਆਜ਼ੀ ਨੂੰ ਢਾਹ ਲਾਉਣ ਵਾਸਤੇ ਸੰਗਠਿਤ ਰੂਪ ਵਿਚ ਕਿਸੇ ਨਿਸਚਿਤ ਸੇਧ ਵਲ ਤੁਰਨਾ ਜ਼ਰੂਰੀ ਹੈ। ਬਿਨਾਂ ਕਿਸੇ ਸੇਧ ਤੋਂ, ਬਿਨਾਂ ਕਿਸੇ ਸਿਧਾਂਤ ਤੋਂ ਕੋਈ ਇਕੱਲਾ ਇਕਹਿਰਾ ਵਿਅਕਤੀ ਇਸ ਦਾ ਕੁਝ ਨਹੀਂ ਵਿਗਾੜ ਸਕਦਾ। ਅਜਿਹੀ ਸਥਿਤੀ ਵਿਚ ਜੇ ਕੋਈ ਵਿਅਕਤੀ ਬੁਰਜੁਆਜ਼ੀ ਦੇ ਵਿਰੋਧ ਵਿਚ ਖੜਾ ਹੁੰਦਾ ਹੈ ਤੇ ਕਿਸੇ ਕਾਰਨ ਹਾਰ ਜਾਂਦਾ ਹੈ ਪਰ ਢਾਹੂ ਇਮੇਜ ਨਹੀਂ ਛੱਡਦਾ ਤਾਂ ਇਹ ਉਸ ਦਾ ਨੈਗੇਟਿਵ ਪੱਖ ਨਹੀਂ, ਪਾਜ਼ੇਟਿਵ ਪੱਖ ਹੀ ਕਿਹਾ ਜਾ ਸਕਦਾ ਹੈ।

ਅੱਗੇ ਮਾਨ ਸਾਹਿਬ ਨੇ ਲਿਖਿਆ ਹੈ ਕਿ "ਗੁਰਦਿਆਲ ਸਿੰਘ ਨੇ ਯਥਾਰਥ ਦੀ ਓਟ ਹੇਠ ਮਨੁੱਖ ਦੀ ਕਦੇ ਨਾ ਹਾਰਨ ਦੀ ਰੂੜ੍ਹੀ ਨੂੰ ਬੜੇ ਹੀ ਸਲੀਕੇ ਨਾਲ ਨਗੇਟ ਕਰ ਦਿੱਤਾ ਹੈ? ਤੇ ਮਨੁੱਖ ਨੂੰ 'ਕੀੜੇ-ਪਤੰਗੇ' ਬਣਾ ਕੇ ਉਸ ਦੀ ਬੇਬਸੀ ਨੂੰ ਪਰ-ਸ਼ਕਤੀ ਦੇ ਅਧੀਨ ਕਰ ਦਿੱਤਾ ਹੈ।" ਗੁਰਦਿਆਲ ਸਿੰਘ ਨੇ ਮਨੁੱਖ ਦੀ ਨਾ ਹਾਰਨ ਦੀ ਰੂੜ੍ਹੀ ਨੂੰ ਨਗੇਟ ਨਹੀਂ ਕੀਤਾ। ਉਸ ਦੇ ਨਾਵਲਾਂ ਦੇ ਕੇਂਦਰੀ ਪਾਤਰ (ਨਾਇਕ ਨਹੀਂ) ਜਗਸੀਰ ਤੇ ਬਿਸ਼ਨਾ ਬੇਬਸ ਹੋ ਜਾਂਦੇ ਹਨ। ਉਹ ਬੇਬਸ ਕਿਉਂ ਹੁੰਦੇ ਹਨ? ਦੇਖਣ ਵਾਲੀ ਗੱਲ ਤਾਂ ਇਹ ਹੈ। ਬੇਬਸ ਕੇਵਲ ਜਗਸੀਰ ਜਾਂ ਬਿਸ਼ਨਾ ਹੀ ਨਹੀਂ ਹੋਏ ਸਗੋਂ ਇਹਨਾਂ ਵਾਂਗ ਇਹਨਾਂ ਦੀ ਤੋਰੇ ਤੁਰਨ ਵਾਲੇ ਸਾਰੇ ਹੀ ਹੋਏ ਹਨ ਤੇ ਹੋਣਗੇ। ਵੈਸੇ ਬਿਸ਼ਨਾ ਕਦੋਂ ਚਾਹੁੰਦਾ ਹੈ ਕਿ ਹਾਰ ਜਾਵੇ। ਉਸ ਨਿਜ਼ਾਮ ਦੀਆਂ ਕਦਰਾਂ ਨਾਲ ਉਸਦੀ ਰਸਾਈ ਨਹੀਂ ਜਿਥੇ ਆਦਮੀ ਇਕ ਦੂਜੇ ਦਾ ਖ਼ੂਨ ਚੂਸਦੇ ਹਨ। ਉਸ ਦੀ ਨਾਬਰੀ ਕਾਰਨ ਹੀ ਬੂਟਾ ਤੇਲੀ ਉਸ ਦੇ ਚਿਹਰੇ 'ਤੇ 'ਸ਼ਾਹੀਜਲਾਲ' ਦੇਖਦਾ ਹੈ। ਜੇ ਬਿਸ਼ਨੇ ਨੇ 'ਕੀੜੇ ਪਤੰਗੇ' ਵਾਂਗ

ਹੀ ਜਿਊਣਾ ਹੁੰਦਾ ਤਾਂ ਉਹ ਭਰੀ ਅਦਾਲਤ ਅੱਗੇ, ਹੱਥ ਪਿੱਠ ਪਿਛੇ ਕਰ ਕੇ 'ਵਜ਼ੀਰ ਦੀਆਂ ਅੱਖਾਂ ਵਿਚ ਆਪਣੀਆਂ ਬਾਜ ਵਰਗੀਆਂ ਤਿੱਖੀਆਂ ਅੱਖਾਂ ਨਾਲ ਸਿੱਧਾ' ਨਾ ਤੱਕਦਾ।

ਗੁਰਦਿਆਲ ਸਿੰਘ ਦੇ ਨਾਵਲਾਂ ਦੇ ਕੇਂਦਰੀ ਪਾਤਰ 'ਇਹ ਜੀਵਨ' ਸਵੀਕਾਰ ਨਹੀਂ ਕਰਦੇ। ਆਪਣੇ ਆਪ ਨੂੰ 'ਇਸ ਜੀਵਨ' ਅਨੁਸਾਰ ਢਾਲਦੇ ਨਹੀਂ। 'ਸਮਕਾਲੀ ਸਥਿਤੀ' ਤੋਂ ਬਗਾਵਤ ਕਰਦੇ ਹਨ ਪਰ ਮਰ ਜਾਂਦੇ ਹਨ। ਹਾਲਾਤ ਉਹਨਾਂ ਨੂੰ ਤੋੜ ਦਿੰਦੇ ਹਨ। ਇਸ ਦੇ ਕਾਰਨ ਵੀ ਸਪਸ਼ਟ ਹਨ। ਜਗਸੀਰ ਨੇ ਸੱਤਾਧਾਰੀ ਨਿਜ਼ਾਮ ਦੀਆਂ ਅਜਿਹੀਆਂ ਸਦਾਚਾਰਕ ਕਦਰਾਂ ਨੂੰ ਆਪਣਾ ਇਮਾਨ ਬਣਾ ਲਿਆ ਜਿਹਨਾਂ ਦੁਆਰਾ ਨਿਜ਼ਾਮ ਨੇ ਲੋਕਾਂ ਦੇ ਮਨਾਂ 'ਤੇ ਰਾਜ ਕਰਨਾ ਹੁੰਦਾ ਹੈ। ਉਹ ਇਹਨਾਂ ਕਦਰਾਂ ਦੇ ਰਾਹ ਤੁਰ ਵੀ ਨਹੀਂ ਸਕਦਾ। ਨਿਜ਼ਾਮ ਦੀ ਤੋਰ ਦੀ ਵੀ ਉਸ ਨੂੰ ਸਮਝ ਨਹੀਂ। ਇਸ ਜਮਾਤ ਨੂੰ ਕਿਸੇ ਨੇ ਸਮਝਾਇਆ ਵੀ ਨਹੀਂ। ਇਸੇ ਲਈ ਉਹ ਆਪਣੇ ਆਪ ਵਿਚ ਕੁੜ੍ਹਦਾ ਰਹਿੰਦਾ ਹੈ, ਸਾਰਾ ਕੁਝ ਨੰਗੇ ਪਿੰਡੇ ਝੱਲਦਾ ਹੈ। ਝੱਲਣ ਦੀ ਸ਼ਕਤੀ ਉਸੇ ਵਿਚ ਹੁੰਦੀ ਹੈ ਜੋ ਜ਼ਿੰਦਗੀ ਦੇ 'ਸੱਚ' ਨਾਲ ਅਚੇਤ ਜਾਂ ਸੁਚੇਤ ਬੱਝਾ ਹੋਵੇ। ਹਾਂ, ਉਸ ਦੀ ਕਮਜ਼ੋਰੀ ਉਥੇ ਹੈ ਜਿਥੇ ਵਿਰੋਧ ਵਿਚ ਉਹ ਬੋਲਦਾ ਤੱਕ ਨਹੀਂ। ਨੰਦੀ ਧਰਮੇ ਕਿਆਂ ਨੂੰ ਗਾਲ੍ਹਾਂ ਕੱਢ ਕੇ ਜੀਭ ਦੀ ਕੁੜੱਤਣ ਤਾਂ ਲਾਹ ਲੈਂਦੀ ਹੈ। ਜੇ ਜਗਸੀਰ ਵੀ ਬੋਲਦਾ ਤਾਂ ਇਸ ਹਾਲਤ ਵਿਚ ਉਸਦਾ ਬੋਲਣਾ ਵੀ 'ਜੀਭ ਦੀ ਕੁੜੱਤਣ' ਲਾਹੁਣ ਤੋਂ ਵੱਧ ਕੁਝ ਨਹੀਂ ਸੀ ਹੋਣਾ। ਕਿਉਂ? ਕਿਉਂਕਿ ਉਸ ਦੇ ਵਿਰੋਧ ਦਾ ਘੇਰਾ ਉਸ ਦੇ ਨਿੱਜ ਤਕ ਹੀ ਸੀਮਤ ਹੈ। ਇਹੋ ਹਾਲ ਬਿਸ਼ਨੇ ਦਾ ਹੈ। ਉਹ ਵੀ ਨਿਜ਼ਾਮ ਦੀ ਤੋਰ ਨਹੀਂ ਸਮਝਦਾ। ਉਸ ਕੋਲ ਜੇ ਕੋਈ ਸਿਧਾਂਤ ਹੈ ਤਾਂ ਇਹ ਕਿ "...ਇਹ ਲੋਕ 'ਕਾਲਿਆਂ' ਸਾਨੂੰ ਵਗਾਰੀ ਸਮਝਦੇ ਐ।" ਇਸ ਲਈ ਉਸ ਨੂੰ ਉਹਨਾਂ ਸਾਰੇ ਲੋਕਾਂ ਨਾਲ ਨਫਰਤ ਹੈ ਜਿਹੜੇ "ਆਪਣੇ ਲੋਕਾਂ ਤੋਂ ਪਸ਼ੂਆਂ ਵਾਂਗ ਕੰਮ ਲੈਂਦੇ ਐ ਤੇ ਆਪ ਮੌਜਾਂ ਕਰਦੇ ਐ।" ਇਸੇ ਲਈ ਉਹ 'ਹੇਠਲੀ ਉਤੇ' ਹੋਈ ਹੋਣੀ ਚਾਹੁੰਦਾ ਹੈ। ਪਰ ਇਹ 'ਹੇਠਲੀ ਉਤੇ' ਇਕੱਲਾ ਬਿਸ਼ਨਾ ਕਿਵੇਂ ਕਰੇ? ਉਸ ਦੀ ਲੜਾਈ ਦਾ ਘੇਰਾ ਵੀ ਜ਼ਾਤੀ ਹੈ। ਕਾਬਜ਼ ਨਿਜ਼ਾਮ ਦੀਆਂ ਕਦਰਾਂ ਨੂੰ ਨਾ ਅਪਣਾਉਣਾ ਹੀ ਉਹਨਾਂ ਦਾ ਪਾਜ਼ੇਟਿਵ ਪੱਖ ਹੈ, ਨੈਗੇਟਿਵ ਨਹੀਂ ਕਿਉਂਕਿ ਇਹ ਨਿਜ਼ਾਮ ਕੰਮੀਆਂ ਦਾ ਲਹੂ ਚੂਸਦਾ ਹੈ। ਪਾਠਕ ਇਹਨਾਂ ਕੇਂਦਰੀ ਪਾਤਰਾਂ ਦੀ ਹਾਰ ਤੋਂ ਕੁਝ ਸਿਖਦਾ ਹੀ ਹੈ; ਇਹਨਾਂ ਨੂੰ ਨਗੇਟ ਕਰ ਕੇ ਕੂੜੇ ਦੇ ਢੇਰ 'ਤੇ ਨਹੀਂ ਸੁੱਟਦਾ। ਉਸ ਨੂੰ ਪਤਾ ਲਗਦਾ ਹੈ ਕਿ ਬੁਰਜੁਆਜ਼ੀ ਬੰਦੇ 'ਤੇ ਕਿਵੇਂ ਵਾਰ ਕਰਦੀ ਹੈ।

ਆਲੋਚਕ ਨੂੰ ਧਰਮ ਸਿੰਘ ਤੇ ਠੋਲੇ ਦਾ ਮੇਲੇ 'ਤੇ 'ਇਕੋ ਜਿਹੀਆਂ ਪੱਗਾਂ, ਇਕੋ ਜਿਹੇ ਕੁੜਤੇ, ਇਕੋ ਜਿਹੀਆਂ ਦੁਖੱਲੀਆਂ ਸੁੱਚੇ ਸੁਨਹਿਰੀ ਤਿੱਲੇ ਦੀਆਂ ਕੱਢੀਆਂ ਜੁੱਤੀਆਂ ਪਾ ਕੇ' ਜਾਣਾ ਪਰੀ ਦੇਸ ਦੀ ਕਹਾਣੀ ਲਗਦਾ ਹੈ। ਇਹ ਪਰੀ ਦੇਸ ਦੀ ਕਹਾਣੀ ਨਹੀਂ; ਪੰਜਾਬ ਦੇ ਪਿੰਡਾਂ ਦੇ ਯਥਾਰਥ ਦਾ ਹਿੱਸਾ ਹੈ। "ਫਿਊਡਲ ਸਮਾਜ ਵਿਚ ਜਾਇਦਾਦ ਅਜੇ ਨਿਰੀ ਪੁਰੀ ਬਾਹਰਮੁਖੀ ਵਸਤੂ, ਨਿਰੋਲ ਪਦਾਰਥਕ ਦੌਲਤ ਨਹੀਂ ਬਣੀ ਹੁੰਦੀ। ਉਸ ਨਾਲ ਅਜੇ ਮਨੁੱਖੀ ਰਿਸ਼ਤੇ ਦੀ ਰੌਲ ਹੁੰਦੀ ਹੈ। ਇਹ ਰੌਲ ਦੋਹੀਂ ਪਾਸੀਂ ਹੁੰਦੀ ਹੈ ਜਾਇਦਾਦ ਦੇ ਮਾਲਕ ਨਾਲ ਵੀ ਤੇ ਜਾਇਦਾਦ ਉਤੇ ਕੰਮ ਕਰਨ ਵਾਲਿਆਂ ਨਾਲ ਵੀ।" (ਕਿਸ਼ਨ ਸਿੰਘ—ਸੇਧ, ਫਰਵਰੀ 1978, ਕਿਸ਼ਨ ਸਿੰਘ ਨੇ ਮਾਰਕਸ ਦੀਆਂ ਟੂਕਾਂ ਦੇ ਕੇ ਉਕਤ ਪਰਚੇ ਵਿਚ ਇਸ ਬਾਰੇ ਕਾਫੀ ਬਹਿਸ ਕੀਤੀ ਹੈ) ਇਹ ਵੱਖਰੀ ਗੱਲ ਹੈ ਕਿ ਮਾਲਕ ਤੇ ਕਾਮੇ ਦੇ ਉਸ ਰਿਸ਼ਤੇ ਵਿਚ ਹੱਥ ਮਾਲਕ ਦਾ ਹੀ ਉਤੇ ਰਹਿੰਦਾ ਹੈ ਤੇ ਕਾਮੇ ਦੀ ਸਾਰੀ ਵਫ਼ਾਦਾਰੀ ਮਾਲਕ ਨਾਲ ਬੱਝੀ ਹੁੰਦੀ ਹੈ। ਭਾਵੇਂ ਧਰਮ ਸਿੰਘ ਨੇ ਠੋਲੇ ਨੂੰ ਚਾਰ



ਵਿਘੇ ਜ਼ਮੀਨ 'ਦਿੱਤੀ' ਸੀ ਪਰ ਇਹ ਜ਼ਮੀਨ ਜ਼ਬਾਨੀ ਕਲਾਮੀ ਹੀ ਦਿੱਤੀ ਸੀ, ਇਸ 'ਤੇ ਅੰਗੂਠਾ ਨਹੀਂ ਸੀ ਲਾਇਆ। ਦੂਸਰਾ ਇਸ ਜ਼ਮੀਨ ਨਾਲ ਠੋਲੇ ਕਿਆਂ ਦਾ ਬਣਿਆ ਵੀ ਕੀ? ਹਾਂ ਠੋਲੇ ਨੇ ਸੱਪਾਂ ਦੀਆਂ ਸਿਰੀਆਂ ਮਿਧ ਮਿਧ ਕੇ ਧਰਮ ਸਿੰਘ ਦੀ ਜਾਇਦਾਦ ਜ਼ਰੂਰ ਬਣਾ ਦਿੱਤੀ ਕਿਉਂਕਿ ਠੋਲੇ ਦੀ ਸਾਰੀ 'ਵਫ਼ਾਦਾਰੀ' ਧਰਮ ਸਿੰਘ ਨਾਲ ਬੱਝੀ ਸੀ।

ਬੁਰਜੁਆ ਰਿਸ਼ਤਿਆਂ ਦੇ ਸਿਰ ਚੁੱਕਣ ਨਾਲ ਧਰਮ ਸਿੰਘ ਵੀ ਹਾਰਿਆ, ਜਗਸੀਰ ਵੀ। ਭੰਤਾ ਜਿਤਿਆ। ਆਲੋਚਕ ਦਾ ਕਹਿਣਾ ਹੈ ਕਿ "ਭੰਤੇ ਦਾ ਵਿਦਰੋਹ ਪੂੰਜੀਵਾਦ ਦੇ ਨਵੇਂ ਸੰਕਲਪਾਂ ਅਧੀਨ ਮਨੁੱਖ ਦਾ ਕਲਿਆਣਕਾਰੀ ਵਿਦਰੋਹ ਨਹੀਂ ਸਗੋਂ ਪੂੰਜੀ ਨਿੱਜ ਦੇ ਵਿਕਾਸ ਲਈ ਹੈ।" ਗੁਰਦਿਆਲ ਸਿੰਘ ਨੇ ਇਹ ਵਿਦਰੋਹ ਕਲਿਆਣਕਾਰੀ ਵਿਦਰੋਹ ਦਿਖਾਇਆ ਹੀ ਕਦੋਂ ਹੈ? ਭੰਤੇ ਦੀ ਇਹ ਜਿੱਤ ਸਰਮਾਏਦਾਰੀ ਕਦਰਾਂ ਦੀ ਜਿੱਤ ਹੈ। ਪੈਸੇ ਦੀ ਸਰਦਾਰੀ ਦੀ ਜਿੱਤ ਹੈ। ਸਮਝ ਨਹੀਂ ਆਉਂਦੀ ਮਾਨ ਸਾਹਿਬ ਨੇ ਇਹ ਕਿਵੇਂ ਸੋਚ ਲਿਆ ਕਿ ਕੁਝ ਸੱਜਣ ਭੰਤੇ ਨੂੰ ਨਾਇਕ ਸੋਚ ਸਕਦੇ ਹਨ (ਕਿਉਂਕਿ ਉਹ ਜਿਤਿਆ ਹੈ)। ਇਹ ਤਾਂ ਉਹ ਗੱਲ ਹੈ—'ਆਪੇ-ਅੰਮਾ ਮੱਥਾ ਟੇਕਦੀ ਆਂ; ਆਪੇ-ਧੀਏ ਬੁੱਢ ਸੁਹਾਗਣ।'

ਮਾਨ ਸਾਹਿਬ ਨੇ ਬਿਸ਼ਨੇ ਨੂੰ ਇਕ ਹਾਰਿਆ ਹੋਇਆ ਜੁਆਰੀਆ ਸਮਝਿਆ ਹੈ। 'ਸਾਰੇ ਮੰਡੀ ਦੇ ਲੋਕ ਸਣੇ ਕਿਰਤੀ ਪੱਲੇਦਾਰ ਉਸ ਨੂੰ ਕੱਬਾ, ਅੜਬ, ਕੋਰਾ, ਕੁਪੱਤਾ ਆਖਦੇ ਹਨ।' ਠੀਕ ਹੈ ਬਿਸ਼ਨਾ ਅੜਬ ਹੈ, ਕੋਰਾ ਹੈ ਪਰ ਕਿਹਨਾਂ ਵਾਸਤੇ? ਉਹਨਾਂ ਵਾਸਤੇ ਜਿਹੜੇ ਲੋਕਾਂ ਦਾ ਲਹੂ ਚੂਸਦੇ ਹਨ, ਜਿਹਨਾਂ ਨੇ ਬੁਰਜੁਆ ਕਦਰਾਂ ਨੂੰ ਆਪਣਾ ਇਮਾਨ ਬਣਾਇਆ ਹੈ। ਜਿਹੜੇ ਕਿਰਤੀ ਪੱਲੇਦਾਰ ਵੀ ਉਸ ਨੂੰ ਕੋਰਾ ਸਮਝਦੇ ਹਨ ਉਹਨਾਂ ਬਿਸ਼ਨੇ ਦੇ ਅਸਲੀ ਰੂਪ ਨੂੰ ਨਹੀਂ ਸਮਝਿਆ; ਉਹ ਵੀ ਬੁਰਜੁਆ ਨਿਜ਼ਾਮ ਦੀ ਤੋਰੇ ਤੁਰ ਰਹੇ ਹਨ। ਜਿਸ ਨੇ ਉਸ ਨੂੰ ਸਮਝਿਆ ਉਹ ਉਸ ਦੇ 'ਸ਼ਾਹੀ ਜਲਾਲ' ਤੋਂ ਵਰ੍ਹਿਆਂ-ਬੱਧੀ ਰਹਿਬਰੀ ਲੈਂਦਾ ਰਿਹਾ। ਜਿਹਨਾਂ ਨਾਲ ਬਿਸ਼ਨੇ ਨੂੰ ਹਮਦਰਦੀ ਹੈ ਉਹਨਾਂ ਵਾਸਤੇ ਉਹ ਸਭ ਕੁਝ ਕਰਨ ਨੂੰ ਤਿਆਰ ਹੈ। ਰੇੜ੍ਹੀ ਲੈਣ ਆਏ ਕਾਨ੍ਹੀਏ ਨੂੰ ਪਹਿਲਾਂ ਤਾਂ ਭਜਾ ਦਿੱਤਾ ਪਰ ਜਦੋਂ ਉਸ ਦੇ 'ਮਖਿਆਲ ਵਰਗੇ ਟੱਬਰ' ਦਾ ਖਿਆਲ ਆਇਆ ਤਾਂ ਰੇੜ੍ਹੀ ਉਸਦੇ ਘਰ ਛੱਡ ਕੇ ਆਇਆ। ਹੇਤੀਆ ਬਿਸ਼ਨੇ ਨਾਲ ਹਰ ਗੱਲ ਸਾਂਝੀ ਕਰਦਾ ਹੈ।

ਜੇ ਬਿਸ਼ਨਾ, ਹਾਰਿਆ ਹੋਇਆ ਜੁਆਰੀਆ ਹੁੰਦਾ ਤਾਂ ਉਸ ਨੂੰ ਕੀ ਲੋੜ ਸੀ ਕਿ ਉਹ 'ਪੰਗਾ' ਲੈ ਕੇ ਜੇਲ੍ਹ ਜਾਂਦਾ। ਹਾਰ ਤਾਂ ਉਸ ਨੇ ਮੰਨੀ ਹੀ ਨਹੀਂ। ਸਗੋਂ ਜਿਹੜਾ ਵੀ ਉਸ ਕੋਲ ਦਿਲ-ਢਾਹੂ ਗੱਲ ਕਰਦਾ ਹੈ ਉਹ ਉਸਨੂੰ ਵਿਹੁ ਵਰਗਾ ਲਗਦਾ ਹੈ। ਜਦੋਂ ਬੂਟਾ ਤੇਲੀ ਜੇਲ੍ਹੋਂ ਆ ਕੇ ਉਸ ਨਾਲ 'ਵਰਤੇ ਭਾਣੇ' ਬਾਰੇ ਢਿੱਲੇ ਜਿਹੇ ਮੂੰਹ ਨਾਲ ਗੱਲ ਕਰਦਾ ਹੈ ਤਾਂ ਬਿਸ਼ਨੇ ਦੇ ਇਹ ਬੋਲ "ਵਾਹ ਓਇ ਵਡਿਆ ਲੀਡਰਾ!...ਤੂੰਹੀ ਏਹੇ ਜੀ ਗੱਲ ਦੀ ਵਧਾਈ ਦੇਣੀ ਸੀ, ਤੇ ਤੂੰਹੀ ਬੋਤੇ ਆਂਗੂ ਬੁੱਲ੍ਹ ਸਿੱਟ ਲੇ, ਸੁਣ ਕੇ ਈ। ਪਾਵੇਂਗਾ ਪੂਰੀਆਂ!" ਹਾਰੇ ਹੋਏ ਜੁਆਰੀਏ ਦੇ ਨਹੀਂ ਹੋ ਸਕਦੇ। ਹਾਂ, ਬਿਸ਼ਨਾ ਇਕੱਲਾ ਕਾਰਾ ਜ਼ਾਤੀ ਲੜਾਈ ਲੜਦਾ ਹੈ। ਜੇ ਬਿਸ਼ਨਾ ਸਿਧਾਂਤੋਂ ਕੋਰਾ ਨਾ ਹੁੰਦਾ, ਜੇ ਉਸਦੀ ਲੜਾਈ ਸਿਆਸੀ ਰੂਪ ਅਖ਼ਤਿਆਰ ਕਰਦੀ ਤਾਂ ਉਸ ਦਾ ਰੂਪ ਹੋਰ ਹੁੰਦਾ। ਇਥੇ ਤਾਂ ਸਿਆਸੀ ਸੂਝ ਵਾਲਿਆਂ (ਸੀ.ਪੀ.ਐਮ.ਐਲ.) ਤੋਂ ਵੀ ਬੁਰਜੁਆਜ਼ੀ ਨੂੰ ਝਰੀਟ ਤਕ ਨਹੀਂ ਲਾਈ ਗਈ। ਬਿਸ਼ਨਾ ਤਾਂ ਕਰ ਹੀ ਕੀ ਸਕਦਾ ਸੀ? ਬਿਸ਼ਨਾ ਤੇ ਜਗਸੀਰ ਕਿਉਂ ਹਾਰਦੇ ਹਨ? ਬੁਰਜੁਆ ਕਦਰਾਂ ਕਿਹੋ ਜਿਹੀਆਂ ਹਨ ਤੇ ਇਹ ਆਮ ਬੰਦੇ 'ਤੇ ਕਿਵੇਂ ਵਾਰ ਕਰਦੀਆਂ ਹਨ—ਇਸ ਦਾ ਪਤਾ ਗੁਰਦਿਆਲ ਸਿੰਘ ਦੇ ਨਾਵਲਾਂ ਤੋਂ ਭਲੀ ਭਾਂਤ ਲਗਦਾ ਹੈ। **—ਗੁਰਚਰਨ ਫਰੀਦਕੋਟ**

* ਗੁਰਦਿਆਲ ਸਿੰਘ ਦੀ ਸਭਿਆਚਾਰਕ ਗੁਲਾਮੀ : 'ਮਰੇ ਮੁਕਰੇ ਦਾ ਇਲਾਜ ਕੋਈ ਨੀ' ਦੀ ਰੂੜੀ ਦਾ ਸਾਡੇ ਸਭਿਆਚਾਰ ਵਿਚ ਵਿਸ਼ੇਸ਼ ਮਹੱਤਵ ਹੈ। ਅਪਰੈਲ 1981 ਦੇ ਸੇਧ ਵਿਚ ਗੁਰਦਿਆਲ ਸਿੰਘ ਵਲੋਂ ਮੇਰੇ ਲੇਖ ਬਾਰੇ ਸਪੱਸ਼ਟੀਕਰਨ ਪੜ੍ਹ ਕੇ ਜਿਥੇ ਮੈਨੂੰ ਮੇਰੀ ਉਸ ਦੇ ਨਾਵਲਾਂ ਬਾਰੇ ਪੇਸ਼ ਕੀਤੀ ਗਈ ਧਾਰਨਾ ਦੀ ਪੁਸ਼ਟੀ ਕਰਦਾ ਜਵਾਬ ਮਿਲਿਆ ਹੈ ਉਥੇ ਮੈਨੂੰ ਗੁਰਦਿਆਲ ਸਿੰਘ ਦੀ ਸਖਸ਼ੀਅਤ ਵਿਚੋਂ 'ਸਭਿਆਚਾਰਕ ਗੁਲਾਮੀ' ਦਾ ਸਪੱਸ਼ਟ ਝਲਕਾਰਾ ਲਭਿਆ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਪੇਪਰ 15 ਫਰਵਰੀ 1981 ਨੂੰ ਸਾਹਿਤ ਸਭਾ ਬਾਘਾਪੁਰਾਣਾ ਦੇ ਸਮਾਗਮ ਵਿਚ ਪ੍ਰਿੰ: ਸੰਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਪੜ੍ਹਿਆ ਗਿਆ ਸੀ। ਗੁਰਦਿਆਲ ਸਿੰਘ ਨੇ ਆਪਣੀ ਇਹ ਗੱਲ ਬਾਘੇਪੁਰਾਣੇ ਵਿਦਵਾਨਾਂ ਦੇ ਇਕੱਠ ਵਿਚ ਆ ਕੇ ਕਿਉਂ ਨਾ ਆਖੀ ? ਇਹ ਪੇਪਰ ਗੁਰਦਿਆਲ ਸਿੰਘ ਨੂੰ ਪੰਦਰਾਂ ਵੀਹ ਦਿਨ ਪਹਿਲਾਂ ਭੇਜ ਦਿਤਾ ਗਿਆ ਸੀ। ਹਾਜ਼ਰ ਸਭ ਵਿਦਵਾਨਾਂ ਨੂੰ ਗੁਰਦਿਆਲ ਸਿੰਘ ਦੀ ਉਡੀਕ ਰਹੀ। ਸ਼ਾਇਦ 'ਸਥਾਪਤੀ' ਦੀ ਕੁਰਸੀ ਹਿਲਦੀ ਦੇਖ ਕੇ ਉਹ ਉਸ ਸਮਾਗਮ ਵਿਚ ਹਾਜ਼ਰ ਨਾ ਹੋਏ। ਇਸ ਸਮਾਗਮ ਵਿਚ ਮੇਰੇ ਪੇਪਰ ਦੇ ਵਿਰੋਧ ਅਤੇ ਪੱਖ ਵਿਚ ਕਾਫੀ ਸੰਜੀਦਾ ਵਾਦ-ਵਿਵਾਦ ਹੋਇਆ। ਮੈਂ ਆਪਣਾ ਜਵਾਬ ਵੀ ਦਿੱਤਾ। ਕਿੰਨਾਂ ਚੰਗਾ ਹੁੰਦਾ ਜੇ ਗੁਰਦਿਆਲ ਸਿੰਘ ਵੀ ਆਪਣੇ ਸਪਸ਼ਟੀਕਰਨ ਦਾ ਜਵਾਬ ਉਸੇ ਇਕੱਠ ਵਿਚ ਲੈ ਲੈਂਦਾ। ਦੂਸਰਾ : ਪਹਿਲੀ ਮਾਰਚ 1981 ਨੂੰ ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਸਾਲਾਨਾ ਸਮਾਗਮ ਸਮੇਂ ਪ੍ਰਧਾਨਗੀ ਮੰਡਲ ਵਿਚ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਤੀਨਿਧ ਵਜੋਂ ਗੁਰਦਿਆਲ ਸਿੰਘ ਦੇ ਬਿਲਕੁਲ ਨਾਲ ਹੀ ਬੈਠਾ ਰਿਹਾ ਹਾਂ ਅਤੇ ਗੁਰਬਚਨ ਭੁੱਲਰ ਦੇ ਪੇਪਰ ਉਤੇ ਬਹਿਸ ਹੁੰਦਿਆਂ ਗੁਰਦਿਆਲ ਸਿੰਘ ਬਾਰੇ ਮੇਰੇ ਲਿਖੇ ਪੇਪਰ ਦਾ ਜ਼ਿਕਰ ਵੀ ਕਈ ਆਲੋਚਕਾਂ ਨੇ ਬਾਰ ਬਾਰ ਕੀਤਾ। ਨਾਲ ਬੈਠੇ ਗੁਰਦਿਆਲ ਸਿੰਘ ਨੇ ਮੈਨੂੰ ਜਾਂ ਪ੍ਰਧਾਨਗੀ ਭਾਸ਼ਨ ਸਮੇਂ ਆਪਣਾ ਸਪਸ਼ਟੀਕਰਨ ਕਿਉਂ ਨਾ ਦਿੱਤਾ ? ਸੇਧ ਵਿਚਲੀ 'ਕਹਿ-ਮੁਕਰਨੀ' ਉਕਤੀ ਬਠਿੰਡੇ ਇਕੱਠੇ ਹੋਏ ਸਾਹਿਤਕਾਰਾਂ ਵਿਚ ਕਿਉਂ ਨਾ ਉਚਾਰੀ ?

ਹੁਣ ਗੱਲ ਇਹ ਹੈ ਕਿ ਸ: ਗੁਰਦਿਆਲ ਸਿੰਘ 'ਮਹਾਨ' ਨਾਵਲਿਸਟ ਹੈ ਅਤੇ ਉਹ ਮਹਾਨ ਸਾਹਿਤਕਾਰਾਂ, ਵਿਦਵਾਨਾਂ ਨਾਲ ਹੀ ਕਿਸੇ ਵਿਸ਼ੇ ਉਤੇ ਵਿਚਾਰ ਕਰਨ ਦਾ ਆਦੀ ਹੈ। ਮੇਰੇ ਵਰਗੇ 'ਅਦਨੇ' ਆਮ ਲੋਕਾਂ ਨਾਲ ਉਹ ਵਿਚਾਰ ਵਟਾਂਦਰਾ ਕਰ ਕੇ ਕਿਉਂ ਆਪਣਾ ਵਕਤ ਖਰਾਬ ਕਰੇ !! ਇਸ ਤੋਂ ਵੀ ਅੱਗੇ ਉਸ ਬੰਦੇ ਨਾਲ ਤਾਂ ਉਹ ਉਂਜ ਵੀ ਗੱਲ ਕਰ ਕੇ ਰਾਜ਼ੀ ਨਹੀਂ ਜਿਸ ਦੇ ਕਿਸੇ ਵੀ ਵਿਚਾਰ ਦੀ ਉਸ ਨੂੰ ਕੋਈ ਸਮਝ ਨਹੀਂ ਆਈ। ਅਜੇਹੀ ਹੀ ਇਕ ਉਕਤੀ ਸ: ਕੁਲਵੰਤ ਸਿੰਘ ਵਿਰਕ ਮਹਾਨ ਕਹਾਣੀਕਾਰ ਹੁਰਾਂ ਨੇ ਵੀ ਸੂਰਜਮੁਖੀ (ਦਸੰਬਰ 1972) ਵਿਚ ਮੇਰੇ ਵਲੋਂ 'ਗਪ-ਸ਼ਪ' ਦੇ ਸਿਰਲੇਖ ਹੇਠ ਛਪੀ ਮੁਲਾਕਾਤ ਬਾਰੇ ਆਖੀ ਸੀ। ਮੈਂ ਉਨ੍ਹਾਂ ਨੂੰ ਆਪਣੇ ਸਪਸ਼ਟੀਕਰਨ ਵਿਚ ਓ ਤੋਂ ੜ ਤੀਕ ਸਾਰੀ ਗੱਲ ਯਾਦ ਕਰਵਾਈ ਸੀ ਅਤੇ ਅਖੀਰ ਉਨ੍ਹਾਂ ਨੂੰ ਮੰਨਣਾ ਪਿਆ ਸੀ ਕਿ ''ਗੱਲਾਂ ਤਾਂ ਹੋਈਆਂ ਸਨ ਪਰ ਛਪਣੀਆਂ ਨਹੀਂ ਚਾਹੀਦੀਆਂ ਸਨ।'' ਜੇ ਗੁਰਦਿਆਲ ਸਿੰਘ ਹੁਰਾਂ ਦਾ ਸਪਸ਼ਟੀਕਰਨ ਉਪਰੋਕਤ ਉਕਤੀ ਵਾਂਗ ਹੀ ਹੈ ਤਾਂ ਫੇਰ ਗੁਰਦਿਆਲ ਸਿੰਘ ਦੀ ਯਾਦਦਾਸ਼ਤ ਲਈ ਮੈਂ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਾਹਿਤਕ ਮਸਲਿਆਂ ਬਾਰੇ ਅਸੀਂ ਇਕ ਵਾਰ ਨਹੀਂ, ਤਿੰਨ ਚਾਰ ਵਾਰ ਗੱਲਾਂ ਕੀਤੀਆਂ ਹਨ। ਪੰਜਾਬੀ ਸਾਹਿਤ ਸਭਾ ਸੰਗਰੂਰ ਵਲੋਂ ਉਨ੍ਹਾਂ ਨੂੰ ਸਾਹਿਤ ਅਕਾਡਮੀ ਦਾ ਇਨਾਮ ਮਿਲਣ ਉਪਰੰਤ ਸੰਗਰੂਰ ਵਿਖੇ ਸਨਮਾਨ ਦਿਤਾ ਗਿਆ ਸੀ। ਸਾਹਿਤ ਅਤੇ ਰਾਜਨੀਤੀ ਦੇ ਸਬੰਧਾਂ ਬਾਰੇ ਸਾਡੀ ਗੱਲਬਾਤ ਉਦੋਂ ਕਾਫੀ ਭਖਵੀਂ ਹੋਈ ਸੀ, ਜਿਸ



ਦੌਰਾਨ ਉਨ੍ਹਾਂ ਦਾ ਪੱਖ ਸਾਹਿਤ ਦੇ ਕੇਵਲ ਮਨੁੱਖਤਾਵਾਦੀ ਸੰਕਲਪ ਤੋਂ ਸੀ।

ਮੈਂ 'ਮਨੁੱਖਤਾਵਾਦ' ਦੇ ਸੰਕਲਪ ਨੂੰ ਕੇਵਲ ਬੁਰਜੂਆ ਸੰਕਲਪ ਕਿਹਾ ਸੀ। ਮੈਂ ਇਸ ਗੱਲ 'ਤੇ ਜ਼ੋਰ ਦਿਤਾ ਸੀ ਕਿ 'ਮਨੁੱਖ' ਨੂੰ ਜਮਾਤਾਂ ਦੀ ਰਾਜਨੀਤੀ ਤੋਂ ਵੱਖ ਰੱਖ ਕੇ ਨਹੀਂ ਵਾਚਿਆ ਜਾ ਸਕਦਾ। ਫੇਰ ਗੁਰਦਿਆਲ ਸਿੰਘ ਜੀ ਸੰਗਰੂਰ ਸ. ਜਸਬੀਰ ਸਿੰਘ ਐਡਵੋਕੇਟ, ਪ੍ਰਧਾਨ ਜ਼ਿਲ੍ਹਾ ਯੂਥ ਕਾਂਗਰਸ ਨੂੰ ਮਿਲਣ ਆਏ ਸੀ। ਪ੍ਰੋ: ਚਰਨਜੀਤ ਚੰਨੀ ਉਨ੍ਹਾਂ ਨੂੰ ਬੱਸ ਸਟੈਂਡ ਛਡਣ ਜਾ ਰਿਹਾ ਸੀ। ਰਸਤੇ ਵਿਚ ਮੈਂ ਮਿਲ ਪਿਆ। ਬੱਸ ਸਟੈਂਡ 'ਤੇ ਕਾਫ਼ੀ ਸਮਾਂ ਅਸੀਂ ਇਸੇ ਵਿਸ਼ੇ ਬਾਰੇ ਗੱਲਾਂ ਕੀਤੀਆਂ। ਫੇਰ ਬਰਨਾਲਾ ਵਿਖੇ ਲਿਖਾਰੀ ਸਭਾ ਬਰਨਾਲਾ ਵਲੋਂ ਕਰਵਾਏ ਗਏ ਸਾਹਿਤਕ ਸਮਾਗਮ ਵਿਚ ਆਪ ਨੇ ਆਪਣੇ ਸਰਵੋਤਮ ਨਾਵਲ ਬਾਰੇ ਦਸਿਆ ਅਤੇ ਡਾ: ਟੀ.ਆਰ. ਵਿਨੋਦ ਨੇ ਗੁਰਦਿਆਲ ਸਿੰਘ ਦੇ ਸਰਵੋਤਮ ਨਾਵਲ ਬਾਰੇ ਵਿਚਾਰ ਪੇਸ਼ ਕੀਤੇ। ਮੈਂ ਆਪਣੇ ਵਿਚਾਰ ਵੀ ਗੁਰਦਿਆਲ ਸਿੰਘ ਨਾਲ ਸਾਂਝੇ ਕੀਤੇ। ਗੁਰਦਿਆਲ ਸਿੰਘ ਫੇਰ ਸਾਹਿਤ ਅਤੇ ਰਾਜਨੀਤੀ ਦੇ ਸਬੰਧਾਂ ਤੋਂ ਮੁਨਕਰ ਹੋਏ। ਹਾਂ ਇਕ ਗੱਲ ਜ਼ਰੂਰ ਹੈ ਕਿ ਮੇਰੇ ਪਾਸ 'ਟੇਪ ਰਿਕਾਰਡ' ਕੋਈ ਨਹੀਂ। ਪਰ ਜੇ ਹੁੰਦਾ ਵੀ ਅਤੇ ਜੇ ਕਿਸੇ ਨੇ ਇਹ ਧਾਰ ਰਖੀ ਹੋਵੇ ਕਿ 'ਮੁਕਰਨਾ' ਹੀ ਹੈ ਤਾਂ ਅਜ 'ਟੇਪ ਰਿਕਾਰਡ' ਦੀ ਆਵਾਜ਼ ਨੂੰ ਵੀ ਝੂਠੀ ਕਿਹਾ ਜਾ ਸਕਦਾ ਹੈ।

ਪਰ ਇਕ ਗੱਲ ਦੀ ਤਸੱਲੀ ਹੈ ਕਿ ਅਸਿੱਧੇ ਤੌਰ 'ਤੇ ਗੁਰਦਿਆਲ ਸਿੰਘ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਸਾਹਿਤ ਅਤੇ ਰਾਜਨੀਤੀ ਦਾ ਸਬੰਧ ਹੈ। ਇਹੀ ਮੈਂ ਗੁਰਦਿਆਲ ਸਿੰਘ ਤੋਂ ਕਹਾਉਣਾ ਚਾਹੁੰਦਾ ਹਾਂ। ਮੇਰੇ ਲੇਖ ਦਾ ਥੀਸਿਸ ਵੀ ਇਹੀ ਹੈ ਕਿ ਗੁਰਦਿਆਲ ਸਿੰਘ ਇਨ੍ਹਾਂ ਸੰਬੰਧਾਂ ਤੋਂ ਮੁਨਕਰ ਹੁੰਦਾ ਹੋਇਆ ਵੀ ਆਪਣੀ ਹਰ ਇਕ ਸਤਰ ਇਥੋਂ ਤੀਕ ਕਿ ਕੌਮਿਆਂ 'ਚ ਪਾਏ ਅੱਖਰ ਇਕ 'ਰਾਜਨੀਤੀ' ਦੀ ਸੇਵਾ ਵਜੋਂ ਲਿਖ ਰਿਹਾ ਹੈ। ਕਿਹੜੀ ਰਾਜਨੀਤੀ ਸਿਆਣੇ ਪਾਠਕ ਆਪ ਹੀ ਅੰਦਾਜ਼ਾ ਲਾ ਸਕਦੇ ਹਨ। ਹਰ ਨਾਵਲ ਵਿਚ ਨਾਇਕ ਦੀ ਚਲਾਕ ਨਗੇਸ਼ਨ ਇਕ ਰਾਜਨੀਤੀ ਹੈ।

ਦੂਜਾ ਗਿਲਾ ਗੁਰਦਿਆਲ ਸਿੰਘ ਨੂੰ ਇਹ ਹੈ ਕਿ ਮੇਰੀ ਕਿਸੇ ਗੱਲ ਦੀ ਵੀ ਉਨ੍ਹਾਂ ਨੂੰ ਸਮਝ ਨਹੀਂ ਸੀ ਪੈਂਦੀ। ਹੈਰਾਨੀ ਹੈ ਕਿ ਗੱਲ ਸਮਝ ਨਹੀਂ ਪੈਂਦੀ ਪਰ ਫੇਰ ਵੀ ਮੇਰੀਆਂ ਟਿਪਣੀਆਂ (ਗੱਲਾਂ) ਉਤੇ ਉਨ੍ਹਾਂ ਨੂੰ ਇਤਰਾਜ਼ ਹੈ। ਕੋਈ ਵੀ 'ਇਤਰਾਜ਼' 'ਸਮਝ' ਤੋਂ ਬਾਅਦ ਹੀ ਹੋ ਸਕਦਾ ਹੈ। ਬੇਸਮਝੀ ਨਾਲ ਕੀਤੇ ਇਤਰਾਜ਼ ਥੋਥੇ ਵੀ ਹੋ ਸਕਦੇ ਹਨ। ਸਭ ਤੋਂ ਵੱਡਾ ਇਤਰਾਜ਼ ਗੁਰਦਿਆਲ ਸਿੰਘ ਨੂੰ ਇਹ ਹੈ ਕਿ ਮੈਂ ਉਨ੍ਹਾਂ ਨੂੰ ਸਿਧਾ ਸੰਬੋਧਨ ਕਰਦਾ ਹਾਂ। ਸ. ਗੁਰਦਿਆਲ ਸਿੰਘ ਆਪ ਸਵੀਕਾਰ ਕਰਦੇ ਹਨ ਕਿ ਮੈਨੂੰ ਪ੍ਰੋ: ਮਾਨ ਦੀ ਕੋਈ ਗੱਲ ਸਮਝ ਨਹੀਂ ਆਉਂਦੀ। ਹੁਣ ਇਸ 'ਬੇਸਮਝੀ' ਲਈ ਮੈਂ ਗੁਰਦਿਆਲ ਸਿੰਘ ਨੂੰ ਛੱਡ ਕਿਸ ਨੂੰ ਸੰਬੋਧਨ ਕਰਾਂ ? ਇਹ ਗੱਲ ਵਖਰੀ ਹੈ ਕਿ ਹੁਣ ਤੀਕ ਗੁਰਦਿਆਲ ਸਿੰਘ ਸ਼ਖ਼ਸੀਅਤ-ਪੂਜਕਾ ਦੇ 'ਗੀਤ' ਸੁਣਨ ਦੇ ਆਦੀ ਰਹੇ ਹਨ ਪਰ ਮੈਂ ਕਿਉਂਕਿ ਸਖਸ਼ੀਅਤ-ਪੂਜਕ ਨਹੀਂ ਇਸ ਲਈ ਗੁਰਦਿਆਲ ਸਿੰਘ ਨੂੰ ਇਕ ਮਿੱਤਰ ਵਜੋਂ 'ਤੁਸੀਂ' ਦੀ ਥਾਂ 'ਤੂੰ' ਕਹਿ ਕੇ ਸੰਬੋਧਨ ਕਰ ਦਿਤਾ ਹੈ। ਇਸ 'ਤੂੰ' ਰਾਹੀਂ ਹੀ ਮੈਂ ਉਸ ਦੀਆਂ ਲਿਖਤਾਂ ਦਾ ਮੁਲੰਕਣ ਕਰ ਕੇ ਇਕ ਖਰਵਾ ਪਰ ਸੁਹਿਰਦ ਉਲਾਂਭਾ ਦਿਤਾ ਹੈ। ਜੇ ਗੁਰਦਿਆਲ ਸਿੰਘ ਦੇ ਮਨ ਨੂੰ ਇਸ 'ਤੂੰ' ਨਾਲ ਠੇਸ ਪਹੁੰਚੀ ਹੈ ਤਾਂ ਮੈਂ ਪਾਠਕਾਂ ਅਤੇ ਗੁਰਦਿਆਲ ਸਿੰਘ ਨੂੰ ਬੇਨਤੀ ਕਰਦਾ ਹਾਂ ਕਿ ਉਹ ''ਸ਼ਾਇਦ ਗੁਰਦਿਆਲ ਸਿੰਘ ਨੂੰ ਪਤਾ ਨਹੀਂ'' ਦੀ ਥਾਂ ''ਸ਼ਾਇਦ ਸਰਦਾਰ ਗੁਰਦਿਆਲ ਸਿੰਘ ਜੀ ਨੂੰ ਪਤਾ ਨਹੀਂ'' ਅਤੇ 'ਸ਼ਾਇਦ ਉਹ ਨਹੀਂ

ਜਾਣਦਾ' ਦੀ ਥਾਂ "ਸ਼ਾਇਦ ਉਹ ਨਹੀਂ ਜਾਣਦੇ' ਪੜ੍ਹਨ ਦੀ ਖੇਚਲ ਕਰਨ। ਪਰ ਮਸਲਾ ਏਂਦਾ ਸ਼ਬਦੀ ਹੇਰ ਫੇਰ ਨਾਲ ਹਲ ਨਹੀਂ ਹੋਣਾ। ਗੱਲ ਤਾਂ ਮੇਰੇ ਵਲੋਂ ਪੂਰੇ ਲੇਖ ਵਿਚ ਉਠਾਏ ਗਏ ਨੁਕਤਿਆਂ ਨਾਲ ਮਗਜ਼-ਖਪਾਈ ਕਰਨ ਦੀ ਹੈ। ਜੋ ਸ: ਗੁਰਦਿਆਲ ਸਿੰਘ ਜੀ ਕਰਨਾ ਨਹੀਂ ਚਾਹੁੰਦੇ ਜਾਂ ਉਹ ਇਸ ਦੇ ਸਮਰੱਥ ਨਹੀਂ। ਭਲਾ ਮੇਰੀਆਂ ਟਿੱਪਣੀਆਂ ਬਾਰੇ ਉਹ 'ਕੁਝ' ਕਿਉਂ ਨਹੀਂ ਕਹਿਣਾ ਚਾਹੁੰਦੇ; ਕੇਵਲ ਸਾਰੇ ਪੇਪਰ ਵਿਚ ਤਿੰਨ ਸਤਰਾਂ ਜੋ ਮੇਰੀ ਤੇ ਉਨ੍ਹਾਂ ਦੀ ਗਲਬਾਤ ਨਾਲ ਸਬੰਧਤ ਹਨ ਬਾਰੇ ਹੀ ਕਿਉਂ ਸਪਸ਼ਟੀਕਰਨ ਦਿਤਾ ਹੈ? ਮੇਰੇ ਖ਼ਿਆਲ 'ਚ ਜਵਾਬ 'ਔਖ' ਤੇ 'ਸੌਖ' ਵਿਚੋਂ ਲਭੇਗਾ।

**—ਤੇਜਵੰਤ ਮਾਨ**

*** ਸੇਧ ਜੁਆਬ ਦੇਵੇ ਤੇ ਗੁਰਬਚਨ ਵੀ :** ਮਾਰਚ (81) ਅੰਕ ਵਿਚ ਗੁਰਬਚਨ ਦੀ ਇਕ ਲਿਖਤ ਭਾਸ਼ਾ ਵਿਭਾਗ ਦੀਆਂ ਗੋਸ਼ਟੀਆਂ ਬਾਰੇ ਛਪੀ ਹੈ। ਉਸ ਦੇ ਆਰੰਭ ਵਿਚ ਸਫ਼ਾ 48-49 ਉਤੇ ਉਹਨੇ (ਉਸੇ ਦੇ ਸ਼ਬਦਾਂ ਵਿਚ) "ਸਾਡੇ ਇਕ ਵਧੀਆ ਨਾਵਲਕਾਰ" ਬਾਰੇ ਘਟੀਆ ਸ਼ਬਦਾਂ ਵਿਚ ਬੇਹੂਦਾ ਗੱਲਾਂ ਲਿਖੀਆਂ ਹਨ। ਕਿਉਂਕਿ ਉਹਨੇ ਇਸ ਨਾਵਲਕਾਰ ਦਾ ਨਾਂ ਨਹੀਂ ਲਿਖਿਆ, ਇਸ ਕਰਕੇ ਮੈਂ ਵੀ ਬਿਨਾਂ ਕਿਸੇ ਨਾਂ-ਥਾਂ ਤੋਂ, ਉਸ ਨਾਵਲਕਾਰ ਵਲੋਂ, ਗੁਰਬਚਨ ਨੂੰ ਉਸ ਦੀਆਂ ਕਹੀਆਂ ਗ਼ਲਤ ਤੇ ਗ਼ੈਰ ਜ਼ਿਮੇਵਾਰਾਨਾ ਗੱਲਾਂ ਬਾਰੇ ਕੁਝ ਪੁਛਣਾ ਚਾਹੁੰਦਾ ਹਾਂ। ਉਹਨੇ ਕਿਹਾ ਹੈ :—

(i) ਇਸ ਨਾਵਲਕਾਰ ਨੇ 'ਵਿਸ਼ਵ ਪੰਜਾਬੀ ਸੰਮੇਲਨ' ਤੇ ਇੰਗਲੈਂਡ ਪਹੁੰਚ ਕੇ ਇਕ ਅਜਿਹਾ 'ਇਸ਼ਤਿਆਰ ਵੰਡਿਆ' ਜਿਸ ਵਿਚ 'ਪੰਜਾਬੀ ਪਿਆਰਿਆਂ' ਕੋਲੋਂ ਪੌਂਡ ਇਕੱਠੇ ਕਰਨ ਦੀ ਬੇਨਤੀ ਸੀ।

(ii) ਉਹਨੇ 'ਆਪਣੀ ਜਾਤ' ਦੇ (ਇੰਗਲੈਂਡ ਦੇ) ਕਿਸੇ ਗੁਰਦੁਆਰੇ ਪਾਸੋਂ ਫ੍ਰੀ ਟਿਕਟ ਲੈ ਕੇ ਇੰਗਲੈਂਡ ਦੀ ਸੈਰ ਕੀਤੀ।

(iii) ਪਰ ਫੇਰ ਵੀ ਇਸ ਨਾਵਲਕਾਰ ਨੂੰ ਸਬਰ ਨਹੀਂ ਆਇਆ ਤੇ ਉਹਦੀਆਂ "ਲਾਰਾਂ ਵਗਦੀਆਂ" ਰਹੀਆਂ, ਕਿਉਂਕਿ ਇਹ ਅਸਲ ਵਿਚ ਲਿਖਦਾ ਹੀ ਇਨਾਮਾਂ ਲਈ ਹੈ (ਤੇ ਜੇ ਉਹਨੂੰ ਇਨਾਮ ਕੁਝ ਚਿਰ ਨਾ ਮਿਲੇ ਤਾਂ ਉਹਨੂੰ ਕੋਈ 'ਦੀਰਘ ਰੋਗ' ਲਗ ਜਾਂਦਾ ਹੈ, ਜੋ ਇਨਾਮ ਨਾਲ ਹੀ ਹਟਦਾ ਹੈ)।

ਇਸ ਬਾਰੇ ਗੁਰਬਚਨ ਨੂੰ ਮੈਂ ਬੇਨਤੀ ਕਰਨਾ ਚਾਹਾਂਗਾ ਕਿ :

(i) ਉਹ, ਉਹ ਇਸ਼ਤਿਹਾਰ ਵਿਖਾਏ ਜਿਹੜਾ ਉਹਦੇ ਕਹਿਣ ਅਨੁਸਾਰ ਇੰਗਲੈਂਡ ਵਿਚ ਵੰਡਿਆ ਗਿਆ ਹੈ।

(ii) ਦੂਸਰੇ ਉਹ ਇਹ ਸਬੂਤ ਪੇਸ਼ ਕਰੇ ਕਿ ਏਅਰ ਇੰਡੀਆ ਦੇ ਕਿਸ ਦਫ਼ਤਰ ਤੋਂ ਕਿਸ ਡਰਾਫਟ ਨੰਬਰ ਜਾਂ ਵਿਦੇਸ਼ੀ ਚੈੱਕ ਰਾਹੀਂ ਉਹ ਫ੍ਰੀ ਟਿਕਟ ਖਰੀਦਿਆ ਗਿਆ, ਜਿਹੜੇ ਦਾ ਉਸ ਨੇ ਜ਼ਿਕਰ ਕੀਤਾ (ਇਹਦੇ ਸਬੂਤ ਲਈ ਉਹ ਹਿੰਦੋਸਤਾਨ ਟਰੈਵਲਜ਼, ਕਨਾਟ ਪਲੇਸ ਦਿੱਲੀ, ਦੇ ਦਫ਼ਤਰ ਜਾ ਸਕਦਾ ਹੈ—ਜਿਥੋਂ 4 ਜੂਨ, 1980 ਦਾ ਇਹ ਟਿਕਟ ਜਾਰੀ ਹੋਇਆ ਸੀ। ਇਹ ਉਹਦੀ ਸਹੂਲਤ ਲਈ ਲਿਖ ਰਿਹਾ ਹਾਂ)।

ਇਹਨਾਂ ਦੋਹਾਂ ਦੇ ਸਬੂਤ ਉਹ ਸੇਧ ਦੇ ਅਗਲੇ ਕਿਸੇ ਅੰਕ ਵਿਚ ਪੇਸ਼ ਕਰੇ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਇਸ ਦੇ ਅਰਥ ਇਹ ਹਨ ਕਿ ਉਹਨੇ ਜਾਣ ਬੁਝ ਕੇ ਅਜਿਹੀ ਬੇਹੂਦਾ ਹਰਕਤ ਕੀਤੀ ਹੈ ਜਿਸ ਨਾਲ ਉਹ ਕਿਸੇ ਭਲੇਮਾਣਸ ਦੀ ਪੱਗ ਲਾਹ ਕੇ, ਆਪਣੀ 'ਦਾਦਾਗੀਰੀ' ਵਿਖਾ ਸਕੇ।



ਨਹੀਂ ਤਾਂ ਉਹ ਆਪ ਦੱਸੇ ਹੋਰ ਉਹਦਾ ਇਹ ਲਿਖਣ ਦਾ ਕੀ ਮਕਸਦ ਸੀ?

ਜਿਥੋਂ ਤਕ ਉਹਦੀਆਂ ਹੋਰ ਲਿਖੀਆਂ ਗੱਲਾਂ ਦਾ ਸਬੰਧ ਹੈ (ਉਪਰੋਕਤ ਨੰਬਰ (iii) ਉਤੇ) ਉਸ ਬਾਰੇ ਸਬੂਤ ਸੰਭਵ ਹੀ ਨਹੀਂ। ਕੋਈ ਵੀ ਆਦਮੀ ਜੋ ਚਾਹੇ ਲਿਖ ਸਕਦਾ ਹੈ। ਸਿਆਣੇ ਕਹਿੰਦੇ ਹਨ ਕਿ ਮਾਰਦੇ ਦਾ ਤਾਂ ਹੱਥ ਫੜ ਲਵਾਂਗੇ ਪਰ ਬੋਲਦੇ ਦੀ ਜ਼ਬਾਨ ਕਿਵੇਂ ਵੀ ਨਹੀਂ ਫੜੀ ਜਾਂਦੀ।

ਪਰ ਬਹੁਤੀ ਦੁਖਦਾਈ ਤੇ ਗੈਰ-ਜ਼ਿਮੇਵਾਰਾਨਾ ਗੱਲ ਇਹ ਹੈ ਕਿ ਉਹਨੇ ਬੋਲਿਆ ਨਹੀਂ, ਉਹਨੇ ਲਿਖਿਆ ਹੈ, ਤੇ ਸੇਧ ਨੇ ਅਜਿਹਾ ਕੁਝ ਛਾਪਿਆ ਹੈ। ਇਸੇ ਲਈ ਮੈਂ ਤੁਹਾਡੇ ਕੋਲੋਂ ਵੀ ਪੁਛਣਾ ਚਾਹਾਂਗਾ ਕਿ ਅਜਿਹੀਆਂ ਘਟੀਆ ਤੇ ਗੈਰ ਜ਼ਿਮੇਵਾਰਾਨਾ ਲਿਖਤਾਂ ਛਾਪ ਕੇ ਤੁਸੀਂ ਕਿਹੜੀ 'ਸਾਹਿਤਿਕ ਪ੍ਰਾਪਤੀ' ਕਰਨਾ ਚਾਹੁੰਦੇ ਹੋ? ਕੀ ਤੁਹਾਡਾ ਫਰਜ਼ ਨਹੀਂ ਕਿ ਅਜਿਹਾ ਕੁਝ ਛਾਪਣ ਤੋਂ ਪਹਿਲਾਂ ਤੁਸੀਂ ਉਸ ਬਾਰੇ ਕੁਝ ਸੋਚ ਲਉ? ਵੇਖ ਲਉ ਕਿ ਕੀ ਛਪਣ ਵਾਲਾ ਹੈ, ਕੀ ਨਹੀਂ ਛਪਣ ਜੋਗਾ?

ਮੈਨੂੰ ਸਭ ਤੋਂ ਵਧ ਦੁੱਖ ਇਸ ਗੱਲ ਦਾ ਹੈ ਕਿ ਸੰਸਾਰ ਦੇ ਸਭ ਤੋਂ ਵਧ ਜ਼ਿਮੇਵਾਰਾਨਾ ਸਿਧਾਂਤ ਮਾਰਕਸਵਾਦ ਦੇ ਨਾਂ 'ਤੇ ਚਲਣ ਵਾਲਾ ਪਰਚਾ ਅਜਿਹੀਆਂ ਘਟੀਆ ਤੇ ਗ਼ੈਰ-ਜ਼ਿਮੇਂਵਾਰਾਨਾ ਗੱਲਾਂ ਵੀ ਛਾਪਦਾ ਹੈ। ਅਸੀਂ ਪਾਠਕ, ਸੇਧ ਬਾਰੇ ਕੀ ਸੋਚੀਏ? ਕੀ ਇਸ ਦਾ ਕੋਈ ਉੱਤਰ ਆਪ ਦੇ ਸਕੋਗੇ?

**—ਇਕ ਪਾਠਕ**

*** 'ਪੰਜਾਬ 'ਚ ਬੱਸ ਕਰਾਇਆ ਘੋਲ'** : ਪੰਜਾਬ 'ਚ ਕਾਂਗਰਸ ਸਰਕਾਰ ਨੇ ਗੱਦੀ ਸੰਭਾਲਦਿਆਂ ਹੀ ਬੱਸ ਕਰਾਏ 'ਚ 43% ਦੇ ਵਾਧੇ ਦਾ ਐਲਾਨ ਕਰ ਦਿਤਾ ਆਮ ਲੋਕਾਂ 'ਚ ਹਲਚਲ ਮੱਚ ਗਈ। ਇਥੋਂ ਦੀਆਂ ਰਾਜਨੀਤਕ ਪਾਰਟੀਆਂ ਨੇ ਆਪਣੇ ਆਪਣੇ ਢੰਗ ਨਾਲ ਸਰਕਾਰ ਦੇ ਇਸ ਮਾਰੂ ਵਾਰ ਦਾ ਟਾਕਰਾ ਕਰਨ ਦੇ ਫ਼ੈਸਲੇ ਸੁਣਾ ਦਿਤੇ। ਸਾਂਝੇ ਮੋਰਚੇ (ਅਕਾਲੀ, ਸੀ. ਪੀ. ਆਈ. ਅਤੇ ਸੀ. ਪੀ. ਐਮ.) ਵਾਲਿਆਂ ਇਸ ਦੇ ਖਿਲਾਫ ਸਿਰ ਧੜ ਦੀ ਬਾਜ਼ੀ ਲਾ ਦੇਣ ਦਾ ਐਲਾਨ ਕਰ ਦਿੱਤਾ। ਐਮ. ਐਲ. ਗਰੁਪਾਂ ਨੇ ਹੱਥ ਲਿਖਤ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਅਪੀਲਾਂ ਕੀਤੀਆਂ ਕਿ ਸਰਕਾਰ ਦੇ ਇਸ ਫ਼ੈਸਲੇ ਨੂੰ ਵਾਪਸ ਕਰਵਾਉਣ ਲਈ ਉਹ ਉਨ੍ਹਾਂ ਦੀ ਅਗਵਾਈ 'ਚ ਜਥੇਬੰਦ ਹੋ ਕੇ ਲੜਣ। ਇਨ੍ਹਾਂ ਗਰੁਪਾਂ ਦੀ ਸੇਧ 'ਚ ਚਲਣ ਵਾਲੀਆਂ ਮਜ਼ਦੂਰ, ਵਿਦਿਆਰਥੀ, ਨੌਜਵਾਨ ਤੇ ਮੁਲਾਜ਼ਮ ਜਥੇਬੰਦੀਆਂ ਨੇ ਵੀ ਆਪਣੇ ਆਪਣੇ ਪਲੇਟਫਾਰਮਾਂ ਤੋਂ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕਰਨ ਦੇ ਐਲਾਨ ਕੀਤੇ।

ਘੋਲ ਦੇ ਸ਼ੁਰੂ 'ਚ ਹੀ ਸਰਕਾਰ ਨੇ ਦਬਾ ਤੇ ਦਹਿਸ਼ਤ ਦਾ ਰੁਖ਼ ਅਪਣਾਇਆ। ਝਬਾਲ ਤੇ ਦਸੂਹਾ ਵਿਖੇ ਮੁਜ਼ਾਹਰਾਕਾਰੀਆਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਸਕੂਲ ਦੇ ਬੱਚੇ ਵੀ ਇਸ ਕਹਿਰ ਦੀ ਲਪੇਟ 'ਚ ਆ ਗਏ। ਪੰਜਾਬ ਦੀ ਪਾਰਲੀਮਾਨੀ ਪਾਰਟੀਆਂ ਨੇ ਇਨ੍ਹਾਂ ਥਾਵਾਂ 'ਤੇ ਹੋਏ ਗੋਲੀ ਕਾਂਡਾਂ ਦੀ ਅਦਾਲਤੀ ਜਾਂਚ ਕਰਵਾਉਣ ਦੀ ਵੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਅਕਾਲੀ ਪਾਰਟੀ ਦੀ ਅਗਵਾਈ 'ਚ ਸੀ. ਪੀ. ਐਮ. ਤੇ ਸੀ. ਪੀ. ਆਈ. ਵਾਲਿਆਂ ਘੋਲ ਦੇ ਸ਼ੁਰੂ 'ਚ ਜਥੇ ਬਣਾ ਕੇ ਗ੍ਰਿਫਤਾਰੀਆਂ ਦੇਣ ਦਾ ਪਰੋਗਰਾਮ ਉਲੀਕਿਆ। ਪਰ ਸਰਕਾਰੀ ਅਧਿਕਾਰੀਆ ਵਲੋਂ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਤੋਂ ਇਨਕਾਰ ਕਰਨ 'ਤੇ ਉਨ੍ਹਾਂ ਦਾ ਇਹ ਪਰੋਗਰਾਮ ਫੇਲ੍ਹ ਹੋ ਗਿਆ। ਦੂਜੇ ਪਾਸੇ ਵਿਦਿਆਰਥੀਆਂ ਦੀਆਂ ਤਿੰਨੇ ਖਾੜਕੂ (ਮਾਲੀ, ਕਾਹਮਾਂ ਤੇ ਅਜੈਬ ਗਰੁਪ)

ਜਥੇਬੰਦੀਆਂ ਸਾਂਝਾ ਘੋਲ ਲੜਨ 'ਤੇ ਸਹਿਮਤ ਹੋ ਗਈਆਂ। ਇਕ ਸਾਂਝੀ ਐਕਸ਼ਨ ਕਮੇਟੀ ਬਣਾ ਲਈ ਗਈ। ਇਨ੍ਹਾਂ ਤਿੰਨਾਂ ਗਰੁਪਾਂ ਨਾਲ ਸਬੰਧਤ ਨੌਜਵਾਨ ਸਭਾਵਾਂ ਵੀ ਇਸ ਘੋਲ 'ਚ ਵਿਦਿਆਰਥੀਆਂ ਦੇ ਨਾਲ ਸਨ। ਇਸ ਐਕਸ਼ਨ ਕਮੇਟੀ ਨੇ ਗੋਲੀ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਵਧਿਆ ਕਰਾਇਆ ਵਾਪਸ ਕਰਵਾਉਣ ਲਈ ਆਪਣਾ ਘੋਲ ਸ਼ੁਰੂ ਕਰ ਦਿੱਤਾ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਪੰਜਾਬ ਦੀ ਮੁਲਾਜ਼ਮ ਤਾਲਮੇਲ ਕਮੇਟੀ ਨੇ ਵੀ ਰੈਲੀਆਂ, ਮੁਜ਼ਾਹਰਿਆਂ ਰਾਹੀਂ ਇਸ ਘੋਲ 'ਚ ਆਪਣਾ ਹਿੱਸਾ ਪਾਇਆ। ਸ਼ਹਿਰਾਂ ਤੇ ਪਿੰਡਾਂ 'ਚ ਰੈਲੀਆਂ ਕੀਤੀਆਂ ਗਈਆਂ। ਖਾੜਕੂ ਮੁਜ਼ਾਹਰੇ ਕੀਤੇ ਗਏ। ਐਕਸ਼ਨ ਕਮੇਟੀ ਨੇ ਬੱਸਾਂ ਦੀ ਫੂਕ ਕੱਢ ਕੇ ਟਰੈਫਿਕ ਜਾਮ ਕਰਨ ਦੀ ਵਿਉਂਤ ਬਣਾਈ ਜਿਹੜੀ ਕਿ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀ। ਫਿਰ ਪੇਂਡੂ ਤੇ ਸ਼ਹਿਰੀ ਇਲਾਕਿਆਂ 'ਚ ਟਰੈਫਿਕ ਜਾਮ ਕਰਨ ਦੀ ਕਾਰਵਾਈ ਕੀਤੀ ਗਈ। ਇਸ ਦੌਰਾਨ ਨੌਜਵਾਨਾਂ ਤੇ ਵਿਦਿਆਰਥੀਆਂ ਦੀਆਂ ਪੁਲਸ ਨਾਲ ਝੜਪਾਂ ਹੋਈਆਂ। ਕਾਫੀ ਗਿਣਤੀ 'ਚ ਲੋਕ, ਸਮੇਤ ਔਰਤਾਂ ਜ਼ਖ਼ਮੀ ਹੋਏ ਅਤੇ ਭਾਰਤ ਨੌਜਵਾਨ ਸਭਾ ਦਾ ਇਕ ਵਰਕਰ ਲਾਭ ਸਿੰਘ ਸ਼ਹੀਦ ਕਰ ਦਿੱਤਾ ਗਿਆ। ਮਾਹੌਲ ਕੁਝ ਇਸ ਤਰ੍ਹਾਂ ਦਾ ਬਣ ਗਿਆ ਕਿ ਆਮ ਆਦਮੀ ਨੂੰ ਇਹ ਜਾਪਣ ਲੱਗ ਪਿਆ ਕਿ ਬੱਸ ਕਰਾਇਆ ਘੋਲ ਅਸਲ ਵਿਚ ਇਹ ਵਿਦਿਆਰਥੀ ਤੇ ਨੌਜਵਾਨ ਹੀ ਚਲਾ ਰਹੇ ਹਨ। ਸਾਂਝੇ ਮੋਰਚੇ ਨੂੰ ਇਹ ਗੱਲ ਕਿਸੇ ਤਰ੍ਹਾਂ ਵੀ ਗਵਾਰਾ ਨਹੀਂ ਸੀ। ਸੋ ਉਨ੍ਹਾਂ ਆਪਣੀ ਹੋਂਦ ਜਤਲਾਉਣ ਲਈ ਇਕ ਸੂਬਾ ਪੱਧਰ ਦਾ ਐਕਸ਼ਨ ਉਲੀਕਿਆ। ਇਹ ਐਕਸ਼ਨ ਸੀ—ਵਿਧਾਨ ਸਭਾ ਦਾ ਘਿਰਾਓ ਕਰਨ ਦਾ ਜੋ ਕਿ ਪੂਰੀ ਤਰ੍ਹਾਂ ਕਾਮਯਾਬ ਰਿਹਾ। ਸਰਕਾਰ ਵਲੋਂ ਟਰੱਕਾਂ ਅਤੇ ਟਰੈਕਟਰਾਂ ਨੂੰ ਸਖ਼ਤੀ ਨਾਲ ਰੋਕਣ ਦੇ ਬਾਵਜੂਦ ਕੋਈ 20,000 ਦੇ ਲਗਭਗ ਲੋਕ ਚੰਡੀਗੜ੍ਹ ਪਹੁੰਚੇ ਤੇ ਵਿਧਾਨ ਸਭਾ ਦਾ ਉਹਨਾਂ ਘਿਰਾਓ ਕੀਤਾ। ਪਰ ਇਥੇ ਦਿਲਚਸਪ ਗੱਲ ਇਹ ਹੈ ਕਿ ਇਸ ਘਿਰਾਓ ਦੌਰਾਨ ਕੋਈ ਵੀ ਮੁਜ਼ਾਹਰਾਕਾਰੀ ਗੰਭੀਰ ਰੂਪ 'ਚ ਜ਼ਖ਼ਮੀ ਨਹੀਂ ਹੋਇਆ। ਇਕ ਚਸ਼ਮ-ਦੀਦ ਪੱਤਰਕਾਰ ਨੇ ਦੱਸਿਆ ਕਿ ਇਕ ਥਾਂ 'ਤੇ ਉਸ ਨੇ ਬਿਨਾਂ ਕਿਸੇ ਟੱਕਰਾਓ ਦੇ ਅਧਿਕਾਰੀਆਂ ਨੂੰ ਪਿਛੇ ਹਟਦੇ ਤੇ ਮੁਜ਼ਾਹਰਾਕਾਰੀਆਂ ਨੂੰ ਅੱਗੇ ਵਧਦੇ ਵੇਖਿਆ ਹੈ। ਮੁਖ ਮੰਤਰੀ ਦੇ ਗਰੁਪ ਦੇ ਵਿਧਾਇਕਾਂ ਨੇ ਇਸ ਘਿਰਾਓ ਦੀ ਕਾਮਯਾਬੀ ਨੂੰ ਵਿਰੋਧੀ ਪਾਰਟੀਆਂ ਨਾਲ ਗਿਆਨੀ ਜ਼ੈਲ ਸਿੰਘ ਦੀ ਮਿਲੀ ਭੁਗਤ ਦਾ ਨਤੀਜਾ ਦੱਸਿਆ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਚੰਡੀਗੜ੍ਹ ਦੀ ਪੁਲਸ ਸਿੱਧੀ ਦਿੱਲੀ ਦੇ ਅਧੀਨ ਹੈ ਤੇ ਗ੍ਰਿਹ ਮੰਤਰੀ ਉਨ੍ਹਾਂ ਦਿਨਾਂ 'ਚ ਪਟਿਆਲੇ ਹਸਪਤਾਲ 'ਚ ਸਨ। ਇਸ ਐਕਸ਼ਨ ਦੀ ਕਾਮਯਾਬੀ ਤੋਂ ਆਮ ਆਦਮੀ ਨੂੰ ਇਹ ਜਾਪਣ ਲੱਗ ਪਿਆ ਕਿ ਹੁਣ ਭਾੜੇ ਜ਼ਰੂਰ ਘਟਣਗੇ। ਪਰ ਸਰਕਾਰ ਨੇ ਭਾੜੇ ਘੱਟ ਕਰਨ ਦੀ ਬਜਾਏ ਟਰਾਂਸਪੋਰਟ ਦੇ ਕੌਮੀਕਰਨ ਕਰਨ ਦਾ ਐਲਾਨ ਕਰ ਦਿੱਤਾ। ਸਾਂਝਾ ਮੋਰਚਾ ਖਾਮੋਸ਼ ਹੋ ਗਿਆ। ਲੋਕ ਸੋਚਣ ਲਗ ਪਏ ਕਿ ਹੁਣ ਸਾਂਝਾ ਮੋਰਚਾ ਟੁੱਟ ਜਾਏਗਾ ਕਿਉਂਕਿ ਕਾਮਰੇਡ (ਸੀ. ਪੀ. ਆਈ. ਅਤੇ ਸੀ. ਪੀ. ਐਮ.) ਤਾਂ ਸਰਕਾਰ ਦੇ ਇਸ ਐਲਾਨ ਦੀ ਡੱਟ ਕੇ ਹਿਮਾਇਤ ਕਰਨਗੇ ਤੇ ਅਕਾਲੀ ਪਾਰਟੀ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰੇਗੀ। ਪਰ ਸਾਂਝਾ ਮੋਰਚਾ ਕਾਇਮ ਰਿਹਾ ਭਾਵੇਂ ਇਸ ਦੀ ਸਲਾਮਤੀ ਲਈ ਕਾਮਰੇਡਾਂ ਨੂੰ ਆਪਣੇ ਅਸੂਲਾਂ ਦੀ ਵੀ ਕੁਰਬਾਨੀ ਹੀ ਦੇਣੀ ਪਈ। ਸਾਂਝੇ ਮੋਰਚੇ ਵਾਲਿਆਂ ਅਚਾਨਕ ਘੋਲ ਵਾਪਸ ਲੈ ਲਿਆ, ਬਿਨਾਂ ਕਿਸੇ ਸ਼ਰਤ ਦੇ। ਹਾਂ, ਇਸ ਸਬੰਧ 'ਚ ਸਰਕਾਰ ਇਕ ਯਾਰਾਂ ਮੈਂਬਰੀ ਕਮੇਟੀ ਬਣਾਨਾ ਮੰਨ ਗਈ ਜੋ ਬੱਸ ਕਰਾਇਆਂ ਬਾਰੇ ਵਿਚਾਰ ਕਰ ਕੇ ਆਪਣੀ ਰੀਪੋਰਟ ਪੇਸ਼ ਕਰੇਗੀ। ਦੂਜੇ ਪਾਸੇ ਐਕਸ਼ਨ ਕਮੇਟੀ ਨੇ ਆਪਣੀ ਵਿਤ ਅਤੇ ਢੰਗ ਮੁਤਾਬਕ ਘੋਲ



ਜਾਰੀ ਰਖਿਆ। ਪਰ ਹੁਣ ਐਕਸ਼ਨ ਕਮੇਟੀ ਵੀ ਗ੍ਰਿਫ਼ਤਾਰ ਹੋਏ ਕਾਰਕੁਨਾਂ ਨੂੰ ਰਿਹਾ ਕਰਵਾਉਣ ਅਤੇ ਲੋਕਾਂ 'ਤੇ ਬਣੇ ਝੂਠੇ ਕੇਸਾਂ ਨੂੰ ਵਾਪਸ ਕਰਵਾਉਣ 'ਤੇ ਹੀ ਜ਼ੋਰ ਦੇ ਰਹੀ ਹੈ। ਵਧੇ ਕਰਾਏ ਪੁਰਾਣੀ ਗੱਲ ਜਾਪਣ ਲੱਗ ਪਈ ਹੈ।

ਦੇਖਣ ਵਾਲੀ ਪਹਿਲੀ ਗੱਲ ਇਹ ਹੈ ਕਿ ਇਸ ਘੋਲ ਦੌਰਾਨ ਸਰਕਾਰ ਦਾ ਪਾਰਲੀਮਾਨੀ ਪਾਰਟੀਆਂ ਵੱਲ ਕਿਹੋ ਜਿਹਾ ਰਵੱਈਆ ਰਿਹਾ ਹੈ ਅਤੇ ਇਨਕਲਾਬੀ ਜਥੇਬੰਦੀਆਂ ਵੱਲ ਕਿਹੋ ਜਿਹਾ। ਉਪਰਲਾ ਸਵਾਲ ਇਸ ਗੱਲ ਤੋਂ ਸਾਫ਼ ਹੋ ਜਾਂਦਾ ਹੈ ਕਿ ਜਦ ਸਾਂਝੇ ਮੋਰਚੇ ਵਾਲਿਆਂ ਪੰਜਾਬ 'ਚ ਟਰੈਫਿਕ ਜਾਮ ਕਰਨ ਦੀ ਕਾਰਵਾਈ ਕੀਤੀ ਜਾਂ ਵਿਧਾਨ ਸਭਾ ਦਾ ਵੱਡੇ ਪੈਮਾਨੇ 'ਤੇ ਘਿਰਾਓ ਕੀਤਾ ਤਾਂ ਕਿਸੇ ਵੀ ਵਰਕਰ ਨੂੰ ਕੋਈ ਖਾਸ ਚੋਟ ਨਹੀਂ ਆਈ। ਇਥੋਂ ਤਕ ਕਿ ਮੋਰਚੇ ਵਾਲਿਆਂ ਵੱਲੋਂ ਗ੍ਰਿਫ਼ਤਾਰੀ ਦੇਣ ਗਏ ਇਕ ਜਥੇ ਦੇ ਆਗੂਆਂ ਨੂੰ ਪੁਲਸ ਅਧਿਕਾਰੀ ਸਾਹਿਬ ਸਲਾਮ ਕਰਦੇ ਵੇਖੇ ਗਏ ਅਤੇ ਇਹ ਕਹਿੰਦੇ ਸੁਣੇ ਗਏ: ''ਕੀ ਕਰੀਏ ਜੀ ਮਜਬੂਰ ਆਂ। ਸਖ਼ਤ ਹੁਕਮ ਐ ਕਿ ਕੋਈ ਵੀ ਗ੍ਰਿਫ਼ਤਾਰੀ ਨਹੀਂ ਕਰਨੀ। ਨਹੀਂ ਤਾਂ ਅਸੀਂ ਤੁਹਾਨੂੰ ਜ਼ਰੂਰ ਗ੍ਰਿਫ਼ਤਾਰ ਕਰ ਲੈਂਦੇ।'' ਦੂਜੇ ਪਾਸੇ ਰੱਲੇ ਅਤੇ ਗਿੱਲ ਪੱਤੀ ਵਿਖੇ ਭਾਰਤ ਨੌਜਵਾਨ ਸਭਾ ਅਤੇ ਪੀ. ਐਸ. ਯੂ. ਦੇ ਵਰਕਰਾਂ ਵਲੋਂ ਘਿਰਾਓ ਕੀਤੇ ਜਾਣ 'ਤੇ ਸਰਕਾਰ ਵਲੋਂ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਦਰਜਨਾਂ ਕਾਰਕੁਨ ਜ਼ਖ਼ਮੀ ਹੋ ਗਏ ਅਤੇ ਇਕ ਲਾਭ ਸਿੰਘ ਸ਼ਹੀਦ ਹੋ ਗਿਆ। ਇਸ ਤਰ੍ਹਾਂ ਬਠਿੰਡਾ ਵਿਖੇ ਟਰੈਫਿਕ ਜਾਮ ਕਰਨ ਤੋਂ ਬਾਅਦ ਮੁਜ਼ਾਹਰੇ ਦੀ ਸ਼ਕਲ 'ਚ ਵਾਪਸ ਪਰਤ ਰਹੇ ਪੀ. ਐਸ. ਯੂ. ਦੇ ਕਾਰਕੁਨਾਂ 'ਤੇ ਘੋੜ-ਸਵਾਰ ਪੁਲਸ ਨੇ ਹੱਲਾ ਬੋਲ ਦਿੱਤਾ। ਕਈ ਵਿਦਿਆਰਥੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ਇਕ ਪੱਤਰਕਾਰ ਨੇ ਲਿਖਿਆ ਹੈ ਕਿ ਪੁਲਸ ਐਕਸ਼ਨ ਤੋਂ ਬਾਅਦ ਘਟਨਾ ਸਥਾਨ 'ਤੇ ਉਸ ਨੇ ਕਾਫ਼ੀ ਗਿਣਤੀ 'ਚ ਕਾਪੀਆਂ ਕਿਤਾਬਾਂ ਤੇ ਸ਼ਨਾਖਤੀ ਕਾਰਡ ਖਿੰਡੇ ਪਏ ਦੇਖੇ। ਸਾਫ਼ ਜ਼ਾਹਿਰ ਹੈ ਕਿ ਵਿਦਿਆਰਥੀਆਂ ਦੀ ਨੀਅਤ ਹਿੰਸਕ ਹੋਣ ਦੀ ਨਹੀਂ ਸੀ ਜਿਸ ਦਾ ਕਿ ਅਧਿਕਾਰੀ ਦਾਅਵਾ ਕਰ ਰਹੇ ਹਨ।

ਦੂਜੀ ਗੱਲ ਹੈ ਇਸ ਘੋਲ ਦੌਰਾਨ ਵਿਰੋਧੀ ਪਾਰਟੀਆਂ ਯਾਨੀ ਕਿ ਸਾਂਝੇ ਮੋਰਚੇ ਦੇ ਰੋਲ ਨੂੰ ਦੇਖਣ ਦੀ। ਇਸ ਸਬੰਧ 'ਚ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਇਹ ਘੋਲ ਵਿਧਾਨ ਸਭਾ ਦੀਆਂ ਸੀਟਾਂ ਦੀ ਅਗਾਊਂ ਬੁਕਿੰਗ ਤੋਂ ਵੱਧ ਕੁਝ ਵੀ ਨਹੀਂ ਸੀ। ਉਨ੍ਹਾਂ ਘੋਲ 'ਤੇ ਘੱਟ ਤੇ ਘੋਲ ਦੀ ਪਬਲਿਸਿਟੀ 'ਤੇ ਵੱਧ ਜ਼ੋਰ ਲਾਇਆ ਹੈ। ਉਨ੍ਹਾਂ ਨੂੰ ਸਰਕਾਰ ਦੀ ਨਿਖੇਧੀ ਘੱਟ ਅਤੇ ਐਕਸ਼ਨ ਕਮੇਟੀ ਦੀ ਨਿਖੇਧੀ ਵੱਧ ਕਰਨੀ ਪਈ। ਉਹ ਇਸ ਲਈ ਕਿ ਐਕਸ਼ਨ ਕਮੇਟੀ ਵਾਲੇ ਘੋਲ ਦੀ ਅਗਵਾਈ ਉਨ੍ਹਾਂ ਤੋਂ ਖੋਹ ਕੇ ਆਪਣੇ ਹੱਥ ਲੈ ਗਏ ਸਨ। ਨਵਾਂ ਜ਼ਮਾਨਾ ਨੇ ਤਾਂ ਆਪਣੇ ਢੰਗ ਨਾਲ ਮੁਖ-ਮੰਤਰੀ ਦੇ ਇਸ ਬਿਆਨ ਦੀ ਪੁਸ਼ਟੀ ਕਰਨੀ ਵੀ ਸ਼ੁਰੂ ਕਰ ਦਿੱਤੀ ਸੀ ਕਿ ਐਕਸ਼ਨ ਕਮੇਟੀ ਵਾਲੇ ਅਸਲ 'ਚ ਨਕਸਲਾਈਟ ਹਨ ਤੇ ਲੋਕਾਂ ਨੂੰ ਉਨ੍ਹਾਂ ਤੋਂ ਬਚਣਾ ਚਾਹੀਦਾ ਹੈ। ਪਰ ਗਿੱਲ ਪੱਤੀ ਜਾਂ ਰੱਲਾ ਵਿਖੇ ਹੋਏ ਜ਼ੁਲਮ ਵਿਰੁਧ ਬੋਲਣ ਲਈ ਉਨ੍ਹਾਂ ਕੋਲ ਸਮਾਂ ਨਹੀਂ ਸੀ।

ਤੀਜੀ ਗੱਲ ਇਹ ਹੈ ਕਿ ਇਸ ਘੋਲ ਦੌਰਾਨ ਇਨਕਲਾਬੀ ਗਰੁਪਾਂ ਤੇ ਉਨ੍ਹਾਂ ਦੀ ਸਮਝ ਅਨੁਸਾਰ ਚਲਣ ਵਾਲੀਆਂ ਜਥੇਬੰਦੀਆਂ ਦਾ ਕੀ ਰੋਲ ਰਿਹਾ ਹੈ। ਇਸ ਵਾਰ ਪੀ. ਐਸ. ਯੂ. ਦੇ ਤਿੰਨ੍ਹਾਂ ਗਰੁਪਾਂ ਨੇ ਪਹਿਲੀ ਵਾਰ ਇਕ ਸਾਂਝਾ ਘੋਲ ਲੜਿਆ ਹੈ। ਇਹ ਇਕ ਸ਼ੁਭ ਸ਼ਗਨ ਹੈ। ਇਹ ਪੰਜਾਬ 'ਚ ਕੰਮ ਕਰ ਰਹੇ ਵੱਖ ਵੱਖ ਇਨਕਲਾਬੀ ਗਰੁਪਾਂ ਦਾ ਆਪਸ 'ਚ ਨੇੜੇ ਹੋਣ ਦਾ ਸੂਚਕ ਵੀ ਹੋ ਸਕਦਾ ਹੈ। ਨਹੀਂ ਤਾਂ ਪਹਿਲਾਂ ਪੀ. ਐਸ. ਯੂ. ਦੇ ਇਹ ਤਿੰਨ ਗਰੁਪ ਇਕ ਦੂਜੇ ਨੂੰ ਭਗੋੜਾ

ਜਾਂ ਗਦਾਰ ਗਰਦਾਨਨ 'ਤੇ ਵੱਧ ਜ਼ੋਰ ਦਿੰਦੇ ਰਹੇ ਹਨ। ਪਰ ਇਥੇ ਇਹ ਗੱਲ ਵੀ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ ਕਿ ਐਕਸ਼ਨ ਕਮੇਟੀ ਵੀ ਇਸ ਘੋਲ 'ਚ ਆਮ ਲੋਕਾਂ ਦੀ ਬਹੁਤੀ ਸ਼ਮੂਲੀਅਤ ਨਹੀਂ ਕਰਵਾ ਸਕੀ। ਇਸ ਘੋਲ ਦੇ ਸਬੰਧ 'ਚ ਪੰਜਾਬ ਦੀ ਜਮਹੂਰੀ ਅਧਿਕਾਰ ਸਭਾ ਦਾ ਕੰਮ ਸਲਾਹੁਣਯੋਗ ਰਿਹਾ ਹੈ। ਇਸ ਸਭਾ ਨੇ ਪੰਜਾਬ 'ਚ ਹੋਏ ਪੁਲਸ ਤਸ਼ੱਦਦ ਦੀਆਂ ਘਟਨਾਵਾਂ ਨੂੰ ਆਮ ਲੋਕਾਂ ਤਕ ਪਹੁੰਚਾਣ ਦੀ ਪੂਰੀ ਕੋਸ਼ਸ਼ ਕੀਤੀ ਹੈ। —**ਕੁਲਵੰਤ ਰੁਮਾਣਾ**

* ਜਿਸ ਤਰ੍ਹਾਂ ਦੀ ਟਿਪਣੀ ਸਰਵਰੀ ਸਾਹਿਬ ਨੇ ਅਪਰੈਲ ਅੰਕ ਵਿਚ ਮੁਲਾਜ਼ਮ ਜਥੇਬੰਦੀਆਂ 'ਤੇ ਕੀਤੀ ਹੈ, ਉਸ ਨੂੰ ਪੜ੍ਹ ਕੇ ਇੰਜ ਲਗਦਾ ਹੈ ਕਿ ਆਮ ਲੋਕ ਜਥੇਬੰਦੀਆਂ ਦੇ ਸਿਰਲੇਖ ਹੇਠ ਸਰਵਰੀ ਸਾਹਿਬ ਨੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਅੰਦਰ ਕੰਮ ਕਰ ਰਹੀ ਇਕ ਸੋਚ ਲੰਬੀ ਸਮਝ ਨਾਲ ਆਪਣੀ ਈਰਖਾ ਦਾ ਰੱਜ ਕੇ ਸਬੂਤ ਦਿਤਾ ਹੈ ਤੇ ਫਾਹੂ ਗੱਲਾਂ ਕੀਤੀਆਂ ਹਨ।

ਸਭ ਤੋਂ ਪਹਿਲੀ ਗੱਲ ਇਹ ਹੈ ਕਿ ਗੌ: ਟੀ: ਯੂ: ਅੰਦਰ ਲੰਬੀ ਸਮਝ ਤੋਂ ਬਿਨਾਂ ਦੋ ਹੋਰ ਗਰੁਪ ਰਾਣਾ ਤੇ ਢਿਲੋਂ ਹਨ, ਜਿਨ੍ਹਾਂ ਦਾ ਸਰਵਰੀ ਸਾਹਿਬ ਨੇ ਅਣਸਰਦੀ ਨੂੰ ਨਾਂ ਲਿਆ ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਲੰਬੀ ਸਮਝ ਜੋ ਕਿ ਪਿਛਲੇ ਕੁਝ ਸਾਲਾਂ ਤੋਂ ਟੀਚਰਾਂ ਵਿਚ ਹਰਮਨ ਪਿਆਰੀ ਹੋ ਰਹੀ ਹੈ ਸਰਵਰੀ ਸਾਹਿਬ ਨੂੰ ਚੁਭ ਰਹੀ ਹੈ। ਸਰਵਰੀ ਸਾਹਿਬ ਮੁਤਾਬਿਕ ਬਠਿੰਡਾ ਜ਼ਿਲ੍ਹੇ ਵਿਚ ਲੰਬੀ ਸੋਚ ਵਾਲਿਆਂ ਦੇ ਕੁਝ ਵਰਕਰ ਹੀ ਹਨ ਅਤੇ ਇਕ ਦੋ ਹੀ ਸਰਗਰਮ ਹਨ। ਇਨ੍ਹਾਂ ਤੋਂ ਪੁਛਿਆ ਜਾ ਸਕਦਾ ਹੈ ਕਿ ਜੇ ਯਸ਼ ਨਾਲ ਇਕ ਦੋ ਬੰਦੇ ਹੀ ਹਨ ਤਾਂ ਉਹ ਇਤਨੇ ਪੁਰਾਣੇ ਗਰੁਪਾਂ ਰਾਣਾ ਤੇ ਢਿਲੋਂ ਦੇ ਉਮੀਦਵਾਰਾਂ ਤੋਂ ਜਿਤ ਕਿਵੇਂ ਗਏ। (ਭਾਵੇਂ **ਰਾਣਾ ਢਿਲੋਂ** ਨੇ ਉਨ੍ਹਾਂ ਨੂੰ ਹਾਰਿਆ ਕਰਾਰ ਦੇ ਦਿਤਾ ਸੀ)

ਜੇ ਬਠਿੰਡਾ ਜ਼ਿਲ੍ਹੇ ਵਿਚ ਲੰਬੀ ਵਾਲਿਆਂ ਦਾ ਕੁਝ ਹੈ ਨਹੀਂ ਤਾਂ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਜਿਹੜਾ ਘੋਲ ਲੜ ਕੇ ਸੀ. ਐਮ. ਓ. ਪਾਸੋਂ ਰਿਸ਼ਵਤ ਦੇ ਲਏ ਪੈਸੇ ਜਥੇਬੰਦਕ ਦਬਾਅ ਨਾਲ ਵਾਪਸ ਕਰਾ ਕੇ ਇਕ ਮਿਸਾਲੀ ਪਿਰਤ ਕਾਇਮ ਕੀਤੀ ਹੈ, ਉਸ ਨੂੰ ਕੀ ਕਹੋਗੇ? ਕੀ ਉਹ ਇਕ ਦੋ ਬੰਦਿਆਂ ਦੇ ਪਾਏ ਦਬਾਅ ਦਾ ਕ੍ਰਿਸ਼ਮਾ ਸੀ ਜਾਂ ਕਿ ਸਮੂਹ ਅਧਿਆਪਕ ਵਰਗ ਦੀ ਸ਼ਮੂਲੀਅਤ ਸੀ—ਇਹ ਸਰਵਰੀ ਸਾਹਿਬ ਹੀ ਸੋਚਣ।

ਸਰਵਰੀ ਸਾਹਿਬ ਨੂੰ ਸ਼ਾਇਦ ਇਹ ਨਹੀਂ ਪਤਾ ਕਿ **ਲੰਬੀ ਸਮਝ** ਇਕ ਟਰੇਡ ਯੂਨੀਅਨ ਜਥੇਬੰਦੀ ਵਿਚ ਕੰਮ ਕਰਦੀ ਹੈ, ਜਦੋਂ ਕਿ **ਚਾਰੂ ਤੇ ਸਤਿਅਨਾਰਾਇਣ** ਗਰੁਪ ਕਿਸੇ ਟਰੇਡ ਯੂਨੀਅਨ ਜਥੇਬੰਦੀ ਅੰਦਰ ਕੰਮ ਨਹੀਂ ਕਰਦੇ, ਸਗੋਂ ਪੁਲੀਟੀਕਲ ਪਾਰਟੀ ਹੈ।

ਜਿਹੜੇ ਅਧਿਆਪਕ ਜੇਲ੍ਹਾਂ ਵਿਚ ਟੈਮਪ੍ਰੇਰੀ ਸਰਵਿਸ ਵਿਚ ਹੁੰਦਿਆਂ ਵੀ ਆਪਣੀ ਨੌਕਰੀ ਦੀ ਪਰਵਾਹ ਨਾ ਕਰਦੇ ਹੋਏ ਜੇਲ੍ਹਾਂ ਵਿਚ ਗਏ, ਕੀ ਉਹ ਮਾਨਸਕ ਤੌਰ 'ਤੇ ਤਿਆਰ ਹੋ ਕੇ ਗਏ ਜਾਂ ਜੇਲ੍ਹਾਂ ਵਿਚ ਜਾਣ ਦੇ ਉਹ ਸ਼ੌਕੀਨ ਸਨ।

ਜਿਹੜੇ ਅਧਿਆਪਕਾਂ ਨੇ ਪਟਿਆਲਾ ਜੇਲ੍ਹ ਦੇ ਸੁਪਰਿੰਨਟੈਂਡੈਂਟ ਦੀ ਹੈਂਕੜ ਦੇ ਖ਼ਿਲਾਫ਼ ਜੇਲ੍ਹ ਵਿਚ ਵੀ ਸੰਘਰਸ਼ ਕੀਤਾ, ਕੀ ਉਹ ਮਾਨਸਿਕ ਤੌਰ 'ਤੇ ਚੇਤਨਤਾ ਨਾਲ ਲੜਦੇ ਸਨ ਜਾਂ ਕਿ ਉਨ੍ਹਾਂ ਨੂੰ ਗੋਲੀਆਂ ਖਾਣ ਦਾ ਚਾਅ ਸੀ। —**ਦਯਾ ਸਿੰਘ, ਮਲਾਂ ਵਾਲਾ ਖਾਸ**



## ਦੋ ਚਿੱਠੀਆਂ

* "ਆਗੇ ਆਗੇ ਦੇਖੀਏ..." : ਮੇਰੀ ਹਾਲਤੇਜ਼ਾਰ ਕੋ ਦੇਖੋ।:ਪੰਜਾਬੀ ਮੇਰੀ ਮਾਦਰੀ ਜ਼ੁਬਾਨ; ਉਸ ਕੇ ਲਿਖਣੇ ਪੜ੍ਹਣੇ ਸੇ ਮਹਿਰੂਮ ਹੂੰ। ਹਿੰਦੀ ਮੇਰੀ ਕੌਮੀ ਜ਼ੁਬਾਨ; ਇਸ ਕੇ ਸਮਝਣੇ ਸੇ ਭੀ ਪਰੇਸ਼ਾਨ। ਇਸ ਸੇ ਬੜੀ ਬਦਨਸੀਬੀ ਕਿਆ ਹੋ ਸਕਤੀ ਹੈ ਕਿ ਮੈਂ ਨਾ ਘਰ ਕਾ, ਨਾ ਘਾਟ ਕਾ।

ਤੁਮ ਨੇ ਲਿਖਾ ਹੈ ਕਿ "ਲਗਤਾ ਹੈ ਤੁਮ **ਸੇਧ** ਕਿਸੀ ਸੇ ਪੜ੍ਹਵਾਣੇ ਦੀ ਕੋਸ਼ਿਸ਼ ਭੀ ਨਹੀਂ ਕਰਤੇ; ਤੁਮ੍ਹੇ **ਸੇਧ** ਪੜ੍ਹਣਾ ਚਾਹੀਏ। ਅਛੀ ਪੰਜਾਬੀ ਜਾਨਨੇ ਵਾਲੇ ਸੇ ਪੜ੍ਹਵਾਣਾ ਚਾਹੀਏ।" ਮੇਰੇ ਘਰ ਕਾ ਹਦੂਦ-ਅਰਬਾ ਯੂੰ ਹੈ। ਸ਼ੁਮਾਲ ਕੀ ਜਾਨਬ—ਚੰਦ ਕੱਚੇ ਮਕਾਨਾਤ, ਜਿਨ ਮੇਂ ਹਰੀਜਨ ਰਹਿਤੇ ਹੈਂ ਜੋ ਪੈਦਾਇਸ਼ੀ ਅਣਪੜ੍ਹ ਹੈਂ। ਜਨੂਬ ਮੇਂ ਜੰਗਲ ਔਰ ਵੈਰਾਨੇ ਸੇ ਗੁਜ਼ਰਤੀ ਹੁਈ ਰੇਲਵੇ ਲਾਈਨ ਹੈ। ਯਹਾਂ ਕੋਈ ਆਬਾਦੀ ਨਹੀਂ। ਮਗ਼ਰਬ ਕੀ ਜਾਨਬ ਸੜਕ ਪਰ ਚੰਦ ਦੁਕਾਨੇ ਹੈਂ ਯਹਾਂ ਬਨੀਏ ਸਾਰਾ ਦਿਨ ਲੂਟ ਮਾਰ ਮੇਂ ਮਸਰੂਫ਼ ਰਹਿਤੇ ਹੈਂ। ਯਿਹ ਸਿਰਫ਼ ਟਾਂਕਰੀ ਜ਼ਬਾਨ ਮੇਂ ਬਹੀ-ਖਾਤੋਂ ਮੇਂ ਗਰੀਬ ਲੋਗੋਂ ਕਾ ਉਦਾਰ ਲਿਖਤੇ ਹੈਂ। ਯਿਹ ਪੈਸੇ ਕੀ ਜ਼ੁਬਾਨ ਜਾਣਤੇ ਹੈਂ, ਇਨਸਾਨ ਕੀ ਨਹੀਂ। ਮਸ਼ਰਕ ਕੀ ਜਾਨਬ ਇਕ ਕੱਚੇ ਮਕਾਨ ਮੇਂ ਡੂਮਨੋਂ ਕਾ ਇਕ ਕੁੰਨਬਾ ਰਹਿਤਾ ਹੈ। ਯਿਹ ਲੋਕ ਸਾਰਾ ਦਿਨ ਯਾ ਤੋਂ ਬਾਂਸ ਕੀ ਟੋਕਰੀਆਂ ਬਣਾਤੇ ਹੈਂ ਯਾ ਫਿਰ ਠੱਰਾ ਪੀ ਕਰ ਆਪਸ ਨੂੰ ਦੰਗਾ ਫਸਾਦ ਕਰਤੇ ਹੈਂ। ਇਨ ਹੀ ਕੀ ਰੌਣਕ ਔਰ ਗਹਿਮਾ-ਗਹਿਮੀ ਸੇ ਮੇਰਾ ਵੈਰਾਨ ਕਦਾ ਆਬਾਦ ਹੈ। ਅਬ ਬਤਾਈਏ ਕਿ **ਸੇਧ** ਕਿਸ ਕੇ ਪਾਸ ਲੇ ਕੇ ਜਾਊਂ। ਇੰਨ ਨਾਸਾਜ਼ਗਾਰ ਹਾਲਾਤ ਦੇ ਬਾਵਜੂਦ ਯਕੀਨ ਕੀਜੀਏ ਕਿ **ਸੇਧ** ਦੇ ਸ਼ੁਮਾਰੇ ਚੰਡੀਗੜ੍ਹ ਲੇ ਜਾ ਕਰ ਯੂਨੀਵਰਸਿਟੀ ਕੇ ਕਿਸੀ ਪ੍ਰੋਫ਼ੈਸਰ ਕੀ ਖਿਦਮਾਤ ਹਾਸਿਲ ਕਰੂੰਗਾ ਜਾਂ ਉਸੇ ਬੀਅਰ ਕਾ ਲਾਲਚ ਦੇ ਕਰ ਯਹਾਂ ਬਲਵਾਊਂਗਾ।

ਤੁਮ ਨੇ **ਸੇਧ** ਪੜ੍ਹ ਕਰ ਗ਼ੌਰੋ ਫ਼ਿਕਰ ਕਰਨੇ ਦੀ ਬਾਤ ਕਰੀ ਹੈ। ਪਨੂੰ ਸਾਹਿਬ, ਪਿਛਲੇ ਪੈਂਤੀਸ ਸਾਲ ਗ਼ੌਰੋ ਫ਼ਿਕਰ ਕਰਤੇ ਕਰਤੇ ਸਰ ਕੇ ਨੱਵੇ ਫੀ ਸਦੀ ਬਾਲ ਸਫੈਦ ਹੋ ਗਏ। ਅਬ ਬਾਕੀ ਬਚੇ ਹੂਏ ਦਸ ਫੀ ਸਦੀ ਇਨਸ਼ਾ-ਅੱਲਾ **ਸੇਧ** ਦੀ ਨਜ਼ਰ ਕਰ ਦੂੰਗਾ।

ਪਾਰਟੀ ਕਿਆ ਥੀ, ਸੁਆਰਥੀ ਲੋਗੋਂ ਨੇ, ਖੁਦਗਰਜ਼ ਨੇਤਾਓਂ ਨੇ ਕਿਆ ਸੇ ਕਿਆ ਕਰ ਦੀਆ—ਇਸ ਬਾਰੇ ਮੇਂ ਜ਼ਰੂਰ ਲਿਖੂੰਗਾ। ਅਭੀ ਤੋਂ ਇਤਨਾ ਕਾਫ਼ੀ ਹੈ—"ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ? ਆਗੇ ਆਗੇ ਦੇਖੀਏ ਹੋਤਾ ਹੈ ਕਿਆ?" —**ਤੁਮ੍ਹਾਰਾ ਸਾਥੀ**

* **ਜਮਹੂਰੀ ਸ਼ੀਸ਼ਾ ਇੰਦਰਾ ਦਾ, ਵਿਚ ਮੂੰਹ ਪੁਲਸੀ ਬਘਿਆੜਾਂ ਦਾ:** ਅਸੀਂ ਚਾਰ ਵਿਦਿਆਰਥੀ ਜਿਨ੍ਹਾਂ 'ਚ ਤਿੰਨ ਪੰਜਾਬ ਸਟੂਡੈਂਟਸ ਯੂਨੀਅਨ (ਜ.ਸ. ਮਾਲੀ) ਅਤੇ ਇਕ ਅਜੈਬ ਗਰੁੱਪ ਦਾ ਸੈਂਟਰਲ ਜੇਲ੍ਹ ਬਠਿੰਡਾ 'ਚ ਬੰਦ ਹਾਂ। ਸਾਡੇ ਉਤੇ ਬੱਸ ਕਿਰਾਇਆ ਘੋਲ ਸਮੇਂ ਬੱਸਾਂ ਰੋਕਣ, ਹਵਾ ਕੱਢਣ, ਦਰਖ਼ਤ ਕੱਟਣ ਅਤੇ ਪੁਲਸ ਅਫਸਰਾਂ ਨੂੰ ਕਤਲ ਕਰਨ ਦੇ ਕੇਸ ਪਾਏ ਗਏ ਹਨ। ਮੇਰੇ ਉੱਤੇ ਇਨ੍ਹਾਂ ਤੋਂ ਇਲਾਵਾ ਪੁਲਸ ਉਕਸਾਉਣ ਦਾ ਕੇਸ (124 ਏ) ਵੀ ਪਾਇਆ ਗਿਆ ਹੈ। ਪਹਿਲਾਂ ਅਸੀਂ ਬਠਿੰਡਾ, ਰੱਲਾ, ਗਿੱਲਪੱਤੀ ਕੇਸ 'ਚ 160 ਦੇ ਲਗਭਗ ਵਿਦਿਆਰਥੀ ਤੇ ਨੌ: ਭਾ: ਸਭਾ (ਸ਼ਾਦ ਮੁਹੰਮਦ ਤੇ ਹਰਦੇਵ ਕੁੱਬੇ) ਦੇ ਵਰਕਰ ਇਸ ਜੇਲ੍ਹ 'ਚ ਸੀ ਪਰ ਬਾਅਦ 'ਚ ਸਾਰਿਆਂ ਦੀਆਂ ਜ਼ਮਾਨਤਾਂ ਲੈ ਲਈਆਂ ਗਈਆਂ, ਪਰ ਸਾਡੀਆਂ ਅਜੇ ਵੀ ਨਹੀਂ ਹੋਈਆਂ।

ਅਸਾਂ ਸਾਰਿਆਂ ਨੇ ਪੇਪਰ ਦੇਣ ਲਈ ਵੀ ਜ਼ਮਾਨਤਾਂ ਦੀ ਅਰਜ਼ੀ ਦਿੱਤੀ ਪਰ ਪੁਲਸ ਦੇ ਸਿੱਧੇ ਦਖ਼ਲ ਕਰਕੇ ਤੇ 107/51 ਦਾ ਕੇਸ ਐਸ.ਡੀ.ਐਮ ਦੇ ਹੋਣ ਕਰਕੇ ਉਨ੍ਹਾਂ ਜ਼ਮਾਨਤਾਂ ਤੋਂ ਕੋਰਾ ਜਵਾਬ ਦੇ ਦਿੱਤਾ। ਸਾਡੇ ਪੇਪਰ ਹੁਣ ਜੇਲ੍ਹ 'ਚੋਂ ਪੁਲਸ ਗਾਰਦ ਲਾ ਕੇ ਹੀ ਲਏ ਜਾ ਰਹੇ ਹਨ।

**ਪੇਪਰ ਇਕ ਵਿਦਿਆਰਥੀ ਦਾ—ਵਖਤ ਸਾਰੇ ਸੈਂਟਰ ਨੂੰ :** ਜਦੋਂ ਮੈਂ ਐਮ.ਏ. (ਪੁ. ਸਾਇੰਸ) ਦੇ ਪੇਪਰ ਦੇਣ ਲਈ 26 ਮਾਰਚ, 2 ਅਪ੍ਰੈਲ ਤੋਂ 6 ਅਪ੍ਰੈਲ ਨੂੰ ਰਜਿੰਦਰਾ ਕਾਲਜ ਬਠਿੰਡਾ ਗਿਆ ਤਾਂ ਸਾਰੇ ਵਿਦਿਆਰਥੀ ਅਤੇ ਸ਼ਹਿਰ ਦੇ ਲੋਕ ਹੈਰਾਨ ਸਨ ਕਿ ਅੱਜ ਰਾਜਿੰਦਰਾ ਕਾਲਜ 'ਚ ਕੀ ਹੋ ਗਿਆ ? ਕਾਲਜ ਦੁਆਲੇ 100 ਪੁਲਸ ਸਿਪਾਹੀ ਚੱਕਰ ਲਾ ਰਹੇ ਸਨ। ਬਾਕੀ 100 ਜਿਨ੍ਹਾਂ ਦੀ ਅਗਵਾਈ ਬਠਿੰਡਾ ਦਾ ਐਸ ਡੀ.ਐਮ, ਐਸ.ਪੀ; ਏ.ਐਸ.ਪੀ., ਰੀਜ਼ਰਵ ਇੰਸਪੈਕਟਰ, ਲਾਈਨ ਅਫ਼ਸਰ, ਐਸ ਐਚ.ਓ. ਕੋਤਵਾਲੀ, ਐਸ.ਐਚ.ਓ. ਸਦਰ ਤੇ ਸਤ ਏ.ਐਸ.ਆਈ. ਕਰ ਰਹੇ ਸਨ, ਮੇਰੇ ਦੁਆਲੇ ਘੇਰਾ ਪਾਈ ਆ ਰਹੇ ਸਨ। ਮੇਰੀ ਉਡੀਕ 'ਚ ਖੜ੍ਹੇ ਕਾਲਜ ਅਤੇ ਆਈ.ਟੀ. ਦੇ ਵਿਦਿ: ਕਾਲਜ ਗੇਟ 'ਤੇ ਖੜ੍ਹੇ ਸਨ। ਪੁਲਸ ਵਲੋਂ ਪਹਿਲਾਂ ਤਾਂ ਮੇਰਾ ਪੇਪਰ ਕਾਲਜ 'ਤੋਂ ਬਾਹਰ ਹੀ ਰੈਸਟ ਹਾਊਸ 'ਚ ਲੈਣ ਲਈ ਸੈਂਟਰ ਸੁਪਰਡੈਂਟ ਨਾਲ ਗੱਲ ਚਲਦੀ ਰਹੀ ਪਰ ਉਸਦੇ ਨਾ ਮੰਨਣ 'ਤੇ ਮੈਨੂੰ ਅੱਧਾ ਘੰਟਾ ਪੇਪਰ ਲੇਟ ਦਿਤਾ ਗਿਆ। ਮਕਸਦ ਇਸ ਦੇ ਪਿੱਛੇ ਇਹ ਸੀ ਕਿ ਵਿਦਿ: ਪੇਪਰ ਵਿਚ ਬੈਠ ਜਾਣ ਤੇ ਰਹਿੰਦੇ ਖਿਡ ਜਾਣ। ਪਰ ਵਿਦਿ: ਖੜ੍ਹੇ ਰਹੇ। ਕਾਲਜ 'ਚ ਵੜਦਿਆਂ ਹੀ ਵਿਦਿ: ਨੇ ਪੁਲਸ ਦੀ ਪ੍ਰਵਾਹ ਕੀਤੇ ਬਗ਼ੈਰ ਮੈਨੂੰ ਘੇਰ ਲਿਆ ਤੇ ਰੈਲੀ 'ਚ ਬੋਲਣ ਲਈ ਕਿਹਾ। ਜਦੋਂ ਮੈਂ ਰੈਲੀ 'ਚ ਬੋਲ ਰਿਹਾ ਸੀ ਤਾਂ ਪੁਲਸ ਨੇ ਮੇਰੇ ਦੁਆਲੇ ਦੋ-ਦੋ ਸਿਪਾਹੀਆਂ ਦੀ ਕਤਾਰ ਬਣਾ ਕੇ ਚੱਕਰ ਬਣਾ ਲਿਆ ਕਿ ਵਿਦਿ: ਕਿਧਰੇ ਮੈਨੂੰ ਉਡਾ ਕੇ ਹੀ ਨਾ ਲੈ ਜਾਣ। ਜਦੋਂ ਮੈਂ ਪੇਪਰ ਦਿੰਦੇ ਸਮੇਂ ਪਿਸ਼ਾਬ ਕਰਨ ਲਈ ਜਾਂਦਾ ਪਹਿਲਾਂ ਬਾਥਰੂਮ ਨੂੰ ਘੇਰਾ ਪਾ ਕੇ ਹੀ ਮੈਨੂੰ ਲੈ ਕੇ ਜਾਂਦੇ। ਕਮਰੇ ਦੁਆਲੇ 50 ਸਿਪਾਹੀ ਬੈਠਾਏ ਗਏ ਤੇ ਤਿੰਨ ਸਿਪਾਹੀ ਮੇਰੇ ਦੁਆਲੇ ਬੈਂਚ 'ਤੇ ਹਥਕੜੀਆਂ ਲਾਈਆਂ ਹੋਣ ਦੇ ਬਾਵਜੂਦ ਬੈਠਾਏ ਗਏ। ਇਹੀ ਕੁਝ ਦੂਜੇ ਦਿਨਾਂ 'ਚ ਵਾਪਰਿਆ।

**ਅਦਾਲਤਾਂ ਦੇ ਕਾਨੂੰਨ ਛਿੱਕੇ ਟੰਗ ਦਿੱਤੇ :** ਹਿੰਦੁਸਤਾਨ ਦੇ ਸੰਵਿਧਾਨ ਦੀ ਵਿਆਖਿਆ ਕਰਨ ਵਾਲੀ ਸਰਬ ਉੱਚ ਅਦਾਲਤ ਦਾ ਇਹ ਕਾਨੂੰਨ ਹੈ ਕਿ "ਕਿਸੇ ਵੀ ਪੋਸਟ ਗਰੈਜੂਏਟ ਵਿਦਿਆਰਥੀ ਦੇ ਪੇਪਰ ਦੇਣ ਸਮੇਂ ਹਥਕੜੀ ਨਹੀਂ ਲਾਈ ਜਾ ਸਕਦੀ।" ਪਰ ਇਥੇ ਕੋਣ ਹੈ ਜੋ ਪ੍ਰਵਾਹ ਕਰਦੈ ? ਉਨ੍ਹਾਂ ਨੇ ਮੇਰੇ ਵਾਰ ਵਾਰ ਕਹਿਣ 'ਤੇ ਕਿ ਮੈਂ ਤਾਂ ਡਬਲ ਐਮ.ਏ. ਹਾਂ, ਮੇਰੀ ਹੱਥਕੜੀ ਖੋਲ੍ਹੀ ਜਾਣੀ ਚਾਹੀਦੀ ਹੈ, ਡੀ.ਐਸ.ਪੀ. ਦਾ ਜਵਾਬ ਸੀ ਕਿ "ਅਸੀਂ ਨਹੀਂ ਖੋਲ੍ਹ ਸਕਦੇ, ਜੇ ਹੱਥਕੜੀ ਖੁਲ੍ਹਵਾਉਣੀ ਸੀ ਤਾਂ ਹਾਈਕੋਰਟ ਤੋਂ ਪਹਿਲਾਂ ਇਜ਼ਾਜ਼ਤ ਲੈਣੀ ਸੀ।" ਹਾਲਾਂ ਕਿ ਗੱਲ ਉਲਟ ਹੈ ਜੇ ਕਿਸੇ ਦੇ ਹੱਥਕੜੀ ਲਾਉਣੀ ਹੋਵੇ ਤਾਂ ਪੁਲਸ ਨੂੰ ਇਜ਼ਾਜ਼ਤ ਲੈਣੀ ਪੈਂਦੀ ਹੈ। ਦੂਜੀ ਵਾਰ ਫੇਰ ਮੇਰੇ ਵਲੋਂ ਵਿਰੋਧ ਕਰਨ 'ਤੇ ਕਿ ਮੈਂ ਇਸ ਤਰ੍ਹਾਂ ਪੇਪਰ ਨਹੀਂ ਦੇਣਾ ਤੇ ਰੈਲੀ 'ਚ ਐਲਾਨ ਕਰ ਦਿਤਾ ਤਾਂ ਫਿਰ ਪੌਣੇ ਘੰਟੇ ਬਾਅਦ ਹਥਕੜੀਆਂ ਖੋਲ੍ਹ ਦਿੱਤੀਆਂ ਗਈਆਂ। ਮੈਂ ਇਸ ਸਾਰੀ ਕਾਰਵਾਈ ਦੀ ਰਿਪੋਰਟ ਅਗਲੇ ਦਿਨ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਜੱਜਾਂ ਦੇ ਨਾਂ ਤਾਰਾਂ ਤੇ ਰਜਿਸਟਰੀਆਂ ਕਰਵਾ ਕੇ ਫੋਟੋ ਸਮੇਤ ਭੇਜ ਦਿੱਤੀ ਪਰ ਹਥਕੜੀਆਂ ਕਿਹੜਾ ਕਿਸੇ ਸਰਮਾਏਦਾਰ ਜਾਂ ਜਗੀਰਦਾਰ ਦੇ ਲੱਗੀਆਂ ਸਨ ਕਿ ਉਹ ਫੌਰੀ ਛਾਪਾ ਮਾਰਨ; ਸਗੋਂ ਇਹ ਤਾਂ ਉਨ੍ਹਾਂ ਦੇ ਖਿਲਾਫ਼ ਜੂਝਣ ਵਾਲੇ "ਖ਼ਤਰਨਾਕ ਦੇਸ਼ ਧਰੋਹੀ" ਅਨਸਰ ਦੇ ਲੱਗੀਆਂ ਸਨ। ਉੱਪਰੋਂ ਜਾਂਚ ਤਾਂ ਕੀ ਕਰਨੀ ਸੀ ਸਗੋਂ 11 ਅਪ੍ਰੈਲ ਨੂੰ ਜੇਲ੍ਹ ਦੇ ਦੌਰੇ 'ਤੇ ਆਏ



ਹਾਈਕੋਰਟ ਦੇ ਜੱਜ ਨੂੰ ਵੀ ਸਾਡੇ ਤੱਕ ਪਹੁੰਚਣ ਨਹੀਂ ਦਿੱਤਾ ਗਿਆ।

**ਪੁਲਸ ਤੇ ਅਦਾਲਤਾਂ ਘਿਉ-ਖਿਚੜੀ :** ਆਖਰ ਸਾਰੇ ਮਸਲੇ ਦੀ ਪੜਤਾਲ ਹੋ ਹੀ ਗਈ ਜਦੋਂ ਮੈਂ ਦੋ ਤਾਰੀਖ਼ ਨੂੰ ਪੇਪਰ ਦੇ ਕੇ ਜੇਲ੍ਹ 'ਚ ਆ ਕੇ ਜੇਲ੍ਹ ਅਧਿਕਾਰੀਆਂ ਵਲੋਂ ਸੈਕੰਡ ਐਡੀਸ਼ਨਲ ਸੈਸ਼ਨ ਜੱਜ ਦਾ ਕੱਢਿਆ ਨੋਟਿਸ ਪੜ੍ਹਿਆ ਕਿ "ਡੀ.ਸੀ. ਵਲੋਂ ਕੇਸ ਦਰਜ ਕਰਵਾਇਆ ਗਿਆ ਸੀ ਕਿ ਸੁਖਦੇਵ ਸਿੰਘ 'ਪਟਵਾਰੀ' ਦੇ ਪੇਪਰ ਜਾਂ ਤਾਂ ਜੇਲ੍ਹ 'ਚ ਲਏ ਜਾਣ ਤੇ ਜਾਂ ਕੈਂਸਲ ਕੀਤੇ ਜਾਣ। ਉਸ ਦੇ ਬਾਹਰ ਆਉਣ 'ਤੇ ਅਮਨ ਕਾਨੂੰਨ ਨੂੰ ਖ਼ਤਰਾ ਹੈ।" ਜੱਜ ਦਾ ਫੈਸਲਾ ਵੀ ਉਸੇ ਦਿਨ ਹੀ ਆ ਗਿਆ ਸੀ ਕਿ "ਜੇ ਮੈਂ ਕਾਲਜ 'ਚ ਕਿਸੇ ਵੀ ਗੱਲ 'ਤੇ ਰੈਲੀ ਕੀਤੀ, ਨਾਹਰਾ ਜਾਂ ਵਿਦਿ: ਨੂੰ ਭੜਕਾਉਣ ਦੀ ਗੱਲ ਕੀਤੀ ਤਾਂ ਪੇਪਰ ਦੇਣ ਦੀ ਮੇਰੀ ਆਜ਼ਾਦੀ ਖੋਹ ਲਈ ਜਾਵੇਗੀ।" ਇਹ ਹਨ ਅਦਾਲਤਾਂ ਜੋ ਵਿਦਿਆ ਦੇ ਬੁਨਿਆਦੀ ਅਧਿਕਾਰ ਦੀ ਰਾਖੀ ਲਈ ਬਣਾਈਆਂ ਗਈਆਂ ਹਨ ! ਪੇਪਰ ਲਈ ਅੱਧਾ ਘੰਟਾ ਲੇਟ ਲੈ ਕੇ ਜਾਣਾ, ਹੱਥਕੜੀ ਲਾ ਕੇ ਪੇਪਰ ਲੈਣਾ ਤੇ ਬੈਂਚ 'ਤੇ ਆਲੇ ਦੁਆਲੇ ਹਥਕੜੀਆਂ ਫੜ ਕੇ ਤਿੰਨ ਤਿੰਨ ਸਿਪਾਹੀ ਬਿਠਾਉਣਾ ਕਾਨੂੰਨ ਦੀ ਭੰਨ ਤੋੜ ਹੈ ਜਾਂ ਇਸ ਦੇ ਖ਼ਿਲਾਫ਼ ਰੈਲੀ ਕਰਨੀ ?

**ਬਠਿੰਡੇ 'ਚ ਧਾਰਾ 107/51 ਹੀ ਐਨ.ਐਸ.ਏ. ਦਾ ਕੰਮ ਕਰਦੀ ਹੈ :** ਸਾਨੂੰ ਲਗ ਭਗ ਤਿੰਨ ਮਹੀਨੇ ਹੋਣ ਵਾਲੇ ਨੇ ਪਰ ਐਸ.ਡੀ.ਐਮ ਬਠਿੰਡਾ ਤੇ ਐਸ.ਡੀ.ਐਮ ਅਮਲਾ ਧਾਰਾ 107/51 ਅਧੀਨ ਹੀ ਜਮਾਨਤਾਂ ਨਹੀਂ ਕਰ ਰਿਹਾ। ਦਸਿਆ ਜਾਂਦਾ ਹੈ ਕਿ ਐਸ.ਐਸ.ਪੀ. ਨਹੀਂ ਮੰਨਦਾ। ਉਹ ਕਹਿੰਦੇ ਕਿ "ਪਹਿਲਾਂ ਇਨ੍ਹਾਂ ਸਾਨੂੰ ਤੰਗ ਕੀਤੈ ਹੁਣ ਸਾਡੀ ਵਾਰੀ ਐ।" ਜਾਪਦਾ ਹੈ ਸਡਾ ਫੈਸਲਾ ਅਦਾਲਤਾਂ ਨੇ ਨਹੀਂ ਸਗੋਂ ਪੁਲਸ ਨੇ ਕਰਨੈ। ਪੁਲੀਸ ਰਾਜ ਦੀ ਇਸ ਤੋਂ ਉੱਘੜਵੀਂ ਤਸਵੀਰ ਹੋਰ ਕੀ ਹੋ ਸਕਦੀ ਹੈ ?

**ਪੁਲਸ ਦੀ ਜ਼ਿੱਦ, ਘਾਣ ਵਿਦਿਆਰਥੀਆਂ ਦਾ :** ਇਹੋ ਜਿਹੀ ਹਾਲਤ 'ਚ ਜਦੋਂ ਚਾਰੇ ਪਾਸੇ ਪੁਲਸ ਹੀ ਹੋਵੇ; ਮੇਰਾ ਤਾਂ ਨੁਕਸਾਨ ਜੋ ਹੋਣਾ ਸੀ ਹੋ ਗਿਆ ਪਰ ਸਾਰੇ ਸੈਂਟਰ ਦਾ ਜੋ ਹਾਲ ਹੋਇਆ ਉਹ ਵੀ ਵਰਨਣਯੋਗ ਹੈ। ਗੜਬੜ ਦਾ ਦੋਸ਼ ਮੇਰੇ 'ਤੇ ਲਾਉਣ ਵਾਲੇ ਪੁਲਸੀਆਂ ਨੇ ਜਿਸ ਸੈਂਟਰ ਨੂੰ ਅੰਦਰੋਂ ਬਾਹਰੋਂ ਘੇਰਿਆ ਹੋਵੇ ਉਥੇ ਵਿਦਿ: ਦੇ ਪੇਪਰ ਕਿਹੋ ਜਿਹੇ ਹੋਣਗੇ ? ਵਿਦਿਅਕ ਆਜ਼ਾਦੀ ਖੋਹਣ ਵਾਲਿਆਂ ਨੂੰ ਮੈਂ ਪੁੱਛਦਾ ਹਾਂ ਕਿ ਹੱਥਕੜੀ ਲੱਗੀ ਹੋਵੇ, ਆਲੇ ਦੁਆਲੇ ਪੁਲਸ ਸਿਪਾਹੀ ਬੈਂਚ 'ਤੇ ਬੈਠੇ ਹੋਣ, ਦਸ ਦਸ ਮਿੰਟਾਂ ਬਾਅਦ ਡੀ.ਐਸ.ਪੀ. ਆ ਕੇ ਪੁਛਦਾ ਹੋਵੇ ਕਿ ਬੈਠਾ ਹੈ ਜਾਂ ਨਹੀਂ ਤੇ ਪੁਲਸ ਦੇ ਸਿਪਾਹੀ ਲਗਾਤਾਰ ਹੱਥ ਲਾ ਲਾ ਕੇ ਕਹਿ ਰਹੇ ਹੋਣ ਕਿ ਬਾਈ ਚੱਲ ਯਾਰ, ਕਿਉਂ ਦੋ ਸੌ ਦਾ ਢਿੱਡ ਨੂੜ ਰਖਿਐ, ਭੁੱਖੇ ਕਿਉਂ ਮਾਰਦੈਂ, ਤਾਂ ਇਹ ਦੱਸਣ ਕਿ ਮੈਨੂੰ ਇਹ ਕੀ ਵਿਦਿਅਕ ਆਜ਼ਾਦੀ ਦਿੱਤੀ ਹੈ ਜੋ ਤੁਸੀਂ ਅਦਾਲਤ 'ਚ ਕੇਸ ਕਰ ਕੇ ਖੋਹਣਾ ਚਾਹੁੰਦੇ ਹੋ ?

ਇਹ ਸਾਰੀ ਸਜ਼ਾ ਕਿਉਂ ? ਦੇਖਣ ਵਾਲੇ ਨੂੰ ਤਾਂ ਲੱਗ ਸਕਦੈ ਕਿ ਵੱਡਾ ਹੀ ਜੁਰਮ ਕੀਤਾ ਹੋਣੈ ? ਹਾਂ ਵੱਡਾ ਸੀ ਕਿਉਂ ਕਿ ਬੱਸਾਂ ਦੇ ਕਿਰਾਏ 'ਚ ਕੀਤੇ ਵਾਧੇ ਦੇ ਖਿਲਾਫ਼ ਲੜਨ ਲਈ ਵਿਦਿ: ਨੂੰ ਪ੍ਰੇਰਿਆ ਸੀ !! ਸਚੀਂ ਇਹ ਇਕ ਸੰਗੀਨ ਜੁਰਮ ਸੀ।

**—ਸੁਖਦੇਵ ਸਿੰਘ 'ਪਟਵਾਰੀ'**
ਸੂਬਾ ਕਮੇਟੀ ਮੈਂਬਰ, ਪੀ.ਐਸ.ਯੂ.

(ਸੈਂਟਰਲ ਜੇਲ੍ਹ ਬਠਿੰਡਾ ਚੋਂ)

---

ਸੋਧ : ਅਪਰੈਲ ਅੰਕ, ਸਫ਼ਾ 29, ਥਲਿਉਂ 13ਵੀਂ ਲਾਈਨ ਇੰਜ ਪੜ੍ਹੀ ਜਾਵੇ : ...ਮਿਠੂ ਨੇ ਤਾਂ ਅਮਰ ਸਿੰਘ ਨੂੰ ਘਾਸੇ ਪਾ ਲਿਆ, ਪਰ ਸੁਲਤਾਨ ਅਕਬਰ ਅਤੇ ਮਿਠੂ ਮੀਆਂ ਨੇ ਅਮਰ ਸਿੰਘ ਨੂੰ ਘਾਸੇ ਕਿਉਂ ਨਾ ਪਾਇਆ ?

## ਫੈਸਲਾ ਤੁਹਾਡੇ ਹੱਥ !

ਸਾਹਿਤ ਸਭਾਵਾਂ, ਲੋਕ-ਲਿਖਾਰੀ ਕੇਂਦਰਾਂ ਅਤੇ ਲੇਖਕਾਂ ਦੀਆਂ ਹੋਰਨਾਂ ਕਈ ਸੰਸਥਾਵਾਂ ਵਲੋਂ ਸੇਧ ਵਿਚ ਛਪਣ ਲਈ, ਹੋਈਆਂ ਸਾਹਿਤਕ ਗੋਸ਼ਟੀਆਂ ਤੇ ਸਾਲਾਨਾ ਸਮਾਗਮਾਂ ਦੀਆਂ ਰੀਪੋਰਟਾਂ ਅਤੇ ਲੇਖਕਾਂ ਨੂੰ ਮਿਲੇ ਪੁਰਸਕਾਰਾਂ ਬਾਰੇ ਪ੍ਰੈਸ ਨੋਟ ਆਦਿ ਹਰ ਮਹੀਨੇ ਸਾਨੂੰ ਆਉਂਦੇ ਰਹਿੰਦੇ ਹਨ । ਜ਼ਾਹਿਰ ਹੈ ਕਿ ਇਹਨਾਂ ਸਭਨਾਂ ਸੰਸਥਾਵਾਂ ਦੀ ਇਹ ਇੱਛਾ ਹੁੰਦੀ ਹੈ ਕਿ ਹੋਈਆਂ ਕਾਰਵਾਈਆਂ ਦੀਆਂ ਇਹ ਰੀਪੋਰਟਾਂ ਉਹਨਾਂ ਦੇ ਮਹਿਬੂਬ ਪਰਚੇ ਸੇਧ ਵਿਚ ਛਪਣ । ਸੇਧ ਦੇ ਪਾਠਕ/ਲੇਖਕ ਹੋਣ ਦੇ ਨਾਤੇ ਉਹਨਾਂ ਦੀ ਇਹ ਇੱਛਾ ਜਾਇਜ਼ ਹੈ । ਪਰੰਤੂ ਸੇਧ ਦੀ ਮਜਬੂਰੀ ਇਹ ਹੈ ਕਿ ਇਹਨਾਂ ਰੀਪੋਰਟਾਂ ਦੇ ਛਾਪਣ ਲਈ ਥਾਂ ਨਹੀਂ ਬਚਦੀ । ਸੇਧ ਮੁਖ ਤੌਰ 'ਤੇ ਸਿਧਾਂਤਕ, ਸਭਿਆ-ਚਾਰਕ, ਸਾਹਿਤਕ, ਸਮਾਜਕ ਅਤੇ ਮਨੁਖੀ ਮਸਲਿਆਂ ਨੂੰ ਮੁਖਾਤਿਬ ਹੁੰਦਾ ਹੈ (ਸੇਧ ਦੀ ਇਹੀ ਕੋਸ਼ਿਸ਼ ਹੁੰਦੀ ਹੈ) ਅਤੇ ਮਸਲੇ ਹਨ ਕਿ ਮੁਕਦੇ ਹੀ ਨਹੀਂ । ਮੁਕ ਸਕਦੇ ਵੀ ਨਹੀਂ । ਇਹ ਜ਼ਿੰਦਗੀ ਹੈ । ਜ਼ਿੰਦਗੀ ਨਿਤ ਨਵੇਂ ਮਸਲੇ ਉਭਾਰ ਕੇ ਮਨੁੱਖ ਸਾਹਮਣੇ ਲਿਆ ਖੜੇ ਕਰਦੀ ਹੈ । ਮਨੁਖ ਨੂੰ ਉਹਨਾਂ ਨਾਲ ਦਸਤਪੰਜਾ ਲੈਣਾ ਪੈਂਦਾ ਹੈ ।

ਫੈਸਲਾ, ਭਰਾਵੋ, ਅਸੀਂ ਤੁਹਾਡੇ ਹੱਥ ਦੇਂਦੇ ਹਾਂ । ਇਸਰਾਰ ਕਰੋਗੇ ਤਾਂ ਸੇਧ ਦੇ 5-10 ਸਫ਼ੇ ਅਸੀਂ ਇਹਨਾਂ ਰੀਪੋਰਟਾਂ ਆਦਿ ਨੂੰ ਦੇ ਦੇਵਾਂਗੇ । ਪਰ ਸਾਡੀ ਰਾਏ ਹੈ ਕਿ ਇੰਜ ਕਰਨਾ ਠੀਕ ਨਹੀਂ ਹੋਵੇਗਾ । ਨਿੱਗਰ ਮੈਟਰ ਦੇ ਸਫ਼ੇ ਘਟ ਜਾਣਗੇ । ਵਿਚਾਰਾਂ ਪਖੋਂ ਅਤੇ ਵਿਚਾਰ ਵਟਾਂਦਰੇ ਪਖੋਂ ਸਾਡਾ, ਤੁਹਾਡਾ, ਸਭ ਦਾ ਨੁਕਸਾਨ ਹੋਵੇਗਾ । ਉਹ ਪਾਸਾ ਤਾਂ ਅਗੇ ਹੀ ਬਹੁਤ ਊਣਾ ਹੈ । ਪਹਾੜ ਜਿਡੇ ਮਸਲੇ ਸਾਹਮਣੇ ਹਨ । ਹਰ ਮਸਲੇ ਦੇ ਨਿਖਾਰ ਦੇ ਕੰਮ ਵਿਚ ਤੁਸਾਂ ਆਪਣਾ ਯੋਗਦਾਨ ਪਾਉਣਾ ਹੈ । ਹਰ ਸਮਸਿਆ ਨਾਲ ਜੂਝਣਾ ਹੈ; ਹਰ ਮਸਲੇ ਬਾਰੇ ਆਪਣੇ ਵਿਚਾਰ ਦੂਜਿਆਂ ਨਾਲ ਸਾਂਝੇ ਕਰਨੇ ਹਨ । ਉਸਾਰੀ ਦਾ ਰਾਹ ਵੀ ਇਹੋ ਹੀ ਹੈ ।

ਸੁ, ਇਸ ਲਈ, ਭਰਾਵੋ, ਸਮਾਗਮਾਂ ਦੀਆਂ ਰੀਪੋਰਟਾਂ ਆਦਿ ਸੇਧ ਵਿਚ ਛਪਵਾਉਣ 'ਤੇ ਜ਼ੋਰ ਦੇਣ ਨਾਲੋਂ, (ਇਹ ਉਂਜ ਵੀ ਬਹੁਤ ਸਾਰੇ ਹੋਰਨਾਂ ਸਾਹਿਤਕ ਪਰਚਿਆਂ / ਅਖ਼ਬਾਰਾਂ ਵਿਚ ਛਪ ਹੀ ਜਾਂਦੀਆਂ ਹਨ) ਵਧੇਰੇ ਸਹੀ ਅਤੇ ਸਾਰਥਕ ਇਹ ਹੋਵੇਗਾ ਕਿ ਤੁਸੀਂ ਵਖ ਵਖ ਮਸਲਿਆਂ 'ਤੇ ਚਲ ਰਹੇ ਅਤੇ ਅਗਾਂਹ ਨੂੰ ਚਲਣ ਵਾਲੇ ਵਿਚਾਰ-ਵਟਾਂਦਰੇ ਵਿਚ ਖੁਲ੍ਹ ਕੇ ਹਿੱਸਾ ਪਾਉ । ਸੇਧ ਦੇ ਸਫ਼ੇ ਤੁਹਾਡੇ ਵਿਚਾਰਾਂ ਲਈ ਹੀ ਹਨ । ਇਹਨਾਂ ਸਫ਼ਿਆਂ ਨੂੰ ਸਾਹਿਤਕਾਰੀ ਨਾਲ ਸਬੰਧਤ ਖ਼ਬਰਾਂ, ਰਿਪੋਰਟਾਂ ਜਾਂ ਐਲਾਨ-ਨਾਮਿਆਂ ਦੇ ਛਪਵਾਉਣ ਲਈ ਨਾ ਵਰਤੋ ।



ਅਸਾਂ ਤੁਸਾਂ, ਸਭ ਲਈ ਇਹ ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਪਜਾਬ ਦੇ ਬਹੁਤ ਸਾਰੇ ਕਸਬਿਆਂ ਅਤੇ ਪਿੰਡਾਂ ਵਿਚ ਸਾਹਿਤ ਸਭਾਵਾਂ / ਕੇਂਦਰ ਆਦਿ ਸਥਾਪਿਤ ਹੋ ਚੁਕੇ ਹਨ । ਇਹਨਾਂ ਦੀ ਗਿਣਤੀ ਕੁਝ ਸੈਂਕੜੇ ਹੈ । ਇਹਨਾਂ ਸਭਾਵਾਂ / ਕੇਂਦਰਾਂ ਦੇ ਮੈਂਬਰ ਸੇਧ ਪੜ੍ਹਣ ਵਿਚ ਅਤੇ ਉਠ ਰਹੇ ਮਸਲਿਆਂ ਬਾਰੇ ਆਪਣੀਆਂ ਮੀਟਿੰਗਾਂ ਵਿਚ ਵਿਚਾਰ-ਵਟਾਂਦਰਾ ਕਰਨ ਵਿਚ ਦਿਲਚਸਪੀ ਰਖਦੇ ਹਨ । ਇਹ ਵਿਚਾਰ-ਵਟਾਂਦਰਾ ਕਈ ਥਾਈਂ ਬਾਕਾਇਦਗੀ ਨਾਲ ਕੀਤਾ ਵੀ ਜਾ ਰਿਹਾ ਹੈ । ਕੁਝ ਸਭਾਵਾਂ / ਕੇਂਦਰਾਂ ਵਲੋਂ ਸਾਨੂੰ ਲਿਖਿਆ ਗਿਆ ਹੈ ਕਿ ਉਹਨਾਂ ਦੇ ਮੈਂਬਰਾਂ ਲਈ ਮਾਇਕ ਔਕੜਾਂ ਅਤੇ ਨਿਤ-ਵਧਦੀ ਮਹਿੰਗਾਈ ਕਾਰਨ ਸੇਧ ਦਾ 20 ਰੁਪੈ ਚੰਦਾ ਦੇਣਾ ਮੁਸ਼ਕਲ ਹੋ ਜਾਂਦਾ ਹੈ, ਪਰ ਉਹ ਸੇਧ ਪੜ੍ਹਨਾ ਅਤੇ ਵਿਚਾਰਨਾ ਜ਼ਰੂਰ ਚਾਹੁੰਦੇ ਹਨ ।

ਸੋਚ ਵਿਚਾਰ ਕਰ ਕੇ ਇਸ ਸਮਸਿਆ ਦਾ ਹਲ ਅਸੀਂ ਇਹੀ ਕਢ ਸਕੇ ਹਾਂ : ਕਿਸੇ ਸਾਹਿਤ ਸਭਾ / ਕੇਂਦਰ ਦੇ ਜੇ ਦਸ ਮੈਂਬਰ 15-15 ਰੁਪੈ ਪਾ ਕੇ ਸਾਨੂੰ 150 ਰੁਪੈ ਯਕਮੁਸ਼ਤ ਭੇਜ ਦੇਣ ਅਤੇ ਜਾਂ 20 ਮੈਂਬਰ ਸਾਢੇ ਬਾਰਾਂ ਬਾਰਾਂ ਪਾ ਕੇ 250 ਰੁਪੈ ਇਕਠੇ ਸਾਨੂੰ ਭੇਜ ਦੇਣ ਤਾਂ ਅਸੀਂ ਉਹਨਾਂ ਨੂੰ ਹਰ ਮਹੀਨੇ, ਸਾਲ ਭਰ, 10/20 ਸੇਧ ਦੇ ਪਰਚੇ, ਇਕਠੇ ਪੈਕਟ ਦੀ ਸ਼ਕਲ ਵਿਚ ਭੇਜਦੇ ਰਵ੍ਹਾਂਗੇ । ਦਸਾਂ ਮੈਂਬਰਾਂ ਨੂੰ ਪਰਚਾ ਸਵਾ ਸਵਾ ਰੁਪੈ ਵਿਚ ਪਵੇਗਾ ਅਤੇ ਵੀਹਾਂ ਨੂੰ ਕੇਵਲ ਇਕ ਇਕ ਰੁਪੈ ਵਿਚ ਹੀ । ਭਰਾਵੋ, ਅਸੀਂ ਕਿਹੜਾ ਧੰਦਾ ਕਰ ਰਹੇ ਹਾਂ । ਰਲ ਮਿਲ ਕੇ ਸੇਧ ਦਾ ਪਿੜ ਬਣਾਈ ਰਖੀਏ, ਇਹੀ ਆਪਣਾ ਸਭ ਦਾ ਜਤਨ ਹੋਣਾ ਚਾਹੀਦਾ ਹੈ ।

—ਪਨੂੰ

---

Send subscriptions & donations to :

* HARJIT DAUDHARIA
12, SPRING DALE, EARLEY
READING, BERKS,
ENGLAND

* Mr. G.S. TIWANA
APT. No. 1201
60, STEVENSON Rd.
REXDALE (ONT)
CANADA

Price : Rs. 2.00 per copy

Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)

---

### ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ **ਗੁਰਬਾਣੀ ਦਾ ਸੱਚ** (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ । ਡਾਕ ਖ਼ਰਚ ਸਾਡਾ ਹੋਵੇਗਾ ।

—ਅਦਾਰਾ ਸੇਧ

---

ਸਿੱਖ ਲਹਿਰ

ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ । ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ
ਇਸ ਪੁਸਤਕ ਲਈ ਸੇਧ ਨੂੰ ਲਿਖੋ ।

# ਮੁੰਡੇ ਵਾਲੇ ਜ਼ਰਾ ਸੋਚਣ...

“ਜੋ ਲੋਕ ਧੀਆਂ ਦੇ ਵਿਆਹ ਦੀਆਂ ਮੁਸ਼ਕਲਾਂ ਨੂੰ ਭੰਗ ਚੁਕੇ ਹੁੰਦੇ ਹਨ, ਉਹੀ ਆਪਣੇ ਪੁੱਤਰਾਂ ਦੇ ਵਿਆਹ ਵੇਲੇ ਬਿਲਕੁੱਲ ਭੁੱਲ ਜਾਂਦੇ ਹਨ, ਕਿ ਸਾਨੂੰ ਕਿੰਨੀਆਂ ਠੋਕਰਾਂ ਖਾਣੀਆਂ ਪਈਆਂ ਸਨ, ਜ਼ਰਾ ਵੀ ਹਮਦਰਦੀ ਨਹੀਂ ਜ਼ਾਹਿਰ ਕਰਦੇ, ਸਗੋਂ ਕੁੜੀ ਦੇ ਵਿਆਹ ਤੇ ਜਿਹੜਾ ਤਾਵਾਨ ਉਠਾਇਆ ਸੀ ਉਹ ਮੁੰਡੇ ਦੇ ਵਿਆਹ ਵਿੱਚ ਮਿਸ਼ਰਤ ਵਿਆਜ ਸਮੇਤ ਵਸੂਲਣ ਤੇ ਲੱਕ ਬੰਨ੍ਹ ਲੈਂਦੇ ਹਨ। ਕਿੰਨੇ ਹੀ ਮਾਪੇ ਇਸੇ ਚਿੰਤਾ ਵਿੱਚ ਘੁਲ-ਘੁਲ ਕੇ ਅਕਾਲ ਚਲਾਣਾ ਕਰ ਜਾਂਦੇ ਹਨ। ਕੋਈ ਸੰਨਿਆਸ ਲੈਂਦਾ ਹੈ, ਤੇ ਕੋਈ ਕੁੜੀ ਨੂੰ ਬੁੱਢੇ ਦੇ ਗੱਲ ਮੜ੍ਹਕੇ ਆਪਣੇ ਗਲੋਂ ਫਾਹ ਲਾਉਂਦਾ ਹੈ, ਪਾਤਰ-ਕੁਪਾਤਰ ਦੇ ਬਾਰੇ ਵਿਚਾਰ ਕਰਨ ਦਾ ਮੌਕਾ ਕਿਥੇ, ਚੱਲ ਸੋ ਚੱਲ ਹੈ।”

—ਪ੍ਰੇਮ ਚੰਦ ('ਉੱਦਹਾਰ' ਕਹਾਣੀ ਵਿਚੋਂ)

**...ਕੀ ਇਹ ਸਭ ਅਜ ਵੀ ਸੱਚ ਨਹੀਂ, ਸਗੋਂ ਦਾਜ ਦੀ ਇਹ ਕੁਰੀਤੀ ਹੋਰ ਵੀ ਦੁਖਦਾਇਕ ਰੂਪ ਧਾਰਨ ਨਹੀਂ ਕਰ ਗਈ?**



davp 80/407





Hindustan Fertilizer Corporation—a Rs. 500 crore dedication to the farmers,—geared to produce more than one million tonnes of fertilizer annually in the form of Ammonium Sulphate, Urea and complex fertilizers. Hindustan Fertilizer Corporation came into existence in April 1978.

The Corporation has three Units at Namrup (Assam), Durgapur (West Bengal) and Barauni (Bihar). Besides, a project at Haldia (West Bengal) is in an advanced stage of completion. On completion of the Haldia project HFC will also be producing Methanol and Soda Ash, two important basic chemicals for the industry.




HINDUSTAN FERTILIZER CORPORATION LIMITED

Madhuban, 55, Nehru Place, New Delhi-110019

naa. HFC-801

# ਆਪਦੀ ਖੇਤੀ ਨੂੰ ਠੀਕ ਵਕਤ ਤੇ ਖਾਦ ਦੀ ਲੋੜ ਹੈ

## FCI ਤੋਂ ਸਲਾਹ ਲਉ



ਜਦ ਤੁਸੀਂ FCI ਦੀ ਖ਼ਾਦ ਖਰੀਦਦੇ ਹੋ ਤਾਂ FCI ਤੁਹਾਨੂੰ ਚੰਗੀ ਫਸਲ ਉਗਾਣ ਵਿੱਚ ਮਦਦਗਾਰ ਹੁੰਦੀ ਹੈ।
ਕਿਉਂਕਿ FCI ਜਾਣਦੀ ਹੈ ਕਿ

- ਕਿਸਾਨ ਨੂੰ ਖਾਦ ਦੀ ਯੋਗ ਵਰਤੋਂ ਦੀ ਜਾਣਕਾਰੀ ਦੀ ਲੋੜ ਹੈ।
- ਹਰ ਇਕ ਕਿਸਾਨ ਦੀ ਫਸਲ ਤੇ ਭੂਮੀ ਨੂੰ ਵਖ ਵਖ ਕਿਸਮ ਦੀ ਖਾਦ ਦੀ ਲੋੜ ਹੈ।
- ਠੀਕ ਵਕਤ ਤੇ ਖਾਦ ਦੀ ਵਰਤੋਂ ਭਰਪੂਰ ਫਸਲ ਵਿੱਚ ਸਹਾਇਤਾ ਦੇਂਦੀ ਹੈ।

ਖਾਦ ਵਰਤੋਂ ਦੀ ਪਰਦਰਸ਼ਨੀ ਅਥਵਾ ਵਾਹੀ ਦੇ ਦਿਨਾਂ ਵਿੱਚ ਅਤੇ ਕਿਸਾਨ ਮੇਲਿਆਂ ਰਾਹੀਂ FCI ਕਿਸਾਨਾਂ ਨੂੰ ਅਮਲੀ ਰੂਪ ਵਿੱਚ ਖਾਦ-ਵਰਤੋਂ ਦੀ ਜਾਣਕਾਰੀ ਕਰਾਂਦੀ ਹੈ।

ਸੌਖਾ ਤੇ ਸਾਦਾ ਤਕਨੀਕੀ ਸਾਹਿਤ ਕਿਸਾਨਾਂ ਨੂੰ ਯੋਗ ਸਮੇਂ ਤੇ ਠੀਕ ਮਿਕਦਾਰ ਵਿੱਚ ਖਾਦ ਦੀ ਵਰਤੋਂ ਬਾਰੇ ਜਾਣਕਾਰੀ ਦੇਵੇਗਾ।

### ਕੇਵਲ ਇਹ ਹੀ ਨਹੀਂ

FCI ਚਲਦੇ ਫਿਰਦੇ ਮਿੱਟੀ ਟੈਸਟ ਪ੍ਰਯੋਗ-ਸ਼ਾਲਾ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਵਿੱਚ ਹੀ ਮੁਫਤ ਮਿੱਟੀ ਟੈਸਟ ਕਰਨ ਦੀ ਸੇਵਾ ਦੇਂਦਾ ਹੈ।

ਹਰ ਪ੍ਰਕਾਰ ਦੀ ਸਹਾਇਤਾ ਤੇ ਅਗਵਾਈ ਲਈ ਆਪਣੇ ਇਲਾਕੇ ਦੇ ਖੇਤੀ-ਬਾੜੀ ਦੇ ਸਲਾਹਕਾਰ ਅਥਵਾ ਹੇਠ ਲਿਖੇ ਪਤੇ ਤੇ ਲਿਖੋ :

ਦੀ ਰਿਜਨਲ ਚੀਫ ਐਗਰੋਨਾਮਿਸਟ
ਫਰਟੇਲਾਈਜ਼ਰ ਕਾਰਪੋਰੇਸ਼ਨ ਆਫ ਇੰਡੀਆ ਲਿ॰
ਗੋਰਖਪੁਰ ਯੂਨਿਟ, ਗੋਰਖਪੁਰ (ਯੂ.ਪੀ.)

FCI ਫਰਟੇਲਾਈਜ਼ਰ ਕਾਰਪੋਰੇਸ਼ਨ ਆਫ ਇੰਡੀਆ ਲਿ॰
55-ਨਹਿਰੂ ਪਲੇਸ, ਨਵੀਂ ਦਿੱਲੀ-110019



# ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਚੇ ਦਾ ਸੁਨਹਿਰਾ ਭਵਿੱਖ । ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ । ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ । ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ । ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ । ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ ।

ASP/PSB/202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਇਕ ਅਦਾਰਾ)

S E D H May, 1981
Registered with the Registrar of Newspapers for India—Registration No 23895/72 Regd. No. D (SE) 001

